PUNJAB VIDHAN SABHA

DEBATES

Monday, the 16th March, 2015

Vol. X– No. 2

OFFICIAL REPORT

CONTENTS

	Page
Starred Questions and Answers	(2) 1
Walk out	(2) 6
Starred Questions and Answers *(Resumption)*	(2) 6
Written Answers to Starred Questions laid on the table of the House under Rule 38	(2) 38
Unstarred Questions and Answers	(2) 40
Announcement by the Hon'ble Speaker reg:	(2) 53
(i) Panel of Chairmen	(2) 53
(ii) Laying of Governor's Address on the Table of the House	(2) 54
Announcement by the Secretary	(2) 117
Matters raised during Zero hour	(2) 118
Calling Attention Notices under rule 66	(2) 126
Ruling given by the Hon'ble Speaker reg. Transacting Business of the House in Punjabi	(2) 130
Calling Attention Notices under rule 66 *(Resumption)*	(2) 131
Motion of Thanks Expressing Gratitude to the President of India for conferring "Padam Vibhushan" the most prestigious award of the country upon Sardar Parkash Singh Badal, Chief Minister, Punjab	(2) 139

Punjab Vidhan Sabha Secretariat, Chandigarh

Price : Rs._____.

Presentation of the First Report of the Business Advisory Committee	(2) 142
Presentation of Interim Report of the Committee of Privilege	(2) 145
Papers laid on the Table of the House	(2) 145
Motion of Thanks and Discussion on Governor's Address	(2) 146
Announcement by the Speaker	(2) 164
Motion of Thanks and Discussion on Governor's Address *(Resumption)*	(2) 165

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਣ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ

9) ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ
10) ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
11) ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ
12) ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
13) ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
14) ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15) ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਜਾਈ ਮੰਤਰੀ
17) ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
18) ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ. ਤੇ ਮ.)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਸਿੰਚਾਈ
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ

15) ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16) ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17) ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18) ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19) ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Monday, the 16th March, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1799*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਅਤੇ ਮਹੱਤਵਪੂਰਨ ਕੁਐਸਚਨ ਹੈ।

ਮਾਨਯੋਗ ਸਪੀਕਰ : ਬੀਬੀ ਜੀ, ਮੈਂ ਉਨ੍ਹਾਂ ਨੂੰ ਕਹਿ ਦਿੱਤਾ ਹੈ, ਇਸ ਸਵਾਲ ਦਾ ਜਵਾਬ ਇੱਕ ਹਫ਼ਤੇ ਦੇ ਅੰਦਰ ਅੰਦਰ ਆਵੇਗਾ। ਇਸੇ ਸੈਸ਼ਨ ਦੇ ਵਿੱਚ ਹੀ ਜਵਾਬ ਆ ਜਾਵੇਗਾ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਇਹ ਐਸ਼ਿਓਰ ਕਰ ਦਿਉ।

ਮਾਨਯੋਗ ਸਪੀਕਰ : ਮੈਂ ਉਨ੍ਹਾਂ ਨੂੰ 20 ਤਰੀਕ ਤੱਕ ਐਕਸਟੈਨਸ਼ਨ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1759**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਬਹੁਤ ਹੀ ਇੰਪਾਰਟੈਂਟ ਸਵਾਲ ਹੈ।

---

*For Starred Question No. 1799 and reply thereto, please see Debates dated 25.3.2015.

**For Starred Question No. 1759 and reply thereto, please see Debates dated 24.3.2015.

ਮਾਨਯੋਗ ਸਪੀਕਰ: ਇਸ ਸਵਾਲ ਦੀ ਮੈਂ ਇੱਕ ਹਫ਼ਤੇ ਦੀ ਐਕਸਟੈਨਸ਼ਨ ਦਿੱਤੀ ਹੈ।

ਸ਼੍ਰੀ ਸੁਨੀਲ ਜਾਖੜ : ਨਹੀਂ ਸਰ, ਇੱਕ ਸੈਕਿੰਡ ਜੀ, just bear with me. ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਕਿ ਇਹੀ ਸਵਾਲ 18 ਦਸੰਬਰ, 2012 ਨੂੰ ਵੀ ਲੱਗਿਆ ਸੀ ਜੋ ਕਿ ਸ਼੍ਰੀ ਤਰਲੋਚਨ ਸਿੰਘ ਜੀ ਵੱਲੋਂ ਲਗਾਇਆ ਗਿਆ ਸੀ। ਉਦੋਂ ਵੀ ਇਸ ਕਿਸਮ ਦੇ ਹੀ ਬਿਆਨ ਸਨ, ਕਲੀਅਰ ਬਿਆਨ ਨਹੀਂ ਸੀ ਆਏ।

ਮਾਨਯੋਗ ਸਪੀਕਰ : ਤੁਸੀਂ ਮੇਰੀ ਬੇਨਤੀ ਸੁਣ ਲਵੋ। ਦਰਅਸਲ ਇਹ ਕੁਐਸਚਨ ਪਹਿਲਾਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਆਇਆ ਸੀ, ਫਿਰ ਤੁਸੀਂ ਆਪ ਨਾਲ ਕੁਐਸਚਨ ਦੇ ਦਿੱਤਾ। ਉਹ ਦੋਨੋਂ ਪ੍ਰਸ਼ਨ ਅਸੀਂ ਕਲੱਬ ਕਰ ਦਿੱਤੇ। ਅਨਫਾਰਚੂਨੇਟਲੀ ਜਿਹੜਾ ਤੁਹਾਡੇ ਵਲੋਂ ਗਿਆ, ਉਹ ਲੇਟ ਗਿਆ। ਇਹ ਕਲੱਬ ਕਰਨ ਨਾਲ ਲੇਟ ਹੋਇਆ ਹੈ, ਅਦਰਵਾਈਜ਼ ਇਸ ਵਿੱਚ ਲੇਟ ਜਵਾਬ ਨਹੀਂ ਆਇਆ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਾਡਾ ਸਵਾਲ ਤਾਂ ਆ ਗਿਆ ਹੈ। ਮੰਤਰੀ ਜੀ ਵੀ ਬੈਠੇ ਹਨ। ਆਹ ਬੰਡਲ ਮੇਰੇ ਕੋਲ ਮੇਜ਼ ਤੇ ਪਿਆ ਹੈ (ਦਿਖਾਉਂਦੇ ਹੋਏ)। ਇਸ ਦੇ ਨਾਲ ਅੱਠ ਬੰਡਲ ਮੇਰੇ ਕੋਲ ਆਫਿਸ ਵਿੱਚ ਪਏ ਹਨ, ਮੈਂ ਲੈ ਕੇ ਆਇਆ ਸੀ। ਜੇ ਕਹੋ ਤਾਂ ਤੁਹਾਡੇ ਆਫਿਸ ਵਿੱਚ ਭਿਜਵਾ ਦਿੰਦੇ ਹਾਂ ਜਾਂ ਪ੍ਰੈੱਸ ਵਾਲਿਆਂ ਨੂੰ ਲਿਆ ਕੇ ਦਿਖਾ ਦਿੰਦੇ ਹਾਂ। ਸ਼੍ਰੀ ਤਰਲੋਚਨ ਸਿੰਘ ਜੀ ਦਾ 18 ਦਸੰਬਰ, 2012 ਨੂੰ ਇਹੀ ਸਵਾਲ ਲੱਗਿਆ ਸੀ।(ਵਿਘਨ) ਸਪੀਕਰ ਸਾਹਿਬ, ਪਲੀਜ਼, ਇਹ ਬਹੁਤ ਹੀ ਇੰਪਾਰਟੈਂਟ ਮਸਲਾ ਹੈ। ਅਸੀਂ ਉਨ੍ਹਾਂ ਨੂੰ ਕਿਹਾ ਸੀ ....

ਮਾਨਯੋਗ ਸਪੀਕਰ : ਤੁਸੀਂ ਮਨਿਓਰਟੀਜ਼ ਲਫਜ਼ ਨਾਲ ਲਗਾਇਆ ਹੈ ਜਿਸ ਕਾਰਨ ਜਵਾਬ ਲੇਟ ਹੋਇਆ ਹੈ। ਮਨਿਓਰਟੀਜ਼ ਲਫਜ਼ ਦੀ ਐਡੀਸ਼ਨ ਕਰਨ ਨਾਲ ਅਜਿਹਾ ਹੋਇਆ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਮਨਿਓਰਟੀਜ਼ ਲਫਜ਼ ਦਾ ਜਵਾਬ ਛੱਡ ਦਿਉ। ਸਿਰਫ ਐਸ.ਸੀ. ਤੇ ਆ ਜਾਉ। ਐਸ.ਸੀਜ਼ ਬਾਰੇ ਜਵਾਬ ਦਿਵਾ ਦਿਉ।

ਮਾਨਯੋਗ ਸਪੀਕਰ: ਜਦੋਂ ਹੁਣ ਇਹ ਕਲੱਬ ਕੀਤਾ ਗਿਆ ਹੈ ਤਾਂ ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੀ ਚੇਅਰ ਦੀ ਕਦਰ ਕਰਦੇ ਹੋਏ ਅਤੇ ਡਿਪਟੀ ਸੀ.ਐਮ. ਸਾਹਿਬ ਦੀ ਪੁਜੀਸ਼ਨ ਦੀ ਕਦਰ ਕਰਦੇ ਹੋਏ ਕਹਿੰਦਾ ਹਾਂ ਕਿ ਤੁਹਾਡੇ ਦੋਵਾਂ ਦੇ ਖਿਲਾਫ ਪ੍ਰਿਵਿਲੇਜ ਮੋਸ਼ਨ ਬਣਦਾ ਹੈ। I do not know whether it is permissible against the Chair or not. ਤੁਸੀਂ ਉਦੋਂ ਕਿਹਾ ਸੀ ਕਿ ਦੋ ਦਿਨਾਂ ਵਿੱਚ ਇਸ ਦਾ ਜਵਾਬ ਆ ਜਾਵੇਗਾ,ਇਸ ਬਾਰੇ ਆਨ ਦਿ ਫਲੋਰ ਆਫ ਦਿ ਹਾਊਸ ਲਿਖ ਕੇ ਦੇ ਦਿਉ। ਤਿੰਨ ਵਾਰੀ ਡਿਪਟੀ ਸੀ.ਐਮ. ਸਾਹਿਬ ਨੇ ਮੈਨੂੰ ਕਿਹਾ ਸੀ, ਇਨ੍ਹਾਂ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਜਾਖੜ ਸਾਹਿਬ ਜੋਸ਼ ਵਿਚ ਨਾ ਆਓ, ਮੈਨੂੰ ਲਿਖ ਕੇ ਦੇ ਦਿਉ। ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਜਵਾਬ ਪੜ੍ਹੰ ਦਿੰਦਾ ਹਾਂ, what he had said is that, "we are ready to answer. You tell us what exactly you want. ਤੁਸੀਂ tension ਵਿੱਚ ਨਾ ਜਾਉ। ਸਾਨੂੰ ਪਹਿਲਾਂ ਪਤਾ ਲੱਗ ਜਾਵੇ ਕਿ ਤੁਸੀਂ ਕੁਐਸਚਨ ਕੀ ਪੁੱਛਣਾ ਹੈ। ਤੁਸੀਂ ਲਿਖ ਕੇ ਦੇ ਦਿਉ, ਅਸੀਂ ਤੁਹਾਨੂੰ ਜਵਾਬ ਦੇ ਦਿਆਂਗੇ, ਤੁਹਾਨੂੰ ਟੈਨਸ਼ਨ ਲੈਣ ਦੀ ਜ਼ਰੂਰਤ ਨਹੀਂ।" ਸੌਰੀ, ਮੈਂ ਟੈਨਸ਼ਨ ਲਈ ਬੈਠਾ ਹਾਂ ਕਿਉਂਕਿ ਇੰਨੇ ਸਾਰੇ ਬੱਚਿਆਂ ਦਾ ਸਵਾਲ ਹੈ। ਫੇਰ ਮੁੜ ਕੇ ਕਹਿੰਦੇ ਹਨ (ਵਿਘਨ) ਮੈਂ ਇਹੀ ਕਹਿੰਦਾ ਹਾਂ ਕਿ ਜੇ ਸਾਰੀ ਡਿਟੇਲ ਲੈਣੀ ਚਾਹੁੰਦੇ ਹੋ ਤਾਂ ਇਹ ਲਿਖ ਕੇ ਦੇ ਦਿਉ, ਤੁਹਾਨੂੰ ਇਸੇ ਸੈਸ਼ਨ ਵਿੱਚ ਜਵਾਬ ਮਿਲ ਜਾਵੇਗਾ।

ਮਾਨਯੋਗ ਸਪੀਕਰ : ਤੁਹਾਡੇ ਦੁਆਰਾ ਇਹ ਇੱਕ ' ਮਨਿਓਰਿਟੀ ' ਲਫਜ਼ ਐਡ ਕਰਨ ਕਰਕੇ ਜਵਾਬ ਲੇਟ ਹੋਇਆ ਹੈ। (ਵਿਘਨ) ਮੇਰੀ ਗੱਲ ਤਾਂ ਸੁਣ ਲਵੋ। ਇਹ ਇੱਕ ਲਫਜ਼ ਐਡ ਕਰਨ ਕਰਕੇ ਅਜਿਹਾ ਹੋਇਆ ਹੈ। ਜੇ ਤਾਂ ਤੁਸੀਂ ਮਨਿਓਰਟੀ ਦਾ ਜਵਾਬ ਲੈਣਾ ਹੈ (ਵਿਘਨ)

ਸ਼੍ਰੀ ਸੁਨੀਲ ਜਾਖੜ : ਚਲੋ, ਮਨਿਓਰਿਟੀ ਦਾ ਜਵਾਬ ਛੱਡ ਦਿਉ। ਇਹ 19 ਦਸੰਬਰ ਦੀ ਗੱਲ ਹੈ। ਮੈਂ 19 ਦਸੰਬਰ ਨੂੰ ਤੁਹਾਡੇ ਆਫਿਸ ਵਿੱਚ ਲਿਖ ਕੇ ਦੇ ਦਿੱਤਾ। ਇਹ ਜਵਾਬ ਆਇਆ ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ। ਇਸ ਦੇ ਨਾਲ ਹੀ 10 ਬੰਡਲ ਮੇਰੇ ਕੋਲ ਹੋਰ ਆਏ ਹਨ। ਇਹ ਆਏ ਕਦੋਂ ਹਨ ਜੀ? ਇਹ ਪੂਰੇ ਦੋ ਸਾਲ ਬਾਅਦ ਜਵਾਬ ਆਇਆ ਹੈ। ਦਸੰਬਰ, 2014 ਵਿੱਚ ਮੇਰੇ ਕੋਲ ਜਵਾਬ ਆਉਂਦਾ ਹੈ ਜਿਸ ਬਾਰੇ ਤੁਸੀਂ ਕਿਹਾ ਸੀ ਕਿ ਦੋ ਦਿਨਾਂ ਵਿੱਚ ਤੁਹਾਨੂੰ ਜਵਾਬ ਮਿਲ ਜਾਵੇਗਾ।

ਉਪ ਮੁੱਖ ਮੰਤਰੀ (ਬੈਠੇ-ਬੈਠੇ) : ਇੰਨੇ ਬੰਡਲ ਤਿਆਰ ਕਰਨ ਵਿੱਚ ਟਾਈਮ ਤਾਂ ਲਗਦਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, this is another story and this is also misleading. ਮੈਂ ਸਾਲ 2009-10 ਦਾ ਜਵਾਬ ਹੀ ਨਹੀਂ ਮੰਗਿਆ ਸੀ, ਮੈਨੂੰ ਸਾਲ 2009-10 ਦੇ ਜਵਾਬ ਭੇਜ ਦਿੱਤੇ। ਬੇਸਿਕ ਕੁਐਸਚਨ ਸੀ ਕਿ ਤੁਸੀਂ ਕਾਲਜਾਂ ਨੂੰ ਕਿੰਨੇ ਪੈਸੇ ਦੇ ਦਿੱਤੇ ਹਨ ਅਤੇ ਕਿੰਨੀ ਤਾਰੀਕ ਨੂੰ ਦਿੱਤੇ ਹਨ। ਇਨ੍ਹਾਂ ਨੇ ਇੱਕ ਇੱਕ ਸਟੂਡੈਂਟ ਦੀ ਡਿਟੇਲ ਵਿੱਚ ਪਾ ਕੇ ਜਵਾਬ ਦੇ ਦਿੱਤਾ। ਫਾਈਨਾਂਸ ਮਨਿਸਟਰ ਸਾਹਿਬ ਵੀ ਬੈਠੇ ਹਨ। Mr. Finance Minister, you are also party to this privilege motion because ਤੁਸੀਂ ਐਸ਼ਿਉਰ ਕੀਤਾ ਸੀ ਕਿ ਪੈਸੇ ਪਹੁੰਚ ਚੁੱਕੇ ਹਨ। ਪੈਸਾ ਉਦੋਂ ਨਹੀਂ ਪਹੁੰਚਿਆ ਸੀ ਜਦੋਂ ਸਦਨ ਵਿੱਚ ਜਵਾਬ ਦਿੱਤਾ ਸੀ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਪ੍ਰਾਬਲਮ ਤੁਹਾਡੇ ਇੱਕ ਲਫਜ਼ ਕਾਰਨ ਹੋਈ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਵਾਬ ਤਾਂ ਆਇਆ ਪਿਆ ਹੈ। ਫਿਰ ਜਵਾਬ ਦੇਣ ਵਿੱਚ ਗੁਰੇਜ਼ ਕਿਉਂ ਹੈ? ਮੈਂ ਮਨਿਓਰਿਟੀ ਵਾਲਾ ਪੋਰਸ਼ਨ ਛੱਡ ਦਿੰਦਾ ਹਾਂ। ਤੁਸੀਂ ਇਨ੍ਹਾਂ ਨੂੰ ਕਹਿ ਦਿਉ ਕਿ ਮਨਿਓਰਿਟੀ ਵਰਗ ਨਾਲ ਸਬੰਧਤ ਜਵਾਬ ਕੱਲ੍ਹ ਲੈ ਆਉਣਗੇ। ਸਪੀਕਰ ਸਾਹਿਬ, we will not allow this House to proceed.

Mr. Speaker : No, No, now you are crossing your limits.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮਨਿਓਰਟੀ ਦਾ ਤਾਂ ਫਿਰ ਰੌਲਾ ਪਵੇਗਾ, ਇਥੇ ਰਣੀਕੇ ਜੀ ਬੈਠੇ ਹਨ, ਇਹ ਦੱਸ ਦੇਣ ਕਿ ਕਿੰਨਾ ਪੈਸਾ ਰਿਲੀਜ਼ ਕੀਤਾ ਹੈ (ਵਿਘਨ...ਸ਼ੋਰ)

Mr.Speaker : No, no ਅਗਲਾ ਸਵਾਲ, ਸ਼੍ਰੀ ਪ੍ਰੇਮ ਮਿੱਤਲ ਜੀ ।

ਸ਼੍ਰੀ ਸੁਨੀਲ ਜਾਖੜ : ਨਹੀਂ ਨਹੀਂ, ਸਪੀਕਰ ਸਾਹਿਬ, Do you stand by this. (ਸਰਦਾਰ ਗੁਲਜਾਰ ਸਿੰਘ ਰਣੀਕੇ ਵੱਲ ਇਸ਼ਾਰਾ ਕਰਦੇ ਹੋਏ) (ਵਿਘਨ).(ਸ਼ੋਰ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਬੈਠੋ।ਮੈਂ ਤੁਹਾਨੂੰ ਇਸ

ਸਵਾਲ ਦਾ 20 ਤਾਰੀਖ ਨੂੰ ਜਵਾਬ ਲੈ ਦਿਆਂਗਾ। ਮੈਂ ਹੁਣ ਐਕਸਟੈਂਸ਼ਨ ਦੇ ਦਿੱਤੀ ਹੈ। ਆਪਾਂ ਨੇ 20 ਤਾਰੀਖ ਨੂੰ ਪ੍ਰਸ਼ਨ ਕਾਲ ਵਿਚ ਇਹ ਸਵਾਲ ਲੈ ਲੈਣਾ ਹੈ। (ਵਿਘਨ...ਸ਼ੋਰ)

ਸ਼੍ਰੀ ਸੁਨੀਲ ਜਾਖੜ : ਤੁਸੀਂ ਮੈਨੂੰ ਬੋਲਣ ਦਾ ਮੌਕਾ ਤਾਂ ਦਿਓ।

ਸ਼੍ਰੀ ਤਰਲੋਚਨ ਸਿੰਘ: **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਨਾਅਰੇ *** *** ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਜੋ ਕਿ ਸਦਨ ਵਿਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ : ਜੋ ਵੀ ਮੇਰੀ ਇਜ਼ਾਜ਼ਤ ਤੋਂ ਬਗੈਰ ਬੋਲ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਸ਼੍ਰੀ ਪ੍ਰੇਮ ਮਿੱਤਲ ਜੀ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ 1765 ਜੀ।

ਮਾਨਯੋਗ ਸਪੀਕਰ : ਹਾਂ ਜੀ, ਸ਼੍ਰੀ ਮਦਨ ਮੋਹਨ ਮਿੱਤਲ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : **

ਮਾਨਯੋਗ ਸਪੀਕਰ : ਜੋ ਵੀ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ ਸਤਿਕਾਰਯੋਗ ਸੀ.ਐਮ. ਸਾਹਿਬ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਸਦਨ ਦੀ ਇਕ ਕਮੇਟੀ ਬਣਾ ਕੇ ਇਨ੍ਹਾਂ ਘਪਲਿਆਂ ਬਾਰੇ ਜਾਂਚ ਕਰਾਓ, ਕਦੋਂ ਪੈਸਾ ਰਿਸੀਵ ਹੋਇਆ, ਚਾਹੇ ਸ਼ਡਿਊਲ ਕਾਸਟਾਂ ਦਾ ਹੈ, ਚਾਹੇ ਮਨਿਓਰਟੀਜ਼ ਦਾ ਹੈ ਜਦੋਂ ਡਿਪਾਰਟਮੈਂਟ ਨੂੰ ਪੈਸਾ ਗਿਆ ਹੈ। (ਵਿਘਨ...ਸ਼ੋਰ)

ਮਾਨਯੋਗ ਸਪੀਕਰ: ਮੈਂ ਇਸ ਸਵਾਲ ਦੀ ਐਕਸਟੈਂਸ਼ਨ ਦੇ ਦਿੱਤੀ ਹੈ। ਜਾਖੜ ਸਾਹਿਬ, ਤੁਸੀਂ ਸੀਨੀਅਰ ਹੋ। ਇਸ ਸਵਾਲ ਦਾ ਤੁਹਾਨੂੰ 20 ਤਾਰੀਖ ਨੂੰ ਜਵਾਬ ਮਿਲ ਜਾਵੇਗਾ, ਉਸ ਸਮੇਂ ਜੋ ਕੁਝ ਤੁਸੀਂ ਕਹਿਣਾ ਹੈ, ਉਹ ਕਹਿ ਲੈਣਾ।

**Not recorded as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਦੋ ਸਾਲਾਂ ਤੋਂ ਇੰਤਜ਼ਾਰ ਕਰ ਰਿਹਾ ਹਾਂ, ਹੋਰ ਕਿੰਨਾ ਇੰਤਜ਼ਾਰ ਕਰਾਉਗੇ we will not allow this to go like this.

Mr.Speaker : No, No, Please sit down.

ਸਰਦਾਰ ਚਰਨਜੀਤ ਸਿੰਘ ਚੰਨੀ :**

Mr.Speaker: Nothing should be recorded.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਦਨ ਦੇ ਵੈੱਲ ਵਿਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਜ਼ਿਆਦਾ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Nothing should be recorded. ਕੁਝ ਵੀ ਰਿਕਾਰਡ ਨਹੀਂ ਹੋ ਰਿਹਾ। Please go to your seats now. ਜੋ ਕੁਝ ਵੀ ਮੇਰੀ ਆਗਿਆ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਸਾਰਾ ਐਕਸਪੰਜ ਕਰ ਦਿੱਤਾ ਜਾਵੇ ਅਤੇ ਨਾਅਰੇ ਰਿਕਾਰਡ ਨਾ ਕੀਤੇ ਜਾਣ।

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ, ਸ਼੍ਰੀ ਰਜਨੀਸ਼ ਕੁਮਾਰ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਵੱਲੋਂ ਨਿਸ਼ਾਨ ਵਾਲੇ ਪ੍ਰਸ਼ਨ ਨੰ: 1759 ਦੇ ਸਬੰਧ ਵਿਚ ਮੰਗੀ ਗਈ ਐਕਸਟੈਨਸ਼ਨ ਨੂੰ ਮਾਨਯੋਗ ਸਪੀਕਰ ਸਾਹਿਬ ਵੱਲੋਂ ਅਲਾਓ ਕੀਤੇ ਜਾਣ ਦੇ ਰੋਸ ਵਜੋਂ ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

STARRED QUESTIONS AND ANSWERS *(Resumption)*

ਟੈਕਨੀਕਲ ਯੂਨੀਵਰਸਿਟੀ ਸਥਾਪਿਤ ਕਰਨਾ

***1765. ਸ਼੍ਰੀ ਪ੍ਰੇਮ ਮਿੱਤਲ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ

**Not recorded as ordered by the Chair.

ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਸਾ ਵਿੱਚ ਇੱਕ ਟੈਕਨੀਕਲ ਯੂਨੀਵਰਸਿਟੀ ਸਥਾਪਿਤ ਕਰਨ ਲਈ 53 ਏਕੜ ਜ਼ਮੀਨ ਖ਼ਰੀਦ ਕੇ ਸਰਕਾਰ ਨੂੰ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇੱਥੇ ਯੂਨੀਵਰਸਿਟੀ ਸਥਾਪਿਤ ਕਰਨ ਲਈ ਸਬੰਧਤ ਵਿਭਾਗ ਵੱਲੋਂ ਹੁਣ ਤੱਕ ਕੀ ਉਪਰਾਲੇ ਕੀਤੇ ਗਏ ਹਨ ਅਤੇ ਇਹ ਯੂਨੀਵਰਸਿਟੀ ਕਦੋਂ ਤੱਕ ਚਾਲੂ ਹੋ ਜਾਵੇਗੀ?

ਸ਼੍ਰੀ ਮਦਨ ਮੋਹਨ ਮਿੱਤਲ : ਨਹੀਂ ਜੀ, ਮਾਨਸਾ ਵਿਖੇ ਟੈਕਨੀਕਲ ਯੂਨੀਵਰਸਿਟੀ ਸਥਾਪਤ ਕਰਨ ਲਈ ਇਸ ਵਿਭਾਗ ਦੀ ਕੋਈ ਤਜਵੀਜ਼ ਨਹੀਂ ਹੈ। ਸਰਕਾਰ ਵੱਲੋਂ ਮਾਨਸਾ ਵਿਖੇ 54 ਏਕੜ ਜ਼ਮੀਨ ਐਕਵਾਇਰ ਕਰਦੇ ਹੋਏ ਆਈ.ਕੇ. ਗੁਜਰਾਲ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨੂੰ ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ ਸਥਾਪਤ ਕਰਨ ਲਈ ਦਿੱਤੀ ਗਈ ਹੈ, ਜਿਸ ਦੀ ਅਦਾਇਗੀ ਆਈ.ਕੇ. ਗੁਜਰਾਲ, ਪੰਜਾਬ ਤਕਨੀਕੀ ਯੂਨੀਵਰਸਿਟੀ ਵੱਲੋਂ ਕੀਤੀ ਗਈ ਹੈ। ਇਸ ਜ਼ਮੀਨ ਦੀ ਚਾਰਦੀਵਾਰੀ ਦਾ ਕੰਮ ਲਗਭਗ ਪੂਰਾ ਹੋ ਚੁੱਕਾ ਹੈ ਅਤੇ Change of land use (CLU) ਮਿਲਣ ਉਪਰੰਤ ਇਸ ਜ਼ਮੀਨ ਉਪਰ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਣਾ ਹੈ।

ਇਹ ਇੰਸਟੀਚਿਊਟ ਇਸ ਸਮੇਂ ਗੌਰਮਿੰਟ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਖੇ ਟ੍ਰਾਂਜ਼ਿਟ ਕੈਂਪਸ ਵਿਚ ਚਲਾਇਆ ਜਾ ਰਿਹਾ ਹੈ ਅਤੇ ਸਾਲ 2011-2012 ਤੋਂ ਇਸ ਇੰਸਟੀਚਿਊਟ ਵਿਚ 10+1 ਅਤੇ 10+2 ਨਾਨ ਮੈਡੀਕਲ (ਬੀ.ਟੈਕ. ਇੰਟੈਗ੍ਰੇਟਿਡ) ਕੋਰਸ ਚਲਾਏ ਜਾ ਰਹੇ ਹਨ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਡਿਪਟੀ ਸੀ.ਐਮ., ਸਰਦਾਰ ਸੁਖਬੀਰ ਸਿੰਘ ਬਾਦਲ ਜੀ ਮਿਤੀ 9.4.2011 ਨੂੰ ਉਥੇ ਆਪਣੇ ਕਰ-ਕਮਲਾਂ ਨਾਲ ਇਸ ਦਾ ਨੀਂਹ ਪੱਥਰ ਰੱਖ ਕੇ ਆਏ ਸੀ। ਇਸ ਵਾਸਤੇ ਸਰਕਾਰ ਨੇ 54 ਏਕੜ ਜ਼ਮੀਨ ਦੀ ਨਵੰਬਰ, 2013 ਵਿੱਚ 15 ਕਰੋੜ 40 ਲੱਖ ਰੁਪਏ ਦੀ ਪੇਮੈਂਟ ਕਰ ਦਿੱਤੀ ਹੈ। ਇਸ ਦਾ ਇੰਤਕਾਲ ਸਰਕਾਰ ਦੇ ਨਾਂ ਹੋ ਗਿਆ ਹੈ। ਛੋਟੀ ਛੋਟੀ ਉਥੇ ਚਾਰ ਦੀਵਾਰੀ ਹੋਈ ਹੈ। ਇੰਨੇ ਪੈਸੇ ਦੇਣ ਦੇ ਬਾਵਜੂਦ, ਪਿਛਲਾ ਇੱਕ ਸਾਲ ਵੀ ਲੰਘ ਗਿਆ ਪਰ ਉਥੇ ਕੋਈ ਉਸਾਰੀ ਨਹੀਂ ਹੋਈ। ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸਾਰੀ ਕਦੋਂ ਤੱਕ ਸ਼ੁਰੂ ਹੋ ਜਾਵੇਗੀ ਤੇ ਉਥੇ ਕਲਾਸਾਂ ਕਦੋਂ ਤੋਂ ਲਗਣੀਆਂ ਸ਼ੁਰੂ ਹੋਣਗੀਆਂ।

ਮੰਤਰੀ : ਸਪੀਕਰ ਸਾਹਿਬ, ਕਲਾਸਾਂ ਤਾਂ ਉਥੇ ਲੱਗ ਰਹੀਆਂ ਹਨ।

[ਤਕਨੀਕੀ ਸਿੱਖਿਆ ਮੰਤਰੀ]

ਇਸ ਦਾ ਹਾਲੇ ਸੀ.ਐਲ.ਯੂ. ਹੋਣਾ ਰਹਿੰਦਾ ਹੈ। ਪੈਸੇ ਵੀ ਦੇ ਦਿੱਤੇ ਹਨ ਜਦੋਂ ਇਸ ਦਾ ਸੀ.ਐਲ.ਯੂ. ਹੋ ਜਾਏਗਾ ਤਾਂ ਕੰਸਟ੍ਰਕਸ਼ਨ ਸਟਾਰਟ ਹੋ ਜਾਵੇਗੀ ਅਤੇ ਕਲਾਸਾਂ ਆਪਣੀ ਬਿਲਡਿੰਗ ਵਿੱਚ ਸ਼ਿਫਟ ਹੋ ਜਾਣਗੀਆਂ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮੈਂ ਤਾਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਸੀ.ਐਲ.ਯੂ. ਕਿੰਨੇ ਚਿਰ ਤੱਕ ਹੋ ਜਾਵੇਗਾ ਕਿਉਂਕਿ ਪੈਸੇ ਦਿੱਤੇ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਨਵੰਬਰ ਵਿੱਚ ਡੇਢ ਸਾਲ ਹੋ ਗਿਆ ਹੈ। ਸਾਰਾ ਕੁਝ ਹੋਣ ਤੋਂ ਬਾਅਦ ਜ਼ਮੀਨ ਦਾ ਇੰਤਕਾਲ ਯੂਨੀਵਰਸਿਟੀ ਦੇ ਨਾਂ ਚੜ੍ਹ ਗਿਆ ਹੈ ਫਿਰ ਵੀ ਸੀ.ਐਲ.ਯੂ. ਦਾ ਕੰਮ ਰੁਕਿਆ ਪਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਸੀ.ਐਲ.ਯੂ. ਹੋ ਜਾਵੇਗਾ ਅਤੇ ਕਦੋਂ ਤੱਕ ਬਿਲਡਿੰਗ ਬਣੇਗੀ? ਨਹਿਰੂ ਕਾਲਜ ਵਿੱਚ ਸਿਰਫ ਦੋ ਹੀ ਕਲਾਸਾਂ ਚਲ ਰਹੀਆਂ ਹਨ। ਉਥੇ 54 ਏਕੜ ਜ਼ਮੀਨ ਹੈ ਉਸ ਤੇ ਕਿੰਨਾ ਕੁਝ ਹੋਣਾ ਬਾਕੀ ਹੈ। ਉਹ ਕਦੋਂ ਤੱਕ ਸ਼ੁਰੂ ਹੋਵੇਗਾ?

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਇਸ ਬਾਰੇ ਤੁਸੀਂ ਐਸ਼ੋਰੈਂਸ ਦੇ ਸਕਦੇ ਹੋ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਸੀ.ਐਲ.ਯੂ. ਹੋ ਜਾਏਗਾ। This is the process which is going on. ਸੀ.ਐਲ.ਯੂ. ਬਾਰੇ ਕਾਰਵਾਈ ਹੋ ਜਾਵੇਗੀ। ਸਾਡੇ ਕੋਲ ਕੋਈ ਫੰਡਜ਼ ਦੀ ਪ੍ਰਾਬਲਮ ਨਹੀਂ ਹੈ। Funds have already been allocated ਅਤੇ ਬਿਲਡਿੰਗ ਬਣਾ ਕੇ ਕਲਾਸਿਜ਼ ਸ਼ਿਫਟ ਕਰ ਦਿਆਂਗੇ। ਪਰ ਉਥੇ ਕਲਾਸਿਜ਼ ਆਲਰੇਡੀ ਲੱਗ ਵੀ ਰਹੀਆਂ ਹਨ।

ਮਾਨਯੋਗ ਸਪੀਕਰ : ਹਾਂ ਜੀ, ਅਗਲਾ ਸਵਾਲ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1807

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਸਰਹਿੰਦ ਮੋਰਿੰਡਾ ਸੜਕ ਨੂੰ ਚਹੁੰ ਮਾਰਗੀ ਕਰਨਾ

***1776. ਜਸਟਿਸ ਨਿਰਮਲ ਸਿੰਘ :** ਕੀ ਲੋਕ ਨਿਰਮਾਣ (ਭ. ਤੇ ਮ.)

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਹਿੰਦ-ਮੋਰਿੰਡਾ ਸੜਕ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਹਾਲ ਦੀ ਘੜੀ ਸਰਹਿੰਦ-ਮੋਰਿੰਡਾ ਸੜਕ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਸਰਹਿੰਦ-ਮੋਰਿੰਡਾ ਸੜਕ ਦੋ ਕਾਰਨਾਂ ਕਰਕੇ ਬਹੁਤ ਮਹੱਤਵਪੂਰਨ ਹੈ। ਇੱਕ ਤਾਂ ਇਹ ਸੜਕ ਸ਼੍ਰੀ ਚਮਕੌਰ ਸਾਹਿਬ ਨੂੰ ਮਿਲਾਉਂਦੀ ਹੈ। ਇਹ ਦੋਵੇਂ ਧਾਰਮਿਕ ਅਸਥਾਨ ਹਨ ਅਤੇ ਜਦੋਂ ਇਥੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਲੱਗਦਾ ਹੈ ਤਾਂ ਇਸ ਉਤੇ ਇੰਨੀ ਟਰੈਫਿਕ ਹੋ ਜਾਂਦੀ ਹੈ ਕਿ ਇੱਥੇ ਬਹੁਤ ਜ਼ਿਆਦਾ ਐਕਸੀਡੈਂਟ ਹੁੰਦੇ ਹਨ। ਦੂਸਰਾ ਇਸ ਸੜਕ ਦਾ ਸਟਰੈਚ ਸਿਰਫ 15 ਕਿਲੋਮੀਟਰ ਹੈ। ਦੂਸਰਾ ਕਾਰਨ ਇਹ ਹੈ ਕਿ ਇਹ ਸੜਕ ਬੱਦੀ ਨੂੰ ਮਿਲਾਉਂਦੀ ਹੈ। ਇਸ ਸੜਕ ਦੀ ਕੁਰਾਲੀ ਤੱਕ ਦੀ ਸਟਰੈਂਥਨਿੰਗ ਹੋ ਚੁੱਕੀ ਹੈ ਅਤੇ ਕੁਰਾਲੀ ਤੋਂ ਬੱਦੀ ਤੱਕ ਇਹ ਸੜਕ ਫੋਰ ਲੇਨ ਹੈ। ਜਿੰਨੀ ਵੀ ਟਰੈਫਿਕ ਹੈ ਉਹ ਅੱਜ ਦੀ ਤਾਰੀਖ ਵਿੱਚ ਕੁਰਾਲੀ ਤੋਂ ਖਰੜ ਅਤੇ ਬਨੂੜ ਹੋ ਕੇ ਪਟਿਆਲਾ ਜਾਂਦੀ ਹੈ। ਜੇ ਇਹ ਸੜਕ ਫੋਰ ਲੇਨ ਬਣ ਜਾਂਦੀ ਹੈ ਤਾਂ ਇਸ ਉਤੇ ਟਰੈਫਿਕ ਘਟੇਗੀ ਅਤੇ ਜਿਹੜੀ ਇਸ ਪਾਸੇ ਨੂੰ ਟਰਾਂਸਪੋਰਟੇਸ਼ਨ ਹੁੰਦੀ ਹੈ ਉਨ੍ਹਾਂ ਨੂੰ ਘੱਟੋ ਘੱਟ 18 ਕਿਲੋਮੀਟਰ ਦੂਰੀ ਦਾ ਫਰਕ ਪੈ ਜਾਵੇਗਾ। ਦੂਸਰਾ ਸੀ.ਐਮ. ਸਾਹਿਬ ਦੇ ਆਰਡਰਾਂ ਨਾਲ ਇਸ ਸੜਕ ਦਾ ਫੋਰ ਲੇਨਿੰਗ, ਸਟਰੈਂਥਨਿੰਗ ਅਤੇ ਵਾਈਡਨਿੰਗ ਲਈ ਤਿੰਨ ਵਾਰ ਸਰਵੇ ਹੋ ਚੁੱਕਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੜਕ ਨੂੰ ਫੋਰ ਲੇਨਿੰਗ ਕਰਨ ਦਾ ਕਰਾਈਟੇਰੀਆ ਕੀ ਹੈ? ਜੇ ਸੈਂਸਿਸ ਦੇਖੀਏ ਤੇ ਰੋਡ ਉਤੇ ਟਰੈਫਿਕ ਦੀ ਸੈਂਸਿਸ ਕਰਵਾ ਲਈਏ ਤਾਂ ਇਹ ਸੜਕ ਉਹ ਕਰਾਈਟੇਰੀਆ ਵੀ ਪੂਰਾ ਕਰਦੀ ਹੈ। ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਰਹੀ ਕਿ ਸਿਰਫ ਇੰਨਾ ਕੁ ਸਟਰੈਚ ਕਿਉਂ ਛੱਡਿਆ ਜਾ ਰਿਹਾ ਹੈ? ਜਦੋਂ ਕਿ ਇਸ ਦੀ ਮੋਰਿੰਡਾ, ਰੋਪੜ ਅਤੇ ਹਿਮਾਚਲ ਦੇ ਬੱਦੀ ਦੇ ਸਾਰੇ ਏਰੀਏ ਵਾਸਤੇ ਬਹੁਤ ਇੰਪਾਰਟੈਂਸ ਹੈ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਦੱਸ ਦੇਣ ਕਿ ਇਹ ਸੜਕ ਉਸ ਕਰਾਈਟੇਰੀਏ ਵਿੱਚ ਆਉਂਦੀ ਹੈ ਕਿ ਨਹੀਂ?

ਮੰਤਰੀ : ਸਪੀਕਰ ਸਾਹਿਬ, ਇਹ ਉਸ ਕਰਾਈਟੇਰੀਏ ਵਿੱਚ ਫਾਲ ਨਹੀਂ ਕਰਦੀ। ਇਸ ਦਾ ਦੋ ਤਿੰਨ ਵਾਰੀ ਸਰਵੇ ਹੋ ਚੁੱਕਾ ਹੈ। ਜਿੰਨਾ ਟਰੈਫਿਕ ਹੋਣਾ ਚਾਹੀਦਾ ਹੈ, ਉਨਾ ਟਰੈਫਿਕ ਇਸ ਸੜਕ ਤੇ ਨਹੀਂ ਹੈ।

ਮਾਨਯੋਗ ਸਪੀਕਰ : ਚੰਨੀ ਸਾਹਿਬ ਦਾ ਇਸ ਸੜਕ ਨਾਲ ਜ਼ਿਆਦਾ ਸਬੰਧ ਹੈ। ਹਾਂ ਜੀ, ਚੰਨੀ ਜੀ ਤੁਸੀਂ ਦੱਸੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸੜਕ ਤੇ ਫਤਿਹਗੜ੍ਹ ਸਾਹਿਬ ਸ਼ਹੀਦੀ ਸਥਾਨ ਪੈਂਦਾ ਹੈ ਅਤੇ ਇਸ ਸਥਾਨ ਦੀ ਸਿੱਖ ਕੌਮ ਅਤੇ ਸਾਰੀ ਦੁਨੀਆਂ ਵਿੱਚ ਵਿਸ਼ੇਸ਼ ਮਹੱਤਤਾ ਹੈ। ਜੋੜ ਮੇਲਾ ਵੀ ਇੱਥੇ ਲੱਗਦਾ ਹੈ ਅਤੇ ਸੰਗਤਾਂ ਬਾਹਰੋਂ ਆਉਂਦੀਆਂ ਹਨ। ਉਥੇ ਟਰੈਫਿਕ ਇਨ੍ਹਾਂ ਦੇ ਅਨੁਸਾਰ ਤਾਂ ਘੱਟ ਹੈ ਪਰ ਉਥੇ ਟਰੈਫਿਕ ਘੱਟ ਨਹੀਂ ਹੈ। ਅੱਜ ਤਾਂ ਸੜਕ ਦੀ ਹਾਲਤ ਇਹ ਹੈ ਕਿ ਗੱਡੀ ਨਾਲ ਤੁਰ ਕੇ ਜਾਣਾ ਪੈਂਦਾ ਹੈ ਕਿਉਂਕਿ ਗੱਡੀ ਵਿੱਚ ਤਾਂ ਬਹੁਤ ਬੁਰੀ ਹਾਲਤ ਹੁੰਦੀ ਹੈ। ਇੰਨੇ ਜ਼ਿਆਦਾ ਟੋਏ ਉਸ ਸੜਕ ਵਿੱਚ ਹਨ। ਇਸ ਸੜਕ ਨੂੰ ਸਿੱਖ ਮਹੱਤਤਾ ਦੇ ਆਧਾਰ ਤੇ ਕਿਉਂ ਨਹੀਂ ਬਣਾਉਂਦੇ? ਬਾਦਲ ਸਾਹਿਬ ਨੇ ਸਿੱਖ ਕੌਮ ਦੇ ਬਹੁਤ ਸਾਰੇ ਸਮਾਰਕ ਬਣਾਏ ਹਨ। ਇਨ੍ਹਾਂ ਨੇ ਸਿੱਖ ਕੌਮ ਦੀ ਪੈਰਵੀ ਕੀਤੀ ਹੈ ਅਤੇ ਇਹ ਹਮੇਸ਼ਾ ਸਿੱਖ ਕੌਮ ਦੀ ਗੱਲ ਕਰਦੇ ਹਨ। ਫਿਰ ਇਹ ਜਿਹੜਾ ਸਿੱਖ ਕੌਮ ਦਾ ਇੰਨਾ ਵੱਡਾ ਸਥਾਨ ਹੈ ਉਸ ਨੂੰ ਚਹੁੰ ਮਾਰਗੀ ਬਣਾਉਣ ਵਾਸਤੇ ਕਿਉਂ ਕਰਾਈਟੇਰੀਆ ਦੇਖੀ ਜਾਂਦੇ ਹਨ, ਇਹ ਕਿਉਂ ਨਹੀਂ ਕਰਾਈਟੇਰੀਆ ਅਮੈਂਡ ਕਰਦੇ। ਮੈਂ ਮੰਤਰੀ ਜੀ ਤੋਂ ਇਹ ਹੀ ਜਾਣਨਾ ਚਾਹੁੰਦਾ ਹਾਂ ਕਿ ਇਹ ਸੜਕ ਕਿਉਂ ਨਹੀਂ ਬਣਾਈ ਜਾਂਦੀ?

ਮਾਨਯੋਗ ਸਪੀਕਰ : ਹਾਂ ਜੀ, ਸਿੱਧੂ ਸਾਹਿਬ, ਤੁਸੀਂ ਦੱਸੋ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਵਧੀਆ ਗੱਲ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮੋਰਿੰਡਾ ਕੁਰਾਲੀ ਤੋਂ ਬੱਦੀ ਨੂੰ ਸੜਕ ਜਾਂਦੀ ਹੈ, ਉਸ ਨੂੰ ਇਹ ਰੋਡ ਲਿੰਕ ਕਰਦੀ ਹੈ। ਇਹ ਸੜਕ ਸ਼ੇਰ ਸ਼ਾਹ ਸੂਰੀ ਮਾਰਗ ਨੂੰ ਵੀ ਲਿੰਕ ਕਰਦੀ ਹੈ। ਦੂਸਰੀ ਗੱਲ ਇਹ ਹੈ ਕਿ ਸਾਡੇ ਸਿੱਖ ਕੌਮ ਦੀ ਸਭ ਤੋਂ ਵੱਡੀ ਸ਼ਹੀਦੀ ਛੋਟੇ ਸਾਹਿਬਜ਼ਾਦਿਆਂ ਦੀ ਮਨਾਉਂਦੇ ਹਾਂ ਅਤੇ ਅਜਿਹੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਸ਼੍ਰੀ ਚਮਕੌਰ ਸਾਹਿਬ ਲੱਗਦਾ ਹੈ। ਕੀ

ਅਸੀਂ ਉਨ੍ਹਾਂ ਲਈ ਇੰਨਾ ਵੀ ਨਹੀਂ ਕਰ ਸਕਦੇ। ਅਸੀਂ ਆਪਣੇ ਹੋਟਲਾਂ ਵਾਸਤੇ ਤਾਂ ਛੇ ਮਾਰਗੀ ਲੇਨ ਬਣਾ ਸਕਦੇ ਹਾਂ ਪਰ ਇਨ੍ਹਾਂ ਵਾਸਤੇ ਕਿਉਂ ਨਹੀਂ ਬਣਾ ਸਕਦੇ? (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੰਮ ਵੀ ਜ਼ਰੂਰ ਕਰਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸਪਲੀਮੈਂਟਰੀ ਦੇ ਜਵਾਬ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਸਰਦਾਰ ਚਰਨਜੀਤ ਸਿੰਘ ਚੰਨੀ ਜੀ ਦੇ ਸਵਾਲ ਦਾ ਜਵਾਬ ਆ ਗਿਆ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਵਾਬ ਆ ਗਿਆ ਹੈ ਜਾਂ ਜਵਾਬ ਦੇਣਾ ਹੈ?

ਮਾਨਯੋਗ ਸਪੀਕਰ : ਮੰਤਰੀ ਜੀ, ਜਿਹੜਾ ਜਵਾਬ ਦੇ ਸਕਦੇ ਸੀ, ਉਨ੍ਹਾਂ ਨੇ ਦੇ ਦਿੱਤਾ ਹੈ। ਅਗਲਾ ਸਵਾਲ ਸ਼੍ਰੀ ਰਜਨੀਸ਼ ਕੁਮਾਰ ਜੀ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਇਹ ਸੜਕਾਂ ਬਣਾਉਣ ਦਾ ਕ੍ਰਾਈਟੇਰੀਆ ਅਮੈਂਡ ਕਰਨਗੇ ?

ਮਾਨਯੋਗ ਸਪੀਕਰ : ਨਹੀਂ ਜੀ, please sit down. ਇਸ ਉਤੇ ਪਹਿਲਾਂ ਹੀ ਦੋ ਸਪਲੀਮੈਂਟਰੀਆਂ ਹੋ ਚੁੱਕੀਆਂ ਹਨ। ਅਗਲਾ ਸਵਾਲ, ਸ਼੍ਰੀ ਰਜਨੀਸ਼ ਕੁਮਾਰ ਜੀ।

ਸੜਕ ਦੀ ਮੁਰੰਮਤ ਕਰਨਾ

***1763. ਸ਼੍ਰੀ ਰਜਨੀਸ਼ ਕੁਮਾਰ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਆਦਮਪੁਰ ਵਿੱਚ ਜ਼ਿਲ੍ਹਾ ਜਲੰਧਰ ਦੇ ਪਿੰਡ ਸਾਰੋਬਾਦ/ਦਾਊਦਪੁਰ ਤੋਂ ਪਿੰਡ ਜਲਭੈ (ਕਠਾਰ) ਤੱਕ ਸੜਕ ਦੀ ਮੁਰੰਮਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਤੋਤਾ ਸਿੰਘ : ਸਰਕਾਰ ਵੱਲੋਂ ਸਾਲ 2015-16 ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਅਤੇ ਦੇਖਭਾਲ ਕਰਨ ਸਬੰਧੀ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਇਸ ਸੜਕ ਦੀ ਮੁਰੰਮਤ ਨੂੰ ਵੀ ਵਿਚਾਰ ਲਿਆ ਜਾਵੇਗਾ।

ਸ਼੍ਰੀ ਰਜਨੀਸ਼ ਕੁਮਾਰ : ਸਪੀਕਰ ਸਾਹਿਬ, ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਹ ਸੜਕ ਕਦੋਂ ਤੱਕ ਬਣਾਈ ਜਾਵੇਗੀ ਕਿਉਂਜੋ ਇਸ ਸੜਕ ਦੀ ਹਾਲਤ ਬਹੁਤ ਮਾੜੀ ਹੈ।

ਮਾਨਯੋਗ ਸਪੀਕਰ : ਹਾਂ ਜੀ, ਮੰਤਰੀ ਜੀ ਕੋਈ ਭਰੋਸਾ ਦੇ ਸਕਦੇ ਹੋ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2015-16 ਦੌਰਾਨ ਸਾਰੇ ਪੰਜਾਬ ਵਾਸਤੇ ਇਕ ਬਹੁਤ ਵੱਡਾ ਪ੍ਰੋਗਰਾਮ ਲਿਆਂਦਾ ਜਾ ਰਿਹਾ ਹੈ। ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਉਸ ਵਿਚ ਇਸ ਨੂੰ ਜ਼ਰੂਰ ਵਿਚਾਰਾਂਗੇ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪਲਾਨ ਬਣ ਗਈ ਹੈ..

ਮਾਨਯੋਗ ਸਪੀਕਰ : ਕੀ ਤੁਹਾਡਾ ਇਸ ਸੜਕ ਨਾਲ ਕੋਈ ਲਿੰਕ ਹੈ?

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਸ ਸੜਕ ਨਾਲ ਸਾਰਿਆਂ ਦਾ ਲਿੰਕ ਹੈ। ਸਾਰੇ ਪੰਜਾਬ ਵਿਚ ਸੜਕਾਂ ਕਿਸੇ ਇਕ ਮੈਂਬਰ ਸਾਹਿਬ ਦੀਆਂ ਨਹੀਂ ਹੁੰਦੀਆਂ..

ਮਾਨਯੋਗ ਸਪੀਕਰ : ਜੇਕਰ ਤੁਹਾਡਾ ਇਸ ਸੜਕ ਨਾਲ ਕੋਈ ਲਿੰਕ ਹੈ ਤਾਂ ਦੱਸੋ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇਕਰ ਸਾਡਾ ਇਸ ਸੜਕ ਨਾਲ ਲਿੰਕ ਨਹੀਂ ਤਾਂ ਹੋਰ ਕਿਨ੍ਹਾਂ ਦਾ ਲਿੰਕ ਹੈ। ਸਪੀਕਰ ਸਾਹਿਬ, I am sorry to say. ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਸਲਾ ਹੈ। ਸਾਰੇ ਪੰਜਾਬ ਵਿਚ ਸੜਕਾਂ ਟੁੱਟੀਆਂ ਪਈਆਂ ਹਨ (ਵਿਘਨ)

ਮਾਨਯੋਗ ਸਪੀਕਰ : ਸੀ.ਐਮ. ਸਾਹਿਬ ਖੜ੍ਹੇ ਹਨ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ,

ਮੇਰੀ ਅਰਜ਼ ਇਹ ਹੈ ਕਿ ਲਿੰਕ ਰੋਡਜ਼ ਦਾ 800 ਕਰੋੜ ਰੁਪਏ ਦਾ ਬਹੁਤ ਵੱਡਾ ਪ੍ਰੋਗਰਾਮ ਤਕਰੀਬਨ ਬਣ ਰਿਹਾ ਹੈ। ਜਥੇਦਾਰ ਸਾਹਿਬ ਨੇ ਤਾਂ ਕਿਹਾ ਹੈ ਕਿ ਵਿਚਾਰ ਲਵਾਂਗੇ। ਪਰ ਮਾਨਯੋਗ ਮੈਂਬਰ ਸਾਹਿਬ ਦਾ ਸਤਿਕਾਰ ਕਰਦੇ ਹੋਏ ਮੈਂ ਕਹਿੰਦਾ ਹਾਂ ਕਿ ਇਸ ਸੜਕ ਦੀ ਮੁਰੰਮਤ ਕਰਵਾ ਦੇਵਾਂਗੇ। (ਥੰਪਿੰਗ)

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਕੋਈ ਟਾਈਮ ਫਰੇਮ ਦੱਸ ਦੇਣ।

ਮੁੱਖ ਮੰਤਰੀ : ਅਗਲੇ ਸਾਲ ਵਿਚ ਜੀ। ਇਸ ਸਾਲ ਲਿੰਕ ਰੋਡਜ਼ ਵਾਸਤੇ 1500 ਕਰੋੜ ਰੁਪਿਆ ਰੱਖਿਆ ਗਿਆ ਹੈ। (ਵਿਘਨ) ਤੁਸੀਂ ਸੁਣ ਤਾਂ ਲਵੋ ਤੁਸੀਂ ਚੰਗੀ ਗੱਲ ਤਾਂ ਸੁਣਦੇ ਨਹੀਂ। ਇਸ ਨਾਲ ਹਰ ਹਲਕੇ ਵਿਚ ਤਕਰੀਬਨ 100 ਕਿਲੋਮੀਟਰ ਸੜਕ ਬਣਾਈ ਜਾਵੇਗੀ। (ਵਿਘਨ)

ਮਾਨਯੋਗ ਸਪੀਕਰ : ਹਾਂ ਜੀ, ਅਗਲਾ ਸਵਾਲ, ਸ਼੍ਰੀਮਤੀ ਗੁਰਇਕਬਾਲ ਕੌਰ ਜੀ।

ਹਸਪਤਾਲ ਵਿਚ ਸਟਾਫ ਦੀ ਘਾਟ ਨੂੰ ਪੂਰਾ ਕਰਨਾ

***1795. ਸ਼੍ਰੀਮਤੀ ਗੁਰਇਕਬਾਲ ਕੌਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਨਵਾਂ ਸ਼ਹਿਰ ਵਿਖੇ ਨਵੇਂ ਹਸਪਤਾਲ ਵਿੱਚ ਸਟਾਫ ਦੀ ਘਾਟ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਹਸਪਤਾਲ ਵਿੱਚ ਸਟਾਫ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, (ੳ) ਨਵਾਂ ਸ਼ਹਿਰ ਵਿਖੇ ਨਵੇਂ ਜ਼ਿਲ੍ਹਾ ਪੱਧਰੀ ਹਸਪਤਾਲ ਵਿੱਚ ਮਨਜੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਦੀ ਸੂਚਨਾ ਅਨੁਲੱਗ ੳ ਤੇ ਰੱਖੀ ਜਾਂਦੀ ਹੈ।

(ਅ) ਵਿਭਾਗ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕਰ ਰਿਹਾ ਹੈ।

[ਸੰਸਦੀ ਮਾਮਲੇ ਮੰਤਰੀ]

ਅਨੁੱਲਗ "ੳ"

ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਨਵੇਂ ਜ਼ਿਲ੍ਹੇ ਹਸਪਤਾਲ ਵਿਖੇ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ।

ਸੰਸਥਾ ਦਾ ਨਾਮ : ਜ਼ਿਲ੍ਹਾ ਹਸਪਤਾਲ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)

ਲੜੀ ਨੰ.	ਅਸਾਮੀ ਦਾ ਨਾਮ	ਮਨਜ਼ੂਰਸ਼ੁਦਾ	ਭਰੀਆਂ	ਖਾਲੀ
1.	ਸੀਨੀਅਰ ਮੈਡੀਕਲ ਅਫਸਰ	1	1	0
2.	ਮੈਡੀਕਲ ਅਫਸਰ (ਮੈਡੀਸਨ)	1	1	0
3.	ਮੈਡੀਕਲ ਅਫਸਰ (ਸਰਜਰੀ)	1	1	0
4.	ਮੈਡੀਕਲ ਅਫਸਰ (ਗਾਇਨੀ)	2	2	0
5.	ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ)	1	1	0
6.	ਮੈਡੀਕਲ ਅਫਸਰ (ਹੱਡੀਆਂ ਦੇ ਮਾਹਿਰ)	1	1	0
7.	ਮੈਡੀਕਲ ਅਫਸਰ (ਐਨਥੀਸੀਆ)	1	1	0
8.	ਮੈਡੀਕਲ ਅਫਸਰ (ਪਥੋਲੋਜੀ)	1	1	0
9.	ਮੈਡੀਕਲ ਅਫਸਰ (ਅੱਖਾਂ ਦੇ ਮਾਹਿਰ)	1	1	0
10.	ਮੈਡੀਕਲ ਅਫਸਰ (ਰੇਡੀਓਲੋਜੀ)	1	0	1
11.	ਮੈਡੀਕਲ ਅਫਸਰ (ਸਾਇਕੈਟਰੀ)	1	0	1
12.	ਬਲੱਡ ਟਰਾਂਸਫਿਊਜ਼ਨ ਅਫਸਰ	1	0	1
13.	ਮੈਡੀਕਲ ਅਫਸਰ (ਸਕਿਨ ਐਂਡ ਵੀ.ਡੀ)	1	1	0
14.	ਮੈਡੀਕਲ ਅਫਸਰ (ਈ.ਐਨ.ਟੀ)	1	1	0
15.	ਮੈਡੀਕਲ ਅਫਸਰ (ਡੈਂਟਲ)	1	1	0
16.	ਮੈਡੀਕਲ ਅਫਸਰ (ਐਮ.ਬੀ.ਬੀ.ਐਸ)	3	3	0
17.	ਨਰਸਿੰਗ ਸਿਸਟਰ	1	1	0

18.	ਸਟਾਫ ਨਰਸ	38	18	20
19.	ਅਪਥਾਲਮਿਕ ਅਫਸਰ	1	1	0
20.	ਚੀਫ ਫਾਰਮਾਸਿਸਟ	1	1	0
21.	ਫਾਰਮਾਸਿਸਟ	3	3	0
22.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1	1	1	0
23.	ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2	4	4	0
24.	ਰੇਡੀਓਗ੍ਰਾਫਰ	3	3	0
25.	ਅਕਾਊਂਟੈਂਟ	1	1	0
26.	ਕਲਰਕ	3	1	2
27.	ਡਰਾਈਵਰ	1	1	0
28.	ਦਰਜਾ-4	26	16	10
29.	ਸਵੀਪਰ	7	4	3
30.	ਮਾਲੀ	1	0	1
	ਕੁੱਲ	110	71	39

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਇਸ ਸਬੰਧੀ ਸਾਰਾ ਜਵਾਬ ਮੇਰੀ ਟੇਬਲ ਤੇ ਪਿਆ ਹੈ। ਮੈਂ ਸਭ ਤੋਂ ਪਹਿਲਾਂ ਬਾਦਲ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਮੇਰੇ ਏਰੀਏ ਵਿਚ ਅੱਛੇ ਪੱਧਰ ਦਾ ਇਕ ਗੌਰਮਿੰਟ ਹਸਪਤਾਲ ਦਿੱਤਾ ਹੈ ਜਿਹੜਾ ਕਿ ਸ਼ਲਾਘਾਯੋਗ ਕੰਮ ਹੈ। (ਥੰਪਿੰਗ) ਪਰ ਉਸ ਵਿਚ ਖਾਮੀਆਂ ਬਹੁਤ ਹਨ। ਜਿਹੜਾ ਪ੍ਰਸ਼ਨ ਦਾ ਜਵਾਬ ਦਿੱਤਾ ਗਿਆ ਹੈ, ਉਸ ਵਿਚ ਬੜਾ ** ਬੋਲਿਆ ਗਿਆ ਹੈ। ਮੇਰੀ ਆਦਤ ਹੈ ਕਿ ਮੈਂ ** ** ਪਸੰਦ ਨਹੀਂ ਕਰਦੀ।** ਕੀਤੀ ਗਈ ਹੈ। ਸਪੀਕਰ ਸਾਹਿਬ, ਉਹ ਇਕ ਬੇਬੀ ਹਸਪਤਾਲ ਹੈ ਅਤੇ ਮੈਂ ਉਥੇ ਚੱਕਰ ਮਾਰਦੀ ਰਹਿੰਦੀ ਹਾਂ। ਉਹ ਹਸਪਤਾਲ ਇਕ ਗਰੀਬ ਹਸਪਤਾਲ ਹੈ ਕਿਉਂਕਿ ਉਥੇ ਗਰੀਬ ਲੋਕ ਹੀ ਜਾਂਦੇ ਹਨ, ਅਮੀਰਾਂ ਨੂੰ

**Expunged as ordered by the Chair.

[ਸ਼੍ਰੀਮਤੀ ਗੁਰਇਕਬਾਲ ਕੌਰ]

ਤਾਂ ਉਥੇ ਜਾਣ ਦੀ ਜ਼ਰੂਰਤ ਨਹੀਂ ਪੈਂਦੀ। ਮੈਂ ਦੱਸਣਾ ਚਾਹੁੰਦੀ ਹਾਂ ਕਿ ਜਿਹੜੀ ਲਿਸਟ ਮੇਰੇ ਕੋਲ ਆਈ ਹੈ ਤੇ ਜਿਹੜੀ ਲਿਸਟ ਮੈਂ ਬਣਾ ਕੇ ਲਿਆਈ ਹਾਂ, ਉਸ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ । ਉਸ ਹਸਪਤਾਲ ਵਿੱਚ ਸੀਨੀਅਰ ਮੈਡੀਕਲ ਅਫਸਰ ਦੀਆਂ ਤਿੰਨ ਪੋਸਟਾਂ ਖਾਲੀ ਪਈਆਂ ਹਨ, ਗਾਇਨੀ ਦੀ ਪੋਸਟ ਖਾਲੀ ਪਈ ਹੈ, ਮੈਡੀਕਲ ਅਫਸਰ (ਰੈਡੀਆਲੋਜਿਸਟ) ਦੀ ਪੋਸਟ ਖਾਲੀ ਪਈ ਹੈ । ਉਥੇ ਸਾਈਕੈਟਰਿਸਟ ਨਹੀਂ ਹੈ । ਬਲੱਡ ਟਰਾਂਸਫਿਊਜ਼ਨ ਨਹੀਂ ਹੈ । ਸਾਡੇ ਕੋਲ ਸਟਾਫ ਨਰਸਿਜ਼ ਦੀ 38 ਦੀ ਰਿਕੁਆਇਰਮੈਂਟ ਹੈ ਜਦ ਕਿ ਉਥੇ ਕੇਵਲ 20 ਹੀ ਮੌਜੂਦ ਹਨ । ਕਲੈਰੀਕਲ ਜਾੱਬ ਦੀਆਂ ਸਾਡੀਆਂ ਤਿੰਨ ਅਸਾਮੀਆਂ ਹਨ ਪਰ ਸਾਰੀਆਂ ਖਾਲੀ ਪਈਆਂ ਹਨ । ਦਰਜਾ-4 ਜਿਨ੍ਹਾਂ ਨੇ ਸਫਾਈ ਕਰਕੇ ਸਾਰੀ ਮੇਨਟੀਨੈਂਸ ਕਰਨੀ ਹੈ, ਉਥੇ ਉਹ ਅਸਾਮੀਆਂ ਵੀ ਖਾਲੀ ਹਨ, ਬਿਲਕੁਲ ਵੀ ਨਹੀਂ ਹੈ । ਉਥੇ ਇੱਕ ਮਾਲੀ ਚਾਹੀਦਾ ਹੈ ਤੇ ਉਹ ਵੀ ਨਹੀਂ ਹੈ । ਇਨ੍ਹਾਂ ਨੇ ਸਿਰਫ ਪੇਪਰ ਵਰਕ ਕਰ ਦਿੱਤਾ ਹੈ, and I am not satisfied with it. ਉਥੇ ਬਹੁਤ ਚੀਜ਼ਾਂ ਖਾਲੀ ਹਨ । ਕਿਰਪਾ ਕਰਕੇ ਇਨ੍ਹਾਂ ਨੂੰ ਪੁਰ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਇਹ ਹਸਪਤਾਲ ਗਰੀਬ ਲੋਕਾਂ ਲਈ ਹੈ ਤੇ ਇਹ ਹਸਪਤਾਲ ਸ਼ਹਿਰ ਤੋਂ ਤਿੰਨ ਕਿਲੋਮੀਟਰ ਬਾਹਰਵਾਰ ਹੈ। ਉਥੇ ਗਰੀਬ ਲੋਕਾਂ ਨੂੰ ਆਉਣ ਲਈ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਥੇ ਜਿਹੜੀ ਰੈੱਡ ਡੋਰੀ ਵਾਲੀ ਲਾਈਨ ਹੈ, ਉਥੇ ਥਰ੍ਹੀ ਵ੍ਹੀਲਰਜ਼ ਨੂੰ ਨਹੀਂ ਆਉਣ ਦਿੱਤਾ ਜਾਂਦਾ। ਜਿਹੜੇ ਲਾਂਗ ਰੂਟਸ ਵਾਲੇ ਵਹੀਕਲਜ਼ ਹਨ, ਜਿਵੇਂ ਰੋਡਵੇਜ਼ ਦੀਆਂ ਬੱਸਾਂ ਹਨ ਉਨ੍ਹਾਂ ਵਿਚ ਗਰੀਬ ਲੋਕਾਂ ਨੂੰ ਚੜ੍ਹਾਇਆ ਨਹੀਂ ਜਾਂਦਾ ।

ਮਾਨਯੋਗ ਸਪੀਕਰ : ਬੀਬੀ ਜੀ, ਇਸ ਕੁਐਸਚਨ ਨਾਲ ਸਬੰਧਤ ਕੋਈ ਸਪਲੀਮੈਂਟਰੀ ਹੈ ਤਾਂ ਦੱਸੋ ।

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਜਿਹੜਾ ਇਹ ** ਬੋਲਿਆ ਜਾਂਦਾ ਹੈ, ਇਹ ਨਾ ਬੋਲਿਆ ਜਾਵੇ ਤੇ ਸੱਚਾਈ ਤੇ ਚੱਲ ਕੇ ਕਦੋਂ ਤੱਕ ਉਥੇ ਸਾਰਾ ਸਟਾਫ ਭੇਜ ਸਕਦੇ ਹੋ, ਮੈਨੂੰ ਇਸ ਬਾਰੇ ਦੱਸਿਆ ਜਾਵੇ **

Mr. Speaker : Not to be recorded.

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਇਸ ਵਾਸਤੇ ਟਾਈਮ

**Expunged/Not recorded as ordered by the Chair.

ਬਾਊਂਡ ਕੀਤਾ ਜਾਵੇ । ਕਿਤੇ 31 ਮਾਰਚ, 2016 ਤਾਂ ਨਹੀਂ ਹੈ । ਫਿਰ ਲਾਸਟ ਈਅਰ ਤੇ ਕਹੋ ਕਿ ਸਾਡੇ ਕੋਲੋਂ ਡਾਕਟਰ ਭੱਜ ਗਏ ਹਨ । ਮੈਨੂੰ ਦੱਸਿਆ ਜਾਵੇ ਕਿ ਇਸ ਨੂੰ ਟਾਈਮ ਬਾਊਂਡ ਕਰਕੇ ਕਦੋਂ ਤੱਕ ਸਾਰੀਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਸੋਚਦਾ ਸੀ ਕਿ ਕੋਈ ਸਵਾਲ ਆਵੇਗਾ ਪਰ ਇਨ੍ਹਾਂ ਨੇ ਤਾਂ ਸਵਾਲ ਵੀ ਆਪੇ ਕਰ ਦਿੱਤਾ ਤੇ ਜਵਾਬ ਵੀ ਆਪੇ ਦੇ ਦਿੱਤਾ ਹੈ। (ਵਿਘਨ) ਭੈਣ ਜੀ, ਮੈਂ ਤੁਹਾਡੀਆਂ ਸਾਰੀਆਂ ਗੱਲਾਂ ਸੁਣੀਆਂ ਹਨ, ਕਿਰਪਾ ਕਰਕੇ ਬੈਠੋ । ਇਨ੍ਹਾਂ ਨੇ ** ** ਦਾ ਪੁਲੰਦਾ ਕਹਿ ਦਿੱਤਾ, ਪਤਾ ਨਹੀਂ ਕਿੱਥੋਂ ਰਿਕਾਰਡ ਲਿਖ ਕੇ ਲਿਆਏ ਹਨ । I am giving a specific record ਕਿ ਕਿੰਨੀਆਂ ਪੋਸਟਾਂ ਸੈਂਕਸ਼ਨਡ ਹਨ, ਇਹ ਅਨੁਲਗ ਦੇ ੳ ਭਾਗ ਵਿੱਚ ਲਿਖ ਕੇ ਦਿੱਤਾ ਹੈ ਕਿ ਕਿੰਨੀਆਂ ਅਸਾਮੀਆਂ ਭਰੀਆਂ ਹਨ ਤੇ ਕਿੰਨੀਆਂ ਖਾਲੀ ਹਨ । ਅਸੀਂ ਕੁਝ ਵੀ ਛੁਪਾਇਆ ਨਹੀਂ ਹੈ । ਜਿਹੜੀਆਂ ਖਾਲੀ ਹਨ, ਉਹ ਬਿਲਕੁਲ ਖਾਲੀ ਲਿਖ ਕੇ ਹੀ ਦਿੱਤੀਆਂ ਹਨ । ਦੂਸਰੀ ਗੱਲ, ਮੈਂ ਮੈਡਮ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਿਤੀ 9.9.2014 ਨੂੰ ਇਹ ਹਸਪਤਾਲ ਸ਼ੁਰੂ ਹੋਇਆ ਸੀ ਔਰ ਹਾਲੇ 6 ਮਹੀਨੇ ਹੀ ਹੋਏ ਹਨ । ਛੇ ਮਹੀਨੇ ਵਿੱਚ ਅਸੀਂ ਉਥੇ ਜਿੰਨੇ ਡਾਕਟਰ ਤਾਇਨਾਤ ਕੀਤੇ ਹਨ, ਉਹ ਇਸ ਜਵਾਬ ਵਿੱਚ ਲਿਖ ਕੇ ਦਿੱਤੇ ਹਨ । ਜਿਹੜੀਆਂ ਅਸਾਮੀਆਂ ਖਾਲੀ ਹਨ, ਉਸ ਵਿੱਚ ਰੈਡੀਓਲੋਜਿਸਟ, ਸਾਈਕੈਟਰਿਸਟ ਔਰ ਬਲੱਡ ਟਰਾਂਸਫਿਊਜ਼ਨ ਦੀਆਂ ਅਸਾਮੀਆਂ ਸ਼ਾਮਲ ਹਨ ।

ਮਾਨਯੋਗ ਸਪੀਕਰ : ** ਐਕਸਪੰਜ ਕਰ ਦਿੱਤਾ ਜਾਵੇ ।

ਮੰਤਰੀ : ਅਸੀਂ ਕਨੂੰਨ ਵਿੱਚ ਤਰਮੀਮ ਕੀਤੀ ਹੈ ਔਰ ਕੁਝ ਡਾਕਟਰਾਂ ਦੀ ਡਿਪਲੋਮਾ ਹੋਲਡਰ ਕੈਟਾਗਰੀ ਵੀ ਅਲਾਓ ਕੀਤੀ ਹੈ । ਹੁਣ ਨਵੀਂ ਭਰਤੀ ਵਾਕ-ਇੰਨ-ਇੰਟਰਵਿਊ ਰਾਹੀਂ ਕਰ ਰਹੇ ਹਾਂ, ਉਸ ਵਿੱਚ ਪੂਰੇ ਕਰ ਦਿੱਤੇ ਜਾਣਗੇ । ਬਾਕੀ ਜਿੱਥੋਂ ਤੱਕ ਮਾਲੀ, ਕਲਰਕ ਅਤੇ ਨਰਸਿਜ਼ ਦਾ ਸਬੰਧ ਹੈ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ 14 ਪੋਸਟਾਂ ਉਥੇ ਨਰਸਿਜ਼ ਦੀਆਂ ਸੈਂਕਸ਼ਨਡ ਸਨ ਤੇ 18 ਨਰਸਿਜ਼ ਲੱਗੀਆਂ ਹੋਈਆਂ ਸਨ। ਹੁਣ ਇਹ ਇਸ ਕਰਕੇ ਵੱਧ ਗਏ ਹਨ ਕਿਉਂਕਿ ਇਸ ਵਿੱਚ ਕੁਝ ਨਵੀਆਂ ਪੋਸਟਾਂ ਐਡ ਹੋਈਆਂ ਹਨ ਜਿਸ ਕਰਕੇ ਨਵੀਆਂ ਨਰਸਿੰਗ ਸਟਾਫ ਦੀਆਂ ਪੋਸਟਾਂ ਦੀ ਲੋੜ ਵੱਧ ਗਈ

**Expunged as ordered by the Chair.

[ਸੰਸਦੀ ਮਾਮਲੇ ਮੰਤਰੀ]

ਹੈ । ਉਸ ਬਾਰੇ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਤੇ ਇਹ ਅਸਾਮੀਆਂ ਵੀ ਜਲਦੀ ਤੋਂ ਜਲਦੀ ਭਰਨ ਦੀ ਕੋਸ਼ਿਸ਼ ਕਰਾਂਗੇ ।

ਸ਼੍ਰੀਮਤੀ ਗੁਰਇਕਬਾਲ ਕੌਰ : ਸਪੀਕਰ ਸਾਹਿਬ, ਤੁਸੀਂ ਵੀ ਮੇਰੇ ਬਹੁਤ ਨੇੜੇ ਰਹਿੰਦੇ ਹੋ ਤੇ ਮਿੱਤਲ ਸਾਹਿਬ ਵੀ ਮੇਰੇ ਗੁਆਂਢੀ ਹਨ । ਇਨ੍ਹਾਂ ਨੂੰ ਕਹੋ ਕਿ ਆਪਾਂ ਇੱਕ ਦਿਨ ਜਾ ਕੇ ਉਥੇ ਰਾਊਂਡ ਮਾਰ ਕੇ ਆਈਏ, because I am not satisfied.

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਸਾਡੇ ਜ਼ਿਲ੍ਹੇ ਦਾ ਹਸਪਤਾਲ ਹੈ । ਮੰਤਰੀ ਸਾਹਿਬ ਨੇ ਪਹਿਲੀ ਗੱਲ ਕਹੀ ਹੈ ਕਿ ਇਹ ** ** ਹੈ । ਠੀਕ ਹੈ ਕਿ ਤੁਸੀਂ ਐਕਸਪੰਜ ਕਰ ਦਿੱਤੇ ਹਨ ।

ਮਾਨਯੋਗ ਸਪੀਕਰ : ਇਹ ** ਲਫਜ਼ ਐਕਸਪੰਜ ਕਰਵਾ ਦਿੱਤਾ ਹੈ ।

Minister : Such marks are uncalled for. ਅਸੀਂ ਰਿਕਾਰਡ ਤੇ ਚੀਜ਼ ਦੇ ਰਹੇ ਹਾਂ ਤੇ ਇਹ ** ਕਿਵੇਂ ਕਹਿ ਸਕਦੇ ਹਨ ।

ਮਾਨਯੋਗ ਸਪੀਕਰ : ਉਹ ਮੈਂ ਪਹਿਲਾਂ ਹੀ ਐਕਸਪੰਜ ਕਰਵਾ ਦਿੱਤਾ ਹੈ ।

ਸ਼੍ਰੀ ਤਰਲੋਚਨ ਸਿੰਘ : ਉਹ ਐਕਸਪੰਜ ਹੋ ਗਏ ਹਨ । ਮਿੱਤਲ ਸਾਹਿਬ, ਮੈਂ ਤਾਂ ਪਹਿਲਾਂ ਹੀ ਇਹ ਗੱਲ ਕਹਿ ਰਿਹਾ ਹਾਂ ਕਿ ਤੌਖਲੇ ਵਿੱਚ ਨਾ ਆਓ ।

ਮਾਨਯੋਗ ਸਪੀਕਰ : ਮੈਂ ਤਾਂ ਜਦੋਂ ਇਨ੍ਹਾਂ ਨੇ ਕਿਹਾ ਸੀ, ਉਦੋਂ ਹੀ ਐਕਸਪੰਜ ਕਰਵਾ ਦਿੱਤੇ ਸਨ ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਹਸਪਤਾਲ ਪਹਿਲੀ ਵਾਰ ਬਣਿਆ ਹੈ ? ਸਪੀਕਰ ਸਾਹਿਬ, ਇਹ ਸਿਰਫ ਬਿਲਡਿੰਗ ਬਾਹਰ ਲੈ ਕੇ ਗਏ ਹਨ, ਹਸਪਤਾਲ ਤਾਂ ਉਥੇ ਬਹੁਤ ਦੇਰ ਦਾ ਚਲਦਾ ਹੈ । ਇਹ ਨਵਾਂ ਸ਼ਹਿਰ ਜ਼ਿਲ੍ਹੇ ਦਾ ਹਸਪਤਾਲ ਹੈ । ਇਸ ਵਿਚ ਜਿਹੜੀ ਸਟਾਫ ਦੀ ਸ਼ਾਰਟੇਜ ਹੈ, ਉਹ ਵਾਕਿਆ ਹੀ ਜੈਨੂਅਨ ਪ੍ਰਾਬਲਮ ਹੈ। ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ ? ਸਰਕਾਰੀ ਹਸਪਤਾਲ ਵਿੱਚ ਤਾਂ ਗਰੀਬ ਲੋਕ ਹੀ ਜਾਂਦੇ ਹਨ । ਇਸ ਕਰਕੇ ਇਸ ਨੂੰ

**Expunged as ordered by the Chair.

ਟਾਈਮ ਬਾਊਂਡ ਕੀਤਾ ਜਾਵੇ । ਮੈਨੂੰ ਲੱਗਦਾ ਹੈ ਕਿ ਮੰਤਰੀ ਸਾਹਿਬ ਕੋਲ ਇਨਫਰਮੇਸ਼ਨ ਨਹੀਂ ਹੈ ਕਿਉਂਕਿ ਇਹ ਮਹਿਕਮਾ ਵੀ ਇਨ੍ਹਾਂ ਕੋਲ ਨਹੀਂ ਹੈ ਜਾਂ ਫਿਰ ਇਹ ਅਸਾਮੀਆਂ ਭਰਨੀਆਂ ਨਹੀਂ ਚਾਹੁੰਦੇ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਅਸਾਮੀਆਂ ਭਰਨ ਲਈ ਟਾਈਮ ਬਾਊਂਡ ਕੀਤਾ ਜਾਵੇ ।

ਮਾਨਯੋਗ ਸਪੀਕਰ : ਹਾਲੇ ਇਸ ਹਸਪਤਾਲ ਚਾਲੂ ਹੋਏ ਨੂੰ 3-4 ਮਹੀਨੇ ਹੀ ਹੋਏ ਹਨ । ਹਾਂ ਜੀ, ਅਗਲਾ ਸਵਾਲ।

ਸੀਵਰੇਜ ਪਲਾਂਟ ਲਾਉਣ ਲਈ ਪ੍ਰਾਪਤ ਕੀਤੀ ਗਈ ਜ਼ਮੀਨ ਦੀ ਅਦਾਇਗੀ ਕਰਨਾ

***1783. ਸ਼੍ਰੀ ਐਸ.ਆਰ.ਕਲੇਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਾਲ 2012 ਵਿੱਚ ਪਿੰਡ ਪਧਿਆਣਾ, ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਸੀਵਰੇਜ ਪਲਾਂਟ ਲਾਉਣ ਦੀ ਸਰਕਾਰ ਨੇ ਮਨਜ਼ੂਰੀ ਦਿੱਤੀ ਸੀ ਜਿਸ ਵਾਸਤੇ ਪਿੰਡ ਦੀ ਪੰਚਾਇਤ ਵੱਲੋਂ ਪ੍ਰਾਪਤ ਕੀਤੀ 24 ਕਨਾਲ 16 ਮਰਲੇ ਜ਼ਮੀਨ ਦੀ ਅਦਾਇਗੀ ਅਜੇ ਕਰਨੀ ਰਹਿੰਦੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਇਹ ਵੀ ਠੀਕ ਹੈ ਕਿ ਪਿੰਡ ਦੀ ਪੰਚਾਇਤ ਕੋਲ ਜ਼ਮੀਨ ਦੀ ਕੀਮਤ ਦੀ ਅਦਾਇਗੀ ਕਰਨ ਲਈ ਫੰਡਜ਼ ਉਪਲਬਧ ਹਨ ਅਤੇ ਸਬੰਧਤ ਪਾਰਟੀ ਨੂੰ ਅਦਾਇਗੀ ਕਰਨ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਕੋਲ ਵਿਭਾਗੀ ਪ੍ਰਵਾਨਗੀ ਦੇਣ ਦਾ ਮਾਮਲਾ ਲੰਮੇ ਸਮੇਂ ਤੋਂ ਲੰਬਿਤ ਹੈ; ਜੇਕਰ ਅਜਿਹਾ ਹੋਵੇ ਤਾਂ ਅਦਾਇਗੀ ਕਰਨ ਲਈ ਵਿਭਾਗੀ ਪ੍ਰਵਾਨਗੀ ਦੇਣ ਵਿੱਚ ਹੋਈ ਦੇਰੀ ਦੇ ਕੀ ਕਾਰਨ ਹਨ ਅਤੇ ਲੋੜੀਂਦੀ ਪ੍ਰਵਾਨਗੀ ਜਾਰੀ ਕਰਨ ਵਿੱਚ ਹੋਰ ਕਿੰਨਾਂ ਸਮਾਂ ਲੱਗੇਗਾ, ਵੇਰਵਾ ਦਿੱਤਾ ਜਾਵੇ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ੍ਰੀਮਾਨ ਜੀ, ਹਾਂ ਜੀ। ਇਹ ਠੀਕ ਹੈ ਕਿ ਸਾਲ 2012 ਵਿੱਚ ਪਿੰਡ ਪਧਿਆਣਾ, ਬਲਾਕ ਆਦਮਪੁਰ, ਜ਼ਿਲ੍ਹਾ ਜਲੰਧਰ ਵਿਖੇ ਸੀਵਰੇਜ ਪਲਾਂਟ ਲਗਾਉਣ ਲਈ ਜਗ੍ਹਾ ਖਰੀਦ ਕਰਨ ਲਈ

[ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

ਕਾਰਜਬਾਦ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰਬਰ 8/12/2013/ਐਲ.ਡੀ.-2/ਜਲ/16636-42, ਮਿਤੀ 30-12-2014 ਰਾਹੀਂ ਦਿੱਤੀ ਗਈ ਸੀ। ਇਸ ਦੀ ਕੁੱਲ ਅਦਾਇਗੀ 28,99,000/- ਰੁਪਏ ਪੰਚਾਇਤ ਵੱਲੋਂ ਕਰ ਦਿੱਤੀ ਗਈ ਹੈ।

ਸ਼੍ਰੀ ਐਸ.ਆਰ. ਕਲੇਰ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਦੋ ਸਾਲ ਤੋਂ ਬਾਅਦ ਕਾਰਜਬਾਦ ਪ੍ਰਵਾਨਗੀ ਦਿੱਤੀ ਗਈ ਹੈ। ਕੀ ਮਹਿਕਮੇ ਨੇ ਇਹ ਲੋੜ ਤੋਂ ਵੱਧ ਸਮਾਂ ਨਹੀਂ ਲਗਾਇਆ ਗਿਆ, ਕੀ ਮੰਤਰੀ ਜੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ?

ਮੁੱਖ ਸੰਸਦੀ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) : ਸਪੀਕਰ ਸਾਹਿਬ, ਸਪਲੀਮੈਂਟਰੀ।

ਮਾਨਯੋਗ ਸਪੀਕਰ : ਤੁਸੀਂ ਇਨ੍ਹਾਂ ਤੋਂ ਬਾਅਦ ਸਪਲੀਮੈਂਟਰੀ ਕਰ ਲੈਣਾ ਕਿਉਂਕਿ ਕੁਐਸਚਨ ਇਨ੍ਹਾਂ ਦਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਸ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ ਅਤੇ ਪੈਸੇ ਵੀ ਜਿਹੜੇ ਬਣਦੇ ਸੀ, ਉਹ ਦੇ ਦਿੱਤੇ ਗਏ ਹਨ। ਜਿੰਨੀ ਅਦਾਇਗੀ ਸੀ, ਉਹ ਕਰ ਦਿੱਤੀ ਗਈ ਹੈ।

ਮੁੱਖ ਸੰਸਦੀ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ : ਮਾਨਯੋਗ ਸਪੀਕਰ ਸਾਹਿਬ, ਇਹ ਪਧਿਆਣਾ ਪਿੰਡ ਮੇਰੇ ਹਲਕੇ ਦਾ ਪਿੰਡ ਹੈ। ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਾਲ 2012 ਵਿੱਚ ਇਸ ਪਿੰਡ ਵਿੱਚ ਸੀਵਰੇਜ ਪਾਉਣ ਦਾ ਹੁਕਮ ਦਿੱਤਾ ਸੀ ਔਰ ਇਸ ਦਾ ਸਾਰਾ ਪ੍ਰੋਸੈਸ ਜਨਵਰੀ, 2013 ਤੋਂ ਸਟਾਰਟ ਹੋਇਆ। ਇਹ ਬਹੁਤ ਹੀ ਮਸ਼ਹੂਰ ਪਿੰਡ ਹੈ। ਭਾਰਤੀ ਸੈਨਾ ਵਿੱਚ ਇਸ ਪਿੰਡ ਦੇ ਬਹੁਤ ਸਾਰੇ ਜਵਾਨਾਂ ਨੇ ਸ਼ਹੀਦੀਆਂ ਅਤੇ ਸੇਵਾਵਾਂ ਵੀ ਦਿੱਤੀਆਂ ਹਨ। ਦੋ ਸਾਲ ਵਾਲੀ ਜਿਹੜੀ ਗੱਲ ਕਲੇਰ ਸਾਹਿਬ ਨੇ ਕਹੀ ਹੈ, ਇਨ੍ਹਾਂ ਦੋ ਸਾਲਾਂ ਵਿੱਚ, ਮਾਨਯੋਗ ਸਪੀਕਰ ਸਾਹਿਬ, ਬਹੁਤ ਸਾਰੀਆਂ ਕੁਐਰੀਜ਼, ਬਹੁਤ ਸਾਰੇ ਆਬਜੈਕਸ਼ਨਜ਼ ਰੂਰਲ ਡਿਵੈਲਪਮੈਂਟ ਵਿਭਾਗ ਵੱਲੋਂ ਰੱਖੇ ਗਏ। ਜਲੰਧਰ ਤੋਂ ਪਧਿਆਣੇ ਦੀ ਪੰਚਾਇਤ ਨੂੰ ਅਤੇ ਉਥੋਂ ਦੇ ਬੀ.ਡੀ.ਓ. ਨੂੰ ਵਾਰ ਵਾਰ ਸੱਦਿਆ ਗਿਆ ਔਰ ਆਖਿਰ ਦੋ ਸਾਲ ਬਾਅਦ ਇਸ ਦੀ ਪ੍ਰਵਾਨਗੀ ਮਿਲੀ ਹੈ। ਅੱਜ,

ਸਪੀਕਰ ਸਾਹਿਬ, ਲੋਕ ਕੰਪਿਊਟਰ ਦੇ ਕਲਿੱਕ ਉਤੇ ਰਿਜ਼ਲਟ ਚਾਹੁੰਦੇ ਹਨ। ਇਸ ਪੰਚਾਇਤ ਨੇ ਆਪਣੇ ਪੈਸੇ ਉਸ ਜ਼ਿਮੀਂਦਾਰ ਨੂੰ ਦੇਣੇ ਸੀ, ਜਿਸ ਨੇ ਸੀਵਰੇਜ ਪਾਉਣ ਲਈ ਜ਼ਮੀਨ ਦਿੱਤੀ ਹੈ। ਜਿਹੜਾ ਪੈਸਾ ਸਰਕਾਰ ਦੇ ਖਜ਼ਾਨੇ ਵਿਚੋਂ ਨਹੀਂ ਜਾਣਾ ਸੀ, ਪੰਚਾਇਤ ਨੇ ਦੇਣਾ ਸੀ ਤਾਂ ਇਸ ਨੂੰ ਸਿਰਫ ਪ੍ਰਵਾਨਗੀ ਦੇਣ ਲਈ ਹੀ ਦੋ ਸਾਲ ਦਾ ਸਮਾਂ ਲਗਾ ਦਿੱਤਾ ....

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਤਾਂ ਪੁੱਛੋ।

ਮੁੱਖ ਸੰਸਦੀ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ : ਮਾਨਯੋਗ ਮੰਤਰੀ ਜੀ, ਜਿਹੜੀ ਦੋ ਸਾਲ ਦੀ ਦੇਰੀ ਹੋਈ ਹੈ, ਕੀ ਉਸ ਦੀ ਕੋਈ ਇਨਕੁਆਇਰੀ ਕਰਵਾਉਣਗੇ ਕਿ ਇਹ ਦੇਰੀ ਕਿਉਂ ਹੋਈ ਹੈ ? ਕਿਹੜਾ ਡਿਪਾਰਟਮੈਂਟ ਜਾਂ ਕਿਹੜੇ ਲੈਵਲ ਤੇ ਇਸ ਦੀ ਕੁਤਾਹੀ ਹੋਈ ਹੈ। ਜੇ ਇਸੇ ਸਪੀਡ ਨਾਲ ਕੰਮ ਚੱਲੇਗਾ ਤਾਂ ਆਪਾਂ ਕਿਸ ਤਰ੍ਹਾਂ ਵਿਕਾਸ ਕਰ ਸਕਾਂਗੇ। ਕੀ ਇਸ ਦੀ ਕੋਈ ਇਨਕੁਆਇਰੀ ਹੋਏਗੀ। ਕੀ ਕਿਸੇ ਨੂੰ ਜ਼ਿੰਮੇਵਾਰ ਬਣਾਇਆ ਜਾਵੇਗਾ? (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)

ਮੰਤਰੀ : ਸਪੀਕਰ ਸਾਹਿਬ, ਜੇ ਕਿਸੇ ਨੇ ਜਾਣਬੁੱਝ ਕੇ ਕੁਤਾਹੀ ਕੀਤੀ ਹੋਏਗੀ ਤਾਂ ਉਸ ਦੀ ਪੂਰੀ ਪੜਤਾਲ ਕਰਕੇ ਜ਼ਰੂਰ ਸਜ਼ਾ ਦਿੱਤੀ ਜਾਵੇਗੀ।

ਮਾਨਯੋਗ ਸਪੀਕਰ : ਅਗਲਾ ਸਵਾਲ, ਬੀਬੀ ਜਗੀਰ ਕੌਰ।

ਸੀਵਰੇਜ ਦੇ ਕੰਮ ਨੂੰ ਮੁਕੰਮਲ ਕਰਨਾ

*1782. **ਬੀਬੀ ਜਗੀਰ ਕੌਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਦੇ ਕਸਬਾ ਭੁਲੱਥ ਅਤੇ ਬੇਗੋਵਾਲ ਵਿੱਚ ਸੀਵਰੇਜ ਪਾਉਣ ਦੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

ਸ਼੍ਰੀ ਅਨਿਲ ਜੋਸ਼ੀ : ਕਸਬਾ ਭੁਲੱਥ ਵਿਖੇ ਢਾਈ ਕਿਲੋਮੀਟਰ ਬਰਾਂਚ ਸੀਵਰ ਲਾਈਨ ਤੋਂ ਇਲਾਵਾ ਬਾਕੀ ਸੀਵਰੇਜ ਅਤੇ ਐਸ.ਟੀ.ਪੀ. ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਬਕਾਇਆ ਰਹਿੰਦੀ ਢਾਈ ਕਿਲੋਮੀਟਰ ਬਰਾਂਚ ਸੀਵਰ ਲਾਈਨ ਲਈ ਫੰਡਾਂ ਦਾ ਪ੍ਰਬੰਧ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

[ਸਥਾਨਕ ਸਰਕਾਰ ਮੰਤਰੀ]

ਕਸਬਾ ਬੇਗੋਵਾਲ ਵਿਖੇ ਦੋ ਕਿਲੋਮੀਟਰ ਸੀਵਰ ਲਾਈਨ ਤੋਂ ਇਲਾਵਾ ਬਾਕੀ ਸੀਵਰੇਜ ਅਤੇ ਐਸ.ਟੀ.ਪੀ. ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਬਕਾਇਆ ਰਹਿੰਦੀ ਦੋ ਕਿਲੋਮੀਟਰ ਬਰਾਂਚ ਸੀਵਰ ਲਾਈਨ ਲਈ ਫੰਡਾਂ ਦਾ ਪ੍ਰਬੰਧ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹਾਂਗੀ ਕਿ .....

ਮਾਨਯੋਗ ਸਪੀਕਰ : ਦੱਸਣਾ ਨਹੀਂ, ਪੁੱਛੋ ਤੁਸੀਂ।

ਬੀਬੀ ਜਗੀਰ ਕੌਰ : ਚਲੋ, ਮੈਂ ਪਹਿਲਾਂ ਦੱਸ ਦਿੰਦੀ ਹਾਂ। ਇਸ ਕੰਮ ਨੂੰ ਤਕਰੀਬਨ ਚਾਰ, ਸਾਢੇ ਚਾਰ ਸਾਲ ਹੋ ਗਏ ਹਨ। ਇਹ ਕੰਮ ਕੰਪਲੀਸ਼ਨ ਤੇ ਹੀ ਹੈ। ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਉਚੇਚੇ ਤੌਰ ਤੇ ਸਾਡੇ ਤਿੰਨ ਸ਼ਹਿਰਾਂ ਵਾਸਤੇ ਤਕਰੀਬਨ 72 ਕਰੋੜ ਰੁਪਏ ਦਾ ਸੀਵਰੇਜ ਦਿੱਤਾ ਸੀ ਪਰ ਉਸ ਦੇ ਵਿੱਚ ਇੰਨਾ ਲੰਬਾ ਸਮਾਂ ਲੱਗਿਆ, ਸ਼ਾਇਦ ਇਨ੍ਹਾਂ ਦੀ ਨਾਲੇਜ ਵਿੱਚ ਹੈ ਪਰ ਇਹ ਚਾਰ ਕਿਲੋਮੀਟਰ ਬੇਗੋਵਾਲ ਅਤੇ ਢਾਈ ਕਿਲੋਮੀਟਰ ਭੁਲੱਥ ਵਿੱਚ ਰਹਿੰਦਾ ਹੈ। ਕੀ ਇਹ ਦੱਸਣਗੇ ਕਿ ਇੱਕ ਮਹੀਨੇ ਜਾਂ ਦੋ ਮਹੀਨੇ ਜਾਂ ਕੋਈ ਸਮਾਂਬੱਧ ਕਰਨਗੇ ਕਿ ਇੰਨੇ ਸਮੇਂ ਵਿੱਚ ਮੁਕੰਮਲ ਕੀਤਾ ਜਾਵੇਗਾ। ਬਾਕੀ ਸਾਡਾ ਉਥੇ ਰੋਜ਼ ਪੁੱਟਿਆ ਰਹਿੰਦਾ ਹੈ, ਕਿਸੇ ਨਾ ਕਿਸੇ ਪਾਸਿਉਂ ਲੀਕ ਹੁੰਦਾ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਸ ਨੂੰ ਤੁਰੰਤ ਪਹਿਲ ਦੇ ਆਧਾਰ ਤੇ ਪੂਰਾ ਕੀਤਾ ਜਾਵੇਗਾ।

ਮਾਨਯੋਗ ਸਪੀਕਰ : ਕੀ ਆਪਾਂ ਸਮਾਂਬੱਧ ਕਰ ਸਕਦੇ ਹਾਂ?

ਮੰਤਰੀ : ਬਿਲਕੁਲ ਜੀ, ਅਸੀਂ ਜਲਦੀ ਹੀ ਕਰ ਦੇਵਾਂਗੇ। ਪੈਸਿਆਂ ਦਾ ਪ੍ਰਬੰਧ ਕਰ ਰਹੇ ਹਾਂ, ਇਹ ਤਾਂ ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ..(ਆਪੋਜੀਸ਼ਨ ਪਾਰਟੀ ਵੱਲੋਂ ਹਾਸਾ).. ਰਹਿੰਦਾ ਕੀ ਹੈ ਜੀ। ਤੁਸੀਂ ਹੱਸ ਰਹੇ ਹੋ, ਕੋਈ ਰਹਿੰਦਾ ਨਹੀਂ ਹੈ। ਸਿਰਫ ਢਾਈ ਕਿਲੋਮੀਟਰ ਬਰਾਂਚ ਰਹਿੰਦੀ ਹੈ ....(ਵਿਘਨ).... ਇੱਕ ਮਿੰਟ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ। ਇਹ ਬਹੁਤ ਖੁਸ਼ ਹੋਏ ਹਨ, ਮੈਂ ਇਨ੍ਹਾਂ ਨੂੰ ਖੁਸ਼ੀ ਵਾਲੀ ਗੱਲ ਦੱਸ ਦੇਵਾਂ ਕਿ ਇਹ 16.60 ਕਰੋੜ ਰੁਪਏ ਦਾ ਪ੍ਰਾਜੈਕਟ ਸੀ ਤੇ 16.81 ਕਰੋੜ ਰੁਪਿਆ ਖਰਚਾ ਹੋ ਚੁੱਕਾ ਹੈ। ਭਾਰਤ ਸਰਕਾਰ ਦਾ ਪੂਰਾ ਹਿੱਸਾ 10.79 ਕਰੋੜ ਰੁਪਿਆ ਆ ਚੁੱਕਾ ਹੈ ਉਸ ਤੋਂ ਬਾਅਦ ਪੰਜਾਬ ਸਰਕਾਰ ਨੇ ਫੰਡ ਦੇ ਦਿੱਤੇ ਹਨ। ਇਨ੍ਹਾਂ ਦਾ ਐਸ.ਟੀ.ਪੀ. ਚਲ ਰਿਹਾ ਹੈ, ਸਾਰਾ ਸਿਸਟਮ

ਚੱਲ ਰਿਹਾ ਹੈ, ਸਿਰਫ ਢਾਈ ਕਿਲੋਮੀਟਰ ਦਾ ਕੰਮ ਰਹਿ ਗਿਆ ਹੈ । ਇਹ ਭੁੱਲਥ ਦਾ ਹੈ। ਦੂਜਾ ਜਿਹੜਾ ਬੇਗੋਵਾਲ ਦਾ ਹੈ ਉਸ ਦਾ ਸਿਰਫ ਦੋ ਕਿਲੋਮੀਟਰ ਬਰਾਂਚ ਦਾ ਕੰਮ ਰਹਿੰਦਾ ਹੈ, ਇਨ੍ਹਾਂ ਦੇ ਮੁਤਾਬਿਕ ਚਾਰ ਕਿਲੋਮੀਟਰ ਰਹਿੰਦਾ ਹੈ, ਚਲੋ, ਉਸ ਦੀ ਵੀ ਮਿਣਤੀ ਦੁਬਾਰਾ ਕਰਵਾ ਲਵਾਂਗੇ।

ਸ਼੍ਰੀ ਰਾਕੇਸ਼ ਪਾਂਡੇ (ਬੈਠੇ-ਬੈਠੇ) : ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

ਮੰਤਰੀ : ਉਸ ਵਿਚ ਰਹਿ ਕੀ ਗਿਆ ਹੈ ਜੀ, ਇਹ ਛੇ ਮਹੀਨਿਆਂ ਵਿਚ ਕਰ ਦਿਆਂਗੇ। ਪੈਸਿਆਂ ਦਾ ਪ੍ਰਬੰਧ ਕਰ ਲਵਾਂਗੇ, ਛੇ ਮਹੀਨਿਆਂ ਵਿਚ ਕਰ ਦਿਆਂਗੇ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਸਪਲੀਮੈਂਟਰੀ...

ਮਾਨਯੋਗ ਸਪੀਕਰ : ਇਸ ਕੁਐਸਚਨ ਨਾਲ ਸਬੰਧਤ ਹੈ ? (ਵਿਘਨ)

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਕਪੂਰਥਲਾ ਦੇ ਨਾਲ ਸਬੰਧਤ ਹੈ (ਵਿਘਨ)

ਬੀਬੀ ਜਗੀਰ ਕੌਰ : ਵੇਖੋ, ਮੈਂ ਸੀ.ਐਮ.ਸਾਹਿਬ ਦੀ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਸਾਡੇ ਇਸ ਕੰਮ ਨੂੰ ਬੜੇ ਚੰਗੇ ਢੰਗ ਨਾਲ ਕੀਤਾ ਹੈ। ਹੁਣ ਵੀ ਮੈਨੂੰ ਆਸ ਹੀ ਨਹੀਂ ਬਲਕਿ ਵਿਸ਼ਵਾਸ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਛੇ ਮਹੀਨੇ ਕਿਹਾ ਹੈ । ਮੈਨੂੰ ਤਾਂ ਲੱਗਦਾ ਹੈ ਕਿਉਂਕਿ ਮੈਂ ਇਸ ਬਾਰੇ ਸੀ.ਐਮ.ਸਾਹਿਬ ਨੂੰ ਕਿਹਾ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਇਸ ਨੂੰ ਪਹਿਲ ਦੇ ਆਧਾਰ ਤੇ ਬਹੁਤ ਜਲਦੀ ਕੀਤਾ ਜਾਵੇਗਾ। ਬਹੁਤ ਬਹੁਤ ਧੰਨਵਾਦ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਰਾਣਾ ਜੀ ਤੁਹਾਡਾ ਇਸ ਕੁਐਸਚਨ ਨਾਲ ਕੋਈ ਸਬੰਧ ਹੈ?

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਜ਼ਿਲ੍ਹੇ ਵਾਲੀ ਗੱਲ ਹੈ..

ਮਾਨਯੋਗ ਸਪੀਕਰ : ਨੋ, ਨੋ, ਜ਼ਿਲ੍ਹੇ ਵਾਲੀ ਕੋਈ ਗੱਲ ਨਹੀਂ ।(ਵਿਘਨ) ਨੈਕਸਟ ਸਵਾਲ, ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਸਵਾਲ ਕਿਸੇ ਦਾ ਹੈ ਪਰ ਸਰ, ਕਿਸੇ ਦੂਜੇ ਨੂੰ ਕੋਈ ਸਪਲੀਮੈਂਟਰੀ ਕਰਨ ਦੇ ਦਿਉ । ਇਹ ਕਪੂਰਥਲੇ ਜ਼ਿਲ੍ਹੇ ਨਾਲ ਸਬੰਧਤ ਹੈ, ਇਸ ਦਾ ਜਵਾਬ ਇਨ੍ਹਾਂ ਨੂੰ ਦੇਣਾ ਚਾਹੀਦਾ ਹੈ। (ਵਿਘਨ)

ਮਾਨਯੋਗ ਸਪੀਕਰ : ਜ਼ਿਲ੍ਹੇ ਨਾਲ ਨਹੀਂ । ਜੇਕਰ ਇਸ ਕੁਐਸਚਨ ਨਾਲ ਸਬੰਧਤ ਹੋਵੇ ਤਾਂ ਦੱਸੋ। (ਵਿਘਨ) ਮੈਂ to be very frank, ਗੱਲ ਕਰਨੀ ਚਾਹੁੰਦਾ ਹਾਂ (ਵਿਘਨ) ਰਾਣਾ ਜੀ, ਪਲੀਜ਼ ਬੈਠ ਜਾਉ, ਇਕ ਮਿੰਟ ਬੈਠ ਜਾਓ। ਮੈਂ ਕਿਹਾ ਜੀ ਬੈਠ ਜਾਉ । (ਵਿਘਨ) ਰਾਣਾ ਜੀ address to the Chair. ਹਾਂ ਜੀ ਅਗਲਾ ਸਵਾਲ ਸ਼ਿਵਾਲਿਕ ਜੀ।

ਸਕੂਲ ਖੋਲ੍ਹਣ ਲਈ ਪੰਚਾਇਤੀ ਜ਼ਮੀਨ ਦੇਣਾ

***1761. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਜ਼ਿਲ੍ਹਾ ਲੁਧਿਆਣਾ ਦੇ ਪਿੰਡ ਧਾਂਦਰਾ ਵਿੱਚ ਦਸੰਬਰ, 2010 ਵਿੱਚ ਸ਼੍ਰੀ ਗੁਰੂ ਹਰਕ੍ਰਿਸ਼ਨ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਲਈ ਸਰਕਾਰ ਦੀ ਪ੍ਰਵਾਨਗੀ ਨਾਲ ਸਕੂਲ ਦੇ ਪ੍ਰਬੰਧਕਾਂ ਨੂੰ ਕਿੰਨੀ ਪੰਚਾਇਤੀ ਜ਼ਮੀਨ ਦਿੱਤੀ ਗਈ ਸੀ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲ ਦੇ ਪ੍ਰਬੰਧਕਾਂ ਵੱਲੋਂ ਪੰਚਾਇਤੀ ਜ਼ਮੀਨ ਲੈਣ ਵੇਲੇ ਕੀਤੇ ਗਏ Agreement ਵਿੱਚ ਤੈਅ ਕੀਤੀਆਂ ਗਈਆਂ ਸ਼ਰਤਾਂ (Terms and Conditions) ਦੀ ਪਾਲਣਾ ਕੀਤੀ ਜਾ ਰਹੀ ਹੈ? ਜੇਕਰ ਅਜਿਹਾ ਹੈ ਤਾਂ ਇਸ ਦੇ Agreement ਦੀ ਇੱਕ ਕਾਪੀ ਸਦਨ ਦੀ ਮੇਜ ਤੇ ਰੱਖੀ ਜਾਵੇ ;

(ੲ) ਉਕਤ ਸਕੂਲ ਵਿੱਚ ਇਸ ਵੇਲੇ ਪੜ੍ਹਦੇ ਕੁੱਲ ਵਿਦਿਆਰਥੀਆਂ ਵਿੱਚੋਂ ਪਿੰਡ ਧਾਂਦਰਾ ਦੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ;

(ਸ) ਜੇਕਰ ਉਪਰੋਕਤ ਭਾਗ (ਅ) ਵਿੱਚ ਵਰਣਿਤ ਸਕੂਲ ਦੇ ਪ੍ਰਬੰਧਕਾਂ ਵੱਲੋਂ Agreement ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ ਤਾਂ ਸਰਕਾਰ ਇਸ Agreement ਨੂੰ ਰੱਦ ਕਰਕੇ ਪੰਚਾਇਤੀ

ਜ਼ਮੀਨ ਸਕੂਲ ਤੋਂ ਵਾਪਿਸ ਲੈਣ ਲਈ ਕੀ ਕਾਰਵਾਈ ਕਰ ਰਹੀ ਹੈ?

ਡਾਕਟਰ ਦਲਜੀਤ ਸਿੰਘ ਚੀਮਾ : (ੳ) ਪਿੰਡ ਧਾਂਦਰਾ, ਜ਼ਿਲ੍ਹਾ ਲੁਧਿਆਣਾ ਵਿਖੇ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਨੂੰ ਆਦਰਸ਼ ਸਕੂਲ ਦੀ ਸਥਾਪਨਾ ਵਾਸਤੇ 16 ਬਿੱਘੇ ਜ਼ਮੀਨ 99 ਸਾਲਾ ਲੀਜ਼ ਤੇ ਦਿੱਤੀ ਗਈ ਹੈ।

(ਅ) ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਇਕਰਾਰਨਾਮੇ ਵਿੱਚ ਤੈਅ ਕੀਤੀਆਂ ਗਈਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ ਅਤੇ ਇਕਰਾਰਨਾਮੇ ਦੀ ਕਾਪੀ ਨਾਲ ਨੱਥੀ ਹੈ।

(ੲ) ਆਦਰਸ਼ ਸਕੂਲ ਧਾਂਦਰਾ ਵਿਖੇ ਕੁੱਲ 634 ਵਿਦਿਆਰਥੀਆਂ ਵਿੱਚੋਂ 308 ਵਿਦਿਆਰਥੀ ਪਿੰਡ ਧਾਂਦਰਾ ਨਾਲ ਸਬੰਧਤ ਹਨ।

(ਸ) ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਵੱਲੋਂ ਇਕਰਾਰਨਾਮੇ ਵਿੱਚ ਤੈਅ ਕੀਤੀਆਂ ਗਈਆਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾ ਰਹੀ ਹੈ। ਇਸ ਲਈ ਸਰਕਾਰ ਵੱਲੋਂ ਇਕਰਾਰਨਾਮਾ ਰੱਦ ਕਰਨ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਸਕੂਲ ਪਿੰਡ ਧਾਂਦਰਾ ਵਿਚ ਬਣਾਇਆ ਗਿਆ ਹੈ, ਇਹ ਕਰੋੜਾਂ ਰੁਪਏ ਦੀ ਕੀਮਤੀ ਜ਼ਮੀਨ ਉਤੇ ਬਣਾਇਆ ਗਿਆ ਹੈ, ਇਸ ਦੀ ਤਕਰੀਬਨ 20 ਕਰੋੜ ਰੁਪਿਆ ਕੀਮਤ ਹੈ। ਇਸ ਵਿਚ ਜਿਹੜਾ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਸ ਵਿਚ 'ੳ' ਭਾਗ ਵਿਚ ਦੱਸਿਆ ਹੈ ਕਿ 16 ਬਿੱਘੇ ਜ਼ਮੀਨ ਦਿੱਤੀ ਹੈ ਜਦਕਿ ਉਸ ਦੇ ਕਬਜ਼ੇ ਵਿਚ ਪੰਚਾਇਤ ਦੀ ਦਸ ਏਕੜ ਜ਼ਮੀਨ ਹੈ। ਦੂਸਰਾ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਇਕਰਾਰਨਾਮੇ ਵਿਚ ਸ਼ਰਤਾਂ ਪੂਰੀਆਂ ਕੀਤੀਆਂ ਹਨ ਉਹ ਵੀ ਬਿਲਕੁਲ ਗਲਤ ਹੈ। ਇਸ ਵਿੱਚ 18 ਮਹੀਨੇ ਦਾ ਸਮਾਂ ਸੀ ਪਰੰਤੂ ਚਾਰ, ਸਾਢੇ ਚਾਰ ਸਾਲ ਦਾ ਸਮਾਂ ਹੋ ਗਿਆ ਹੈ ਪਰ ਹਾਲੇ ਤੱਕ ਉਨ੍ਹਾਂ ਨੇ ਬਾਊਂਡਰੀ ਵਾਲ ਨਹੀਂ ਕੀਤੀ ਤੇ ਨਾ ਹੀ ਬਿਲਡਿੰਗ ਦਾ ਕੰਮ ਕੰਪਲੀਟ ਕੀਤਾ ਹੈ। ਤੀਸਰਾ, ਜਿਹੜਾ ਬੱਚਿਆਂ ਦੀ ਗਿਣਤੀ ਬਾਰੇ ਕਿਹਾ ਹੈ, ਇਹ ਵੀ ਜਾਂਚ ਕਰਵਾ ਲੈਣ, ਇਹ ਵੀ ਬਿਲਕੁਲ ਗਲਤ ਹੈ। ਹੁਣ ਉਨ੍ਹਾਂ ਨੇ ਬੱਚੇ ਦਾਖਲ ਕੀਤੇ ਹਨ ਜਦੋਂ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਵਿਧਾਨ ਸਭਾ ਵਿਚ ਸਵਾਲ ਲੱਗ ਗਿਆ ਹੈ। ਇਸ ਵਿਚ ਜਿਹੜੀ ਮੇਨ ਗੱਲ ਹੈ ਕਿ ਜਿਹੜੀ ਜਗ੍ਹਾ ਦਿੱਤੀ ਹੈ ਇਸ ਦਾ ਨਾ ਬੀ.ਡੀ.ਓ.ਕੋਲ ਤੇ ਨਾ ਹੀ

[ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ]

ਪੰਚਾਇਤ ਦੇ ਮਤੇ ਵਿਚ ਅਤੇ ਨਾ ਹੀ ਸਿੱਖਿਆ ਡਿਪਾਰਟਮੈਂਟ ਤੇ ਨਾ ਹੀ ਡੀ.ਡੀ.ਪੀ.ਓ. ਦੇ ਕਿਸੇ ਰਿਕਾਰਡ ਵਿੱਚ ਇਸ ਐਗਰੀਮੈਂਟ ਦਾ ਜ਼ਿਕਰ ਨਹੀ ਹੈ। ਅੱਜ ਜਿਹੜਾ ਮੈਨੂੰ ਟੇਬਲ ਤੇ ਜਵਾਬ ਮਿਲਿਆ ਹੈ, ਇਸ ਵਿਚ ਸਿਰਫ ਐਗਰੀਮੈਂਟ ਹੈ, ਕਿਸੇ ਕੋਲ ਇਸ ਦਾ ਰਿਕਾਰਡ ਹੈ ਹੀ ਨਹੀਂ ਕਿ ਜ਼ਮੀਨ ਕਿੰਨੀ ਦਿੱਤੀ ਗਈ ਹੈ। ਸੋ, ਮੰਤਰੀ ਜੀ ਕੀ ਵਿਸ਼ਵਾਸ ਦਿਵਾਉਣਗੇ ਕਿ ਇਸ ਦੀ ਪੜਤਾਲ ਕਰਵਾਉਣਗੇ ਅਤੇ ਕਿੰਨੇ ਸਮੇਂ ਵਿੱਚ ਕਰਵਾਉਣਗੇ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਮਾਨਯੋਗ ਮੈਂਬਰ ਸਾਹਿਬ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਸਾਰਾ ਰਿਕਾਰਡ ਪੰਜਾਬ ਐਜੂਕੇਸ਼ਨਲ ਡਿਵੈਲਪਮੈਂਟ ਬੋਰਡ ਕੋਲ ਮੌਜੂਦ ਹੈ। ਪੰਚਾਇਤ ਨੇ ਜ਼ਮੀਨ ਪੀ.ਈ.ਡੀ.ਬੀ. ਦੇ ਨਾਮ ਲਗਾਈ ਹੈ ਤੇ ਉਸ ਵੱਲੋਂ ਜਿਹੜਾ ਬਕਾਇਦਾ ਇਕਰਾਰਨਾਮਾ ਹੈ ਉਸ ਦੀ ਕਾਪੀ ਵੀ ਇਨ੍ਹਾਂ ਨੂੰ ਨੱਥੀ ਕਰਕੇ ਦਿੱਤੀ ਹੈ। ਬਕਾਇਦਾ ਉਸ ਨਾਲ ਇਕਰਾਰਨਾਮਾ ਕੀਤਾ ਗਿਆ ਹੈ ਔਰ ਉਥੇ ਕੰਸਟ੍ਰਕਸ਼ਨ ਦਾ 25% ਕੰਮ ਮੁਕੰਮਲ ਹੋ ਗਿਆ ਹੈ ਅਤੇ ਹੁਣ ਤੱਕ ਸਰਕਾਰ ਵੱਲੋਂ ਅਤੇ ਦੂਸਰੇ ਪਾਰਟਨਰ ਚੀਫ਼ ਖਾਲਸਾ ਦੀਵਾਨ ਵੱਲੋਂ 69 ਲੱਖ 32 ਹਜ਼ਾਰ ਰੁਪਏ ਇਸ ਦੀ ਕੰਸਟ੍ਰਕਸ਼ਨ ਤੇ ਖਰਚੇ ਗਏ ਹਨ। 55 ਲੱਖ 88 ਹਜ਼ਾਰ ਰੁਪਏ ਇਸ ਦੀ ਆਪਰੇਸ਼ਨਲ ਕਾਸਟ ਹੈ ਜਿਹੜੀ ਕਿ 70:30 ਦੀ ਰੇਸ਼ੋ ਨਾਲ ਸਰਕਾਰ ਅਤੇ ਪਾਰਟੀ ਵਿੱਚ ਡਿਵਾਈਡ ਕੀਤੀ ਜਾਂਦੀ ਹੈ, ਇਹ ਪੈਸਾ ਖਰਚ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਗਿਣਤੀ ਸਕੂਲ ਦੇ ਰਿਕਾਰਡ ਮੁਤਾਬਿਕ ਬਿਲਕੁਲ ਸਹੀ ਹੈ। ਮੈਨੂੰ ਖੁਸ਼ੀ ਹੈ ਕਿ 308 ਬੱਚੇ ਧਾਂਦਰਾ ਪਿੰਡ ਦੇ ਹਨ। ਇਸ ਲਈ ਮੈਨੂੰ ਨਹੀਂ ਲਗਦਾ ਕਿ ਇਸ ਵਿੱਚ ਕੋਈ ਗੜਬੜ ਹੈ। ਫੇਰ ਵੀ ਜੇਕਰ ਉਨ੍ਹਾਂ ਦਾ ਕੋਈ ਸਪੈਸੇਫਿਕ ਪੁਆਇੰਟ ਹੋਵੇਗਾ ਤਾਂ ਡੈਫ਼ੀਨੇਟਲੀ ਇਸ ਦੀ ਇਨਕੁਆਇਰੀ ਕਰਕੇ ਜੋ ਵੀ ਡਿਪਾਰਟਮੈਂਟ ਦੇ ਪੱਧਰ ਤੇ ਐਕਸ਼ਨ ਲੈਣ ਦੀ ਲੋੜ ਹੋਵੇਗੀ ਉਹ ਲਵਾਂਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਪੰਚਾਇਤ ਨਾਲ ਐਗਰੀਮੈਂਟ ਹੋਇਆ ਹੈ। ਜਿਹੜੀ ਉਸ ਮਤੇ ਦੀ ਕਾਪੀ ਹੈ, ਉਹ ਮੇਰੇ ਕੋਲ ਹੈ। ਪਰੰਤੂ ਇਸ ਵਿੱਚ ਜ਼ਿਕਰ ਹੀ ਕੋਈ ਨਹੀਂ ਹੈ ਕਿ ਉਨ੍ਹਾਂ ਨੂੰ 5 ਕਿੱਲੇ, 10 ਕਿੱਲੇ ਜਾਂ ਕਿੰਨੇ ਕਿੱਲੇ ਜ਼ਮੀਨ ਦਿੱਤੀ ਗਈ ਹੈ। ਇਸ ਦਾ ਜ਼ਿਕਰ ਮਤੇ ਵਿੱਚ ਹੋਣਾ ਚਾਹੀਦਾ ਸੀ ਪਰੰਤੂ ਅਜਿਹਾ ਨਹੀਂ ਹੈ। ਮੈਂ ਤੁਹਾਨੂੰ ਮਤੇ ਦੀ ਕਾਪੀ ਦੇ ਦਿੰਦਾ ਹਾਂ।

ਮੰਤਰੀ : ਇਕਰਾਰਨਾਮੇ ਵਿੱਚ ਸਾਰੀਆਂ ਚੀਜ਼ਾਂ ਦਾ ਵਰਨਣ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਇਕਰਾਰਨਾਮਾ ਚੀਫ਼ ਖਾਲਸਾ ਦੀਵਾਨ ਕੋਲ ਹੈ। ਪੰਚਾਇਤ ਕੋਲ ਕੋਈ ਇਕਰਾਰਨਾਮਾ ਨਹੀਂ ਹੈ। ਪੰਚਾਇਤ ਨੇ ਮਤਾ ਪਾ ਕੇ 16 ਵਿੱਘੇ ਜ਼ਮੀਨ ਦਿੱਤੀ ਹੈ ਪਰੰਤੂ ਉਹ 10 ਕਿੱਲੇ ਮੱਲੀ ਬੈਠੇ ਹਨ।

ਮੰਤਰੀ : ਜਿਹੜਾ ਸਰਕਾਰ ਨੇ ਐਗਰੀਮੈਂਟ ਕੀਤਾ ਹੈ, ਉਸ ਵਿੱਚ ਬਕਾਇਦਾ ਖਸਰਾ ਨੰਬਰ ਵੀ ਦਿੱਤਾ ਹੋਇਆ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਮੰਤਰੀ ਜੀ, ਤੁਸੀਂ ਇਨਕੁਆਇਰੀ ਕਰਵਾ ਦਿਓ, ਮੈਂ ਤੁਹਾਨੂੰ ਮਤਾ ਦੇ ਦਿੰਦਾ ਹਾਂ, ਜਿਸ ਦੀ ਇਕ ਕਾਪੀ ਪੰਚਾਇਤ ਕੋਲ ਹੈ.. (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)

ਮੰਤਰੀ : ਮੈਂ ਤਾਂ ਕਹਿ ਰਿਹਾ ਹਾਂ ਕਿ ਇਹ ਮੈਨੂੰ ਕਾਪੀ ਦੇ ਦੇਣ, ਅਸੀਂ ਇਸ ਦੀ ਪਰਾਪਰ ਇਨਕੁਆਇਰੀ ਕਰਵਾਂਵਾਗੇ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਕੀ ਤੁਸੀਂ ਵਿਸ਼ਵਾਸ ਦਿਵਾਉਂਦੇ ਹੋ ਕਿ ਇਸ ਮਾਮਲੇ ਦੀ ਪਰਾਪਰ ਇਨਕੁਆਇਰੀ ਕਰਵਾਉਗੇ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਸੰਸਥਾ ਨੇ ਇਹ ਸਕੂਲ ਬਣਾਇਆ ਹੈ, ਉਹ 110 ਸਾਲ ਪੁਰਾਣੀ ਵੱਕਾਰੀ ਸੰਸਥਾ ਹੈ ਅਤੇ ਉਨ੍ਹਾਂ ਦੇ ਪੰਜਾਬ ਵਿੱਚ ਹੋਰ ਕਈ ਜਗ੍ਹਾ ਕਾਲਜ ਅਤੇ ਸਕੂਲ ਚਲਦੇ ਹਨ। ਜੇਕਰ ਇਨ੍ਹਾਂ ਦੀ ਕੋਈ ਸਪੈਸੇਫਿਕ ਕੰਪਲੇਂਟ ਹੈ ਤਾਂ ਇਹ ਦੇ ਦੇਣ।

ਸ਼੍ਰੀ ਰਾਕੇਸ਼ ਪਾਂਡੇ (ਬੈਠੇ-ਬੈਠੇ) : ਇਹ ਪ੍ਰਾਈਵੇਟ ਸੰਸਥਾ ਹੈ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਮੇਰੇ ਕੋਲ ਮਤੇ ਦੀ ਇਕ ਕਾਪੀ ਹੈ।

ਮਾਨਯੋਗ ਸਪੀਕਰ : ਤੁਸੀਂ ਆਪਣੀ ਕੰਪਲੇਂਟ ਮੰਤਰੀ ਜੀ ਨੂੰ ਦੇ ਦਿਉ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਇਹ ਵਿਸ਼ਵਾਸ ਤਾਂ ਦਿਵਾਉਣ ਕਿ ਇਸ ਦੀ ਇਨਕੁਆਇਰੀ ਕਰਵਾਉਣਗੇ?

ਮਾਨਯੋਗ ਸਪੀਕਰ : ਉਨ੍ਹਾਂ ਨੇ ਤਾਂ ਕਿਹਾ ਹੈ ਕਿ ਇਨਕੁਆਇਰੀ ਕਰਵਾਉਣਗੇ।

(ਇਸ ਸਮੇਂ ਖੇਤੀਬਾੜੀ ਮੰਤਰੀ ਆਪਣੀ ਸੀਟ ਤੇ ਬੈਠੇ ਮੈਂਬਰ ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ ਨਾਲ ਬਿਨਾ ਇਜਾਜ਼ਤ ਗੱਲਬਾਤ ਕਰ ਰਹੇ ਸਨ।)

ਮਾਨਯੋਗ ਸਪੀਕਰ : ਜਥੇਦਾਰ ਜੀ, ਮੰਤਰੀ ਜੀ ਆਪ ਹੀ ਜਵਾਬ ਦੇਣਗੇ। ਅਗਲਾ ਸਵਾਲ। ਸ਼੍ਰੀ ਤਰਲੋਚਨ ਸਿੰਘ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਤਾਂ ਦਿਵਾ ਦਿਓ ਕਿ ਇਸ ਦਾ ਕੀ ਕਰਨਾ ਹੈ?

ਮਾਨਯੋਗ ਸਪੀਕਰ : ਜੇਕਰ ਤੁਹਾਡੀ ਕੋਈ ਕੰਪ੍ਲੇਂਟ ਹੈ, ਉਹ ਤੁਸੀਂ ਮੰਤਰੀ ਜੀ ਨੂੰ ਦੇ ਦਿਓ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ : ਸਪੀਕਰ ਸਾਹਿਬ, ਇਹ ਵਿਸ਼ਵਾਸ ਤਾਂ ਦਿਵਾਉਣ। ਸਵਾਲ ਕਰਨ ਦਾ ਫਾਇਦਾ ਕੀ ਹੈ ਜੇਕਰ ਜਵਾਬ ਨਹੀਂ ਆਉਣਾ। ਮੰਤਰੀ ਜੀ ਕੋਈ ਐਸ਼ੋਰੈਂਸ ਤਾਂ ਦੇਣ।(ਵਿਘਨ) (ਸ਼ੋਰ)

ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਕਰਨਾ

***1784. ਸ਼੍ਰੀ ਤਰਲੋਚਨ ਸਿੰਘ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਐਮ.ਐਲ.ਏਜ. ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਅਨੁਸੂਚਿਤ ਜਾਤੀ ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਹਨ; ਜੇਕਰ ਨਹੀਂ ਤਾਂ ਕੀ ਸਰਕਾਰ ਐਮ.ਐਲ.ਏ. ਨੂੰ ਅਜਿਹੇ ਸਰਟੀਫਿਕੇਟ ਜਾਰੀ ਕਰਨ ਲਈ ਅਧਿਕਾਰਿਤ ਕਰਨ ਲਈ ਵਿਚਾਰ ਕਰੇਗੀ ?

ਸਰਦਾਰ ਗੁਲਜਾਰ ਸਿੰਘ ਰਣੀਕੇ : ਜੀ ਹਾਂ ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਕ ਵਾਰੀ ਸ਼ਡਿਊਲਡ ਕਾਸਟ ਦਾ ਸਰਟੀਫਿਕੇਟ ਜਾਰੀ ਹੋ ਜਾਂਦਾ ਹੈ, ਚਾਹੇ ਉਹ ਐਮ.ਐਲ.ਏ. ਜਾਰੀ ਕਰਦਾ ਹੈ ਜਾਂ ਕੋਈ ਕਨਸਰਨਡ ਅਫ਼ਸਰ ਜਾਰੀ ਕਰਦਾ ਹੈ, ਕੀ ਉਹ ਲਾਈਫ਼ ਲਾਂਗ ਹੁੰਦਾ ਹੈ ਜਾਂ ਫੇਰ ਪੰਜ ਸਾਲ ਬਾਅਦ ਉਸ ਨੂੰ ਰਿਨਿਊ ਕਰਵਾਉਣਾ ਹੁੰਦਾ ਹੈ ਕਿਉਂਕਿ ਕਈ ਦਫਤਰਾਂ ਵਿੱਚ ਅਫ਼ਸਰ ਕਈ ਵਾਰ ਇਹ ਕਹਿ ਦਿੰਦੇ ਹਨ

ਕਿ ਪੰਜ ਸਾਲ ਬਾਅਦ ਇਹ ਸਰਟੀਫਿਕੇਟ ਫੇਰ ਬਣਵਾ ਕੇ ਲਿਆਓ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੇ ਅਫ਼ਸਰਾਂ ਨੂੰ ਇਹ ਅਧਿਕਾਰ ਦਿੱਤੇ ਗਏ ਹਨ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਉਨ੍ਹਾਂ ਬਾਰੇ ਦੱਸ ਦੇਣ ਤਾਂ ਇਸ ਦੀ ਪੜਤਾਲ ਕਰਵਾ ਲਵਾਂਗੇ। ਵੈਸੇ ਇਸ ਬਾਰੇ ਐਮ.ਐਲ.ਏ. ਸਾਹਿਬਾਨ ਨੂੰ ਅਧਿਕਾਰ ਦਿੱਤਾ ਗਿਆ ਹੈ।

ਮਾਨਯੋਗ ਸਪੀਕਰ : ਉਨ੍ਹਾਂ ਦਾ ਸਵਾਲ ਇਹ ਹੈ ਕਿ ਜਦੋਂ ਇਕ ਵਾਰ ਸਰਟੀਫਿਕੇਟ ਜਾਰੀ ਕਰ ਦਿੰਦੇ ਹਨ ਤਾਂ ਅਫ਼ਸਰ ਮੁੜ ਕੇ ਕਹਿੰਦੇ ਹਨ ਕਿ ਪੰਜ ਸਾਲ ਬਾਅਦ ਸਰਟੀਫਿਕੇਟ ਰਿਨਿਊ ਕਰਵਾਓ।

ਮੰਤਰੀ : ਜਦੋਂ ਇਕ ਵਾਰ ਸਰਟੀਫਿਕੇਟ ਬਣ ਜਾਂਦਾ ਹੈ ਤਾਂ ਉਸ ਦੀ ਫੋਟੋਸਟੇਟ ਕਾਪੀ ਰੱਖ ਲੈਂਦੇ ਹਨ, ਓਰੀਜੀਨਲ ਆਪਣੇ ਕੋਲ ਰੱਖ ਲੈਂਦੇ ਹਨ। ਜਿੱਥੇ ਸਟੂਡੈਂਟ ਨੇ ਅਪਲਾਈ ਕਰਨਾ ਹੋਵੇ ਤਾਂ ਅਸਲ ਆਪਣੇ ਕੋਲ ਰੱਖ ਕੇ ਫੋਟੋ ਕਾਪੀ ਦੇ ਦਿੰਦੇ ਹਨ। ਕਾਪੀ ਚੱਲ ਸਕਦੀ ਹੈ, ਅਜਿਹੀ ਕੋਈ ਗੱਲ ਨਹੀਂ ਹੈ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਚੱਲ ਸਕਦਾ ਹੈ ਅਤੇ ਚੱਲ ਜਾਵੇਗਾ, ਵਿੱਚ ਬੜਾ ਫਰਕ ਹੈ। ਚੱਲ ਸਕਦਾ ਤਾਂ ਅਨਸਰਟੈਨਿਟੀ ਹੈ। ਮੈਂ ਤਾਂ ਬੜਾ ਸਪੈਸੇਫਿਕ ਪੁੱਛ ਰਿਹਾ ਹਾਂ ਕਿ ਕੀ ਉਹ ਸਰਟੀਫਿਕੇਟ ਲਾਈਫ ਲਾਂਗ ਹੁੰਦਾ ਹੈ। ਇਸ ਦੇ ਨਾਲ ਇਕ ਹੋਰ ਸਪਲੀਮੈਂਟਰੀ ਇਹ ਹੈ ਕਿ ਜ਼ਿਲ੍ਹਿਆਂ ਵਿੱਚ ਇਨ੍ਹਾਂ ਦੇ ਡੀ.ਸੀਜ਼ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ ਕਿ ਐਮ.ਐਲ.ਏ. ਇਹ ਸਰਟੀਫਿਕੇਟ ਇਸ਼ੂ ਕਰ ਸਕਦਾ ਹੈ ਜਾਂ ਨਹੀਂ। ਇਸ ਇਨਫਰਮੇਸ਼ਨ ਨੂੰ ਥੱਲੇ ਕਿਸ ਨੇ ਪਾਸ ਆਨ ਕਰਨਾ ਹੈ, ਇਸ ਬਾਰੇ ਵੀ ਮੰਤਰੀ ਜੀ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਨੋਟੀਫਿਕੇਸ਼ਨ ਕੀਤੀ ਹੋਈ ਹੈ ਅਤੇ ਮੈਂ ਦੁਬਾਰਾ ਸੈਕਟਰੀ ਸਾਹਿਬ ਨੂੰ ਕਹਿ ਦਿਆਂਗਾ ਕਿ ਉਹ ਦੁਬਾਰਾ ਸਾਰੇ ਡੀ.ਸੀ. ਸਾਹਿਬਾਨਾਂ ਨੂੰ ਇਸ ਬਾਰੇ ਜਾਣੂੰ ਕਰਵਾਂ ਦੇਣ। ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰੈਗੂਲਰ ਚੱਲ ਰਿਹਾ ਹੈ, ਹਾਲੇ ਇਹ ਬੰਦ ਨਹੀਂ ਹੋਇਆ।

ਸ਼੍ਰੀ ਤਰਲੋਚਨ ਸਿੰਘ : ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਲਾਈਫ ਲੌਂਗ ਚੱਲੇਗਾ ਜਾਂ ਫਿਰ ਪੰਜ ਸਾਲਾਂ ਬਾਅਦ ਫਿਰ ਰਿਨਿਊ ਕਰਵਾਉਣਾ ਪਵੇਗਾ? ਇਸ ਬਾਰੇ ਮੰਤਰੀ ਸਾਹਿਬ ਕਲੀਅਰ ਕਰ ਦੇਣ।

ਮਾਨਯੋਗ ਸਪੀਕਰ : ਮੰਤਰੀ ਸਾਹਿਬ, ਵੈਸੇ ਵਾਰ ਵਾਰ ਰਿਨਿਊ ਕਰਵਾਉਣਾ ਤਾਂ ਪ੍ਰਾਬਲਮ ਹੈ। ਇਹ ਦੱਸ ਦਿਉ ਕਿ ਕੀ ਇਹ ਲਾਈਫ ਲੌਂਗ ਹੈ ਜਾਂ ਪੰਜ ਸਾਲਾਂ ਲਈ ਵੈਲਿਡ ਹੈ?

ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਕੋਈ ਪ੍ਰਾਬਲਮ ਸਾਡੇ ਧਿਆਨ ਵਿੱਚ ਨਹੀਂ ਆਈ। ਇਹ ਜਦੋਂ ਦਾ ਬਣਿਆ ਹੈ ਉਦੋਂ ਤੋਂ ਰੈਗੂਲਰ ਚੱਲ ਰਿਹਾ ਹੈ। ਇਸ ਦੀ ਨੋਟੀਫਿਕੇਸ਼ਨ ਵੀ ਚਲੀ ਗਈ ਹੈ। ਜੇ ਕੋਈ ਦਿਸ਼ਾ ਨਿਰਦੇਸ਼ ਦੀ ਲੋੜ ਪਈ ਤਾਂ ਦੁਬਾਰਾ ਮਹਿਕਮੇ ਦੇ ਸੈਕਟਰੀ ਸਾਹਿਬ ਨੂੰ ਕਹਾਂਗੇ। ਇਹ ਪਾਲਿਸੀ ਰੈਗੂਲਰ ਚੱਲ ਰਹੀ ਹੈ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਕੰਸਰਨਡ ਮਨਿਸਟਰ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ। (ਆਪੋਜੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) (ਵਿਘਨ)(ਸ਼ੋਰ)

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਇਸ ਸਰਟੀਫਿਕੇਟ ਬਾਰੇ ਪੁੱਛਿਆ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਟੀਫਿਕੇਟ ਜਦੋਂ ਇੱਕ ਵਾਰੀ ਬਣ ਜਾਵੇ ਤਾਂ ਇਹ ਪੱਕਾ ਬਣ ਜਾਂਦਾ ਹੈ, ਇਸ ਨੂੰ ਰਿਨਿਊ ਕਰਵਾਉਣ ਦੀ ਲੋੜ ਨਹੀਂ ਹੈ। ਜੇ ਕਿਤੇ ਇਸ ਸਬੰਧੀ ਕਲੈਰਿਟੀ ਦੀ ਲੋੜ ਹੈ ਤਾਂ ਇਸ ਬਾਰੇ ਡਿਪਾਰਟਮੈਂਟ ਨੂੰ ਲਿਖ ਦਿਆਂਗੇ ਕਿ ਜੇ ਇਹ ਸਰਟੀਫਿਕੇਟ ਇੱਕ ਵਾਰੀ ਬਣ ਜਾਵੇ ਤਾਂ ਸਾਰੀ ਲਾਈਫ ਲਈ ਹੀ ਬਣ ਜਾਂਦਾ ਹੈ, ਇਸ ਨੂੰ ਵਾਰ ਵਾਰ ਰਿਨਿਊ ਕਰਨ ਦੀ ਲੋੜ ਨਹੀਂ ਹੈ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਜਦੋਂ ਇਹ ਸਰਟੀਫਿਕੇਟ ਇੱਕ ਵਾਰੀ ਬਣ ਗਿਆ ਤਾਂ ਲਾਈਫ ਲੌਂਗ ਲਈ ਬਣ ਗਿਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਡੇਰਾ ਬਾਬਾ ਨਾਨਕ ਵਿੱਚ ਹੁਣ ਮਿਉਂਸਪੈਲਟੀ ਦੀ ਇਲੈਕਸ਼ਨ ਹੋਈ ਹੈ, ਉਥੇ ਸਬੰਧਤ ਐਸ.ਡੀ.ਐਮ. ਨੇ ਕਿਹਾ ਹੈ ਕਿ ਦੁਬਾਰਾ ਫਿਰ ਨਵਾਂ ਸਰਟੀਫਿਕੇਟ ਬਣਵਾ ਕੇ ਦਿੱਤਾ ਜਾਵੇ। ਮੈਂ ਚਾਹੁੰਦਾ ਹਾਂ ਕਿ ਇਸ ਦੇ ਲਾਈਫ ਲੌਂਗ ਚੱਲਣ ਸਬੰਧੀ ਆਰਡਰ ਜਾਰੀ ਕਰਵਾ ਦਿੱਤੇ ਜਾਣ। ਇਹ ਹਰ ਵਾਰੀ ਜਾਂਦਾ ਹੈ ਜਾਂ ਤਾਂ ਇਸ ਸਬੰਧ ਵਿੱਚ ਮਹਿਕਮੇ ਨੂੰ ਹਦਾਇਤਾਂ ਭੇਜੀਆਂ ਜਾਣ। ਪੰਜਾਬ ਵਿੱਚ ਬਿਲਕੁਲ ਇਵੇਂ ਹੀ ਹੋ ਰਿਹਾ ਹੈ।

ਮਾਨਯੋਗ ਸਪੀਕਰ: ਉਹ ਕਹਿੰਦੇ ਹਨ ਕਿ ਹਦਾਇਤਾਂ ਭੇਜ ਦਿਆਂਗੇ।

ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨਾ

***1764. ਸ਼੍ਰੀ ਪ੍ਰੇਮ ਮਿੱਤਲ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਰੀਬ ਪੰਜ ਸਾਲ ਪਹਿਲਾਂ ਜ਼ਿਲ੍ਹਾ ਮਾਨਸਾ ਦੇ ਪਿੰਡ ਚਹਿਲਾਂ ਵਿੱਚ ਇੱਕ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਪਿੰਡ ਦੀ ਪੰਚਾਇਤ ਨੇ ਪੰਜ ਏਕੜ ਜ਼ਮੀਨ ਸਰਕਾਰ ਨੂੰ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਸੰਸਥਾ ਸਥਾਪਿਤ ਕਰਨ ਲਈ ਸਬੰਧਤ ਵਿਭਾਗ ਵੱਲੋਂ ਹੁਣ ਤੱਕ ਕੀ ਉਪਰਾਲੇ ਕੀਤੇ ਗਏ ਹਨ ਅਤੇ ਇਹ ਸੰਸਥਾ ਕਦੋਂ ਤੱਕ ਚਾਲੂ ਕਰ ਦਿੱਤੀ ਜਾਵੇਗੀ?

ਸ਼੍ਰੀ ਮਦਨ ਮੋਹਨ ਮਿੱਤਲ : ਹਾਂ ਜੀ, ਨੈਸ਼ਨਲ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਵਿਭਾਗ ਵੱਲੋਂ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਭਾਰਤ ਸਰਕਾਰ ਨੂੰ ਪਹੁੰਚ ਕੀਤੀ ਹੋਈ ਹੈ। ਇਸ ਸਕੀਮ ਦੇ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਮੋਡੈਲਿਟੀਜ਼ ਭਾਰਤ ਸਰਕਾਰ ਵੱਲੋਂ ਜਲਦ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ। ਪਾਲਿਸੀ ਮੁਕੰਮਲ ਹੋਣ ਉਪਰੰਤ ਇਸ ਉਦਯੋਗਿਕ ਸਿਖਲਾਈ ਸੰਸਥਾ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮੈਂ ਆਨਰੇਬਲ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਪੰਜ ਸਾਲ ਪਹਿਲਾਂ ਮਾਖਾ ਚਹਿਲਾਂ ਪਿੰਡ ਵਿੱਚ ਪੰਚਾਇਤ ਨੇ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਦਿੱਤੀ ਸੀ। ਇਹ ਉਪਜਾਊ ਜ਼ਮੀਨ ਹੈ ਅਤੇ ਇਸ ਦਾ ਇੰਤਕਾਲ ਉਨ੍ਹਾਂ ਦੇ ਨਾਂ ਹੋ ਗਿਆ ਹੈ। ਅੱਜ ਕਲ੍ਹ ਉਥੇ 45000-50000 ਰੁਪਏ ਪ੍ਰਤੀ ਏਕੜ ਜ਼ਮੀਨ ਦਾ ਠੇਕਾ ਆਉਂਦਾ ਹੈ। ਪੰਜ ਸਾਲ ਤੋਂ ਜ਼ਮੀਨ ਬੰਜਰ ਹੋਈ ਪਈ ਹੈ। ਉਥੇ ਕੋਈ ਕੰਮ ਸ਼ੁਰੂ ਨਹੀਂ ਹੋਇਆ ਅਤੇ ਪੰਚਾਇਤ ਨੂੰ ਪੰਜ ਸਾਲਾਂ ਵਿੱਚ ਘੱਟੋ ਘੱਟ 15 ਲੱਖ ਰੁਪਏ ਦਾ ਲੱਸ ਹੋ ਚੁੱਕਿਆ ਹੈ। ਇਸ ਲਈ ਸਰਕਾਰ ਇਸ ਤਰ੍ਹਾਂ ਦਾ ਪ੍ਰੋਗਰਾਮ ਬਣਾਵੇ ਕਿ ਜਦੋਂ ਜ਼ਮੀਨ ਤੇ ਕੋਈ ਕੰਮ ਸ਼ੁਰੂ ਹੋਵੇ ਤਾਂ ਪੰਚਾਇਤ ਤੋਂ ਉਸ ਦੀ ਪੋਜੈਸ਼ਨ ਲੈ ਲੈਣ ਪਰ ਜ਼ਮੀਨਾਂ ਦਾ ਪੋਜੈਸ਼ਨ 5-5 ਜਾਂ 10-10 ਸਾਲ ਪਹਿਲਾਂ ਹੀ ਲੈ ਲਿਆ ਜਾਂਦਾ ਹੈ, ਉਥੇ ਕੋਈ ਕੰਮ ਇੰਨੇ ਸਮੇਂ ਵਿੱਚ ਸ਼ੁਰੂ ਨਹੀਂ ਹੁੰਦਾ। ਉਸ ਪਿੰਡ ਦੀ ਪੰਚਾਇਤ ਨੂੰ ਵੀ ਬਹੁਤ ਵੱਡਾ ਲੱਸ ਹੋ ਰਿਹਾ ਹੈ। ਅਜੇ ਤੱਕ ਸੈਂਟਰ ਸਰਕਾਰ ਤੋਂ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਕੋਈ ਜਵਾਬ ਨਹੀਂ ਆਇਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਸ਼ੁਰੂ

[ਸ਼੍ਰੀ ਪ੍ਰੇਮ ਮਿੱਤਲ]

ਹੋ ਜਾਵੇਗੀ? ਇਸ ਸਬੰਧ ਵਿੱਚ ਕੇਂਦਰ ਸਰਕਾਰ ਨਾਲ ਲਾਸਟ ਚਿੱਠੀ ਪੱਤਰ ਕਦੋਂ ਕੀਤਾ ਗਿਆ ਹੈ?

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਕੀ ਇਸ ਬਾਰੇ ਦੱਸ ਸਕਦੇ ਹੋ? ਇਹ ਵੈਸੇ ਸੈਂਟਰ ਸਰਕਾਰ ਦਾ ਕੰਮ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਅਪ੍ਰੈਲ, 2011 ਵਿੱਚ ਟਰਾਂਸਫਰ ਹੋਈ ਹੈ। ਉਸ ਤੋਂ ਬਾਅਦ, ਸਰਕਾਰ ਦੀਆਂ ਨੀਤੀਆਂ ਤਹਿਤ 26 ਆਈ.ਟੀ.ਆਈਜ਼ ਖੋਲ੍ਹੀਆਂ ਜਾਣੀਆਂ ਸਨ, ਜਿਥੇ ਕਿ ਪਹਿਲਾਂ ਆਈ.ਟੀ.ਆਈਜ਼ ਨਹੀਂ ਸਨ। ਇਸ ਕੰਮ ਵਾਸਤੇ 26 ਥਾਵਾਂ ਆਈਡੈਂਟੀਫਾਈ ਕੀਤੀਆਂ ਗਈਆਂ ਸਨ। ਇਸ ਦਾ ਡਿਸੀਜ਼ਨ ਦਸੰਬਰ, 2013 ਵਿੱਚ ਹੋਇਆ ਸੀ। ਇਨ੍ਹਾਂ ਨੇ ਮਾਨਸਾ ਦੇ ਜਿਸ ਪਿੰਡ ਵਿੱਚ ਆਈ.ਟੀ.ਆਈ. ਖੋਲ੍ਹਣ ਦੀ ਗੱਲ ਰੇਜ਼ ਕੀਤੀ ਹੈ, ਉਹ ਵੀ ਇਸ ਵਿੱਚ ਇਨਕਲੂਡਿਡ ਹੈ। ਇਸ ਤੋਂ ਇਲਾਵਾ ਫਿਰ ਇਹ ਮੈਟਰ ਟੇਕਅੱਪ ਕੀਤਾ ਗਿਆ। ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਡੀ.ਓ. ਲੈਟਰ ਵੀ ਲਿਖਿਆ। ਉਸ ਸਮੇਂ ਦੇ ਕੇਂਦਰ ਸਰਕਾਰ ਦੇ ਸਬੰਧਤ ਮੰਤਰੀ ਸ਼੍ਰੀ ਨਰਿੰਦਰ ਸਿੰਘ ਤੰਵਰ ਜੀ ਨਾਲ ਮਿਤੀ 1.7.2014 ਨੂੰ ਗੱਲਬਾਤ ਕੀਤੀ ਗਈ। ਕੇਂਦਰ ਵਿੱਚ ਸਕਿੱਲਡ ਡਿਵੈਲਪਮੈਂਟ ਮਹਿਕਮੇ ਦੇ ਜੋ ਨਵੇਂ ਮੰਤਰੀ, ਸ਼੍ਰੀ ਰਾਜੀਵ ਪ੍ਰਤਾਪ ਜੀ ਹਨ, ਫਿਰ ਹੁਣ ਦੁਬਾਰਾ ਉਨ੍ਹਾਂ ਨਾਲ ਮਿਤੀ 2.2.2014 ਨੂੰ ਖੁਦ ਮੁੱਖ ਮੰਤਰੀ ਜੀ ਨੇ ਮਾਮਲਾ ਟੇਕਅੱਪ ਕੀਤਾ ਹੈ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਬਹੁਤ ਜਲਦੀ ਮੋਡੈਲਿਟੀ ਪਾਲਿਸੀ ਬਣਾ ਕੇ ਭੇਜ ਰਹੇ ਹਾਂ ਜਿਉਂ ਹੀ ਮੋਡੈਲਿਟੀਜ਼ ਬਣ ਕੇ ਆ ਜਾਣਗੀਆਂ, ਇਸ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਸਾਲ 2011 ਵਿਚ ਇਹ ਜ਼ਮੀਨ ਐਕਵਾਇਰ ਹੋਈ ਹੈ ਅਤੇ ਚਾਰ ਸਾਲ ਹੋ ਗਏ ਹਨ ਪਰ ਉਥੇ ਕੁਝ ਨਹੀਂ ਹੋਇਆ। ਪੰਚਾਇਤਾਂ ਕੋਲ ਤਾਂ ਪਹਿਲਾਂ ਹੀ ਪੈਸੇ ਨਹੀਂ ਹਨ। ਇਸ ਬਾਰੇ ਅਜਿਹਾ ਫੈਸਲਾ ਕਰਨਾ ਚਾਹੀਦਾ ਹੈ ਕਿ ਜਦੋਂ ਕੋਈ ਸਰਕਾਰੀ ਚੀਜ਼ ਬਣਨੀ ਹੋਵੇ ਉਸ ਸਮੇਂ ਹੀ ਜ਼ਮੀਨ ਲਈ ਜਾਵੇ ਤਾਂ ਕਿ ਪਿੰਡਾਂ ਨੂੰ ਜ਼ਮੀਨ ਦੀ ਆਮਦਨ ਦਾ ਨੁਕਸਾਨ ਨਾ ਹੋਵੇ।

ਮਾਨਯੋਗ ਸਪੀਕਰ : ਇਹ ਰੈਪੀਟੀਸ਼ਨ ਨਾ ਕਰੋ। ਤੁਸੀਂ ਸਪਲੀਮੈਂਟਰੀ ਪੁੱਛੋ।

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹੀ ਹੈ ਕਿ ਉਸ ਪਿੰਡ ਦਾ 12-13 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਚਾਰ ਸਾਲ ਵਿਚ ਉਸ ਜ਼ਮੀਨ ਤੇ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਜ਼ਮੀਨ ਬੰਜਰ ਹੋ ਗਈ ਹੈ ਉਸ ਉਤੇ ਘਾਹ ਉੱਗ ਗਿਆ ਹੈ ਅਤੇ ਪਿੰਡ ਦੀ ਆਮਦਨ ਵੀ ਨਹੀਂ ਹੋਈ। ਸੋ, ਮੇਰੀ ਬੇਨਤੀ ਹੈ ਕਿ ਪਿੰਡਾਂ ਦੀ ਆਮਦਨ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ।

ਮਾਨਯੋਗ ਸਪੀਕਰ : ਧੰਨਵਾਦ ਜੀ। ਹਾਂ ਜੀ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ। ਕੀ ਕੋਈ ਪ੍ਰਾਜੈਕਟ ਇੰਨਾ ਲੰਮਾ ਸਮਾਂ ਲਟਕਦਾ ਹੁੰਦਾ ਹੈ? ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇੰਨਾ ਲੰਮਾ ਸਮਾਂ ਹੋ ਜਾਣ ਕਾਰਨ ਸਰਕਾਰ ਕੋਈ ਮੁਆਵਜ਼ਾ ਦੇਵੇਗੀ ਜਾਂ ਨਹੀਂ? ਇਸ ਬਾਰੇ ਦੱਸਣ।

ਮਾਨਯੋਗ ਸਪੀਕਰ: ਨਹੀਂ, ਮੋਫਰ ਸਾਹਿਬ, this is not connected with it. ਹਾਂ ਜੀ, ਬੀਬੀ ਜਗੀਰ ਕੌਰ ਜੀ। ਅਗਲਾ ਪ੍ਰਸ਼ਨ।

ਸੜਕਾਂ ਦੀ ਮੁਰੰਮਤ ਕਰਨਾ

***1803. ਬੀਬੀ ਜਗੀਰ ਕੌਰ :** ਕੀ ਲੋਕ ਨਿਰਮਾਣ (ਭ. ਤੇ ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਢਿਲਵਾਂ ਤੋਂ ਉੱਚਾ ਅਤੇ ਨਡਾਲਾ ਤੋਂ ਬੇਗੋਵਾਲ ਤੱਕ ਮਿਆਦ ਪੂਰੀ ਕਰ ਚੁੱਕੀਆਂ ਸੜਕਾਂ ਨੂੰ ਦੁਬਾਰਾ ਬਣਾਉਣ ਅਤੇ ਰਿਪੇਅਰ ਕਰਨ ਦੀ ਮੌਜੂਦਾ ਸਥਿਤੀ ਕੀ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਢਿਲਵਾਂ ਤੋਂ ਉੱਚਾ ਅਤੇ ਨਡਾਲਾ ਤੋਂ ਬੇਗੋਵਾਲ ਸੜਕਾਂ ਦੀ ਮੁਰੰਮਤ ਦੇ ਕੰਮ ਪ੍ਰਗਤੀ ਅਧੀਨ ਹਨ। ਇਨ੍ਹਾਂ ਦੋਨਾਂ ਸੜਕਾਂ ਦੀ ਮੁਰੰਮਤ ਦਾ ਕੰਮ ਮਿਤੀ 31.3.2015 ਤੱਕ ਮੁਕੰਮਲ ਕਰ ਦਿੱਤੇ ਜਾਣਗੇ।

ਬੀਬੀ ਜਗੀਰ ਕੌਰ : ਮਿਹਰਬਾਨੀ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1773**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਇਕ ਹਫਤੇ ਲਈ ਅਲਾਉ ਕਰ ਦਿੱਤੀ ਹੈ।)

ਦਰੱਖਤਾਂ ਦੀ ਕਟਾਈ ਕਰਨਾ

***1796. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਚਾਇਤ ਤਾਲਿਬਪੁਰ, ਬਲਾਕ ਗੁਰਦਾਸਪੁਰ ਨਾਲ ਸਬੰਧਤ ਕੁਝ ਦਰੱਖਤਾਂ ਨੂੰ ਡਵੀਜ਼ਨਲ ਜੰਗਲਾਤ ਅਫਸਰ ਅਤੇ ਪੰਚਾਇਤ ਦੀ ਮਨਜ਼ੂਰੀ ਤੋਂ ਬਿਨਾਂ ਕੱਟ ਲਿਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਸ਼੍ਰੀਮਾਨ ਜੀ, ਹਾਂ ਜੀ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਗੁਰਦਾਸਪੁਰ ਵੱਲੋਂ ਮਿਤੀ 10-12-2014 ਨੂੰ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਮੁੱਖ ਥਾਣਾ ਅਫਸਰ ਪੁਰਾਣਾ ਸ਼ਾਲਾ ਨੂੰ ਲਿਖ ਦਿੱਤਾ ਗਿਆ ਸੀ। ਮੁੱਖ ਥਾਣਾ ਅਫਸਰ ਵੱਲੋਂ ਪੜਤਾਲ ਕਰਨ ਤੋਂ ਬਾਅਦ ਇਸ ਦਰਖਾਸਤ ਨੂੰ ਦਾਖਲ ਦਫਤਰ ਕਰ ਦਿੱਤਾ ਗਿਆ ਹੈ।

ਸ਼੍ਰੀਮਤੀ ਅਰੁਨਾ ਚੌਧਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਤੁਹਾਡਾ ਜਵਾਬ ਸੈਲਫ ਕੰਟਰਾਡਿਕਟਰੀ ਹੈ। ਪਹਿਲਾਂ ਤੁਸੀਂ ਆਪ ਮੰਨਿਆ ਹੈ ਕਿ ਦਰੱਖਤ ਕੱਟੇ ਗਏ ਹਨ ਲੇਕਿਨ ਇਸ ਦੇ ਨਾਲ ਹੀ ਤੁਸੀਂ ਕਿਹਾ ਹੈ ਕਿ ਪੁਲਿਸ ਨੇ ਕੇਸ ਫਾਈਲ ਕਰ ਦਿੱਤਾ ਹੈ। ਮੇਰੇ ਕੋਲ ਉਸ ਸਪਾਟ ਤੇ ਵਿਜ਼ਟ ਕਰਨ ਵਾਲੇ ਬੀ.ਡੀ.ਓ. ਦਾ ਐਸ.ਐਮ.ਐਸ. ਵੀ ਹੈ, ਜੇ ਇਜ਼ਾਜ਼ਤ ਹੋਵੇ ਤਾਂ ਮੈਂ ਪੜ੍ਹ ਦਿੰਦੀ ਹਾਂ "The spot was checked twice by the Panchayat Officer and no doubt the trees were illegally pulled with roots as PO furnished in his report. I wrote to SHO Purana Shalla for detailed investigation and necessary proceedings against those persons. ਸੋ, ਇਹ ਕਿਵੇਂ ਹੋ ਸਕਦਾ ਹੈ। ਮੈਂ ਤੁਹਾਨੂੰ ਅਸਲੀਅਤ ਦੱਸਦੀ ਹਾਂ ਕਿ without approval of DFO ਤਾਲਿਬਪੁਰ ਪਿੰਡ ਦੇ ਸਰਪੰਚ ਔਰ ਉਥੋਂ ਦਾ ਪੰਚਾਇਤ ਮੈਂਬਰ ਸ਼੍ਰੀ ਰਾਜੀ ਮਸੀਹ ਦੁਆਰਾ

**For Starred Question No. 1773 and reply thereto, please see debates dated 24th March, 2015

ਮਾਨਯੋਗ ਸਪੀਕਰ : ਜਾਖੜ ਜੀ, ਤੁਹਾਡਾ ਪੁਆਇੰਟ ਗਲਤ ਹੈ । ਮੈਂ ਕੀ ਕਰਾਂ ।(ਵਿਘਨ) (ਸ਼ੋਰ) ਆਪਾਂ ਰੂਲ 252 ਪੜ੍ਹ ਲੈਂਦੇ ਹਾਂ । ਰੂਲ 252 ਕੀ ਕਹਿੰਦਾ ਹੈ....

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ : ਜਾਖੜ ਸਾਹਿਬ ਕਹਿੰਦੇ ਹਨ ਕਿ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ ਪਰ ਇਹ ਆਪ ਹੀ ਕਾਨੂੰਨ ਦੀਆਂ ਧੱਜੀਆਂ ਉਡਾਈ ਜਾ ਰਹੇ ਹਨ। ਸਪੀਕਰ ਸਾਹਿਬ ਨੇ ਫੈਸਲਾ ਨਹੀਂ ਦਿੱਤਾ ਤੇ ਤੁਸੀਂ ਕਹੀ ਜਾ ਰਹੇ ਹੋ ਕਿ ਫੈਸਲਾ ਸੁਣਾ ਦਿਓ ... (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਮੈਂ, ਰੂਲ 252 ਜੋ ਪ੍ਰਿਵਿਲੇਜ ਮੋਸ਼ਨ ਬਾਰੇ ਹੈ, ਉਹ ਪੜ੍ਹ ਦਿੰਦਾ ਹਾਂ । Jakhar Sahib, please sit down. (ਵਿਘਨ) (ਸ਼ੋਰ) please sit down. ਪਹਿਲਾਂ ਮੇਰੀ ਗੱਲ ਸੁਣ ਲਓ । ਜਾਖੜ ਸਾਹਿਬ, ਮੇਰੀ ਗੱਲ ਤਾਂ ਸੁਣ ਲਓ । (ਵਿਘਨ) (ਸ਼ੋਰ) Nothing should be recorded. ਮੇਰੀ ਪਹਿਲਾਂ ਗੱਲ ਸੁਣ ਲਓ । ਜਾਖੜ ਸਾਹਿਬ, ਮੇਰੀ ਗੱਲ ਸੁਣ ਲਓ ਕਿ ਰੂਲ ਕੀ ਕਹਿੰਦਾ ਹੈ :-

"Rule 252 says : "A Member may, with the consent of the Speaker, raise a question allowing a breach of privilege either of a Member or House or of a Committee thereof." ਜਿੰਨੀ ਦੇਰ ਤੱਕ ਮੈਂ ਅਲਾਓ ਨਹੀਂ ਕਰਦਾ, ਉਨੀ ਦੇਰ ਤੱਕ you can't read. ਨਾ ਤੁਸੀਂ ਕੰਪੈਲ ਕਰ ਸਕਦੇ ਹੋ ਕਿ ਮੈਂ ਤੁਹਾਨੂੰ ਅਲਾਓ ਕਰਾਂ ਕਿ ਤੁਸੀਂ ਰੀਡ ਆਊਟ ਕਰੋ । ਇਹ

ਹੋ ਹੀ ਨਹੀਂ ਸਕਦਾ । (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਮੈਂ ਇੱਕ ਦੋ ਦਿਨਾਂ ਵਿੱਚ ਇਸ ਤੇ ਡਿਸੀਜ਼ਨ ਦਿਆਂਗਾ ....(ਵਿਘਨ)....

ਸ਼੍ਰੀ ਸੁਨੀਲ ਜਾਖੜ : ਇਹ ਸੀ.ਐਮ. ਸਾਹਿਬ ਤੇ ਛੱਡ ਦਿਓ.... (ਵਿਘਨ).....

ਮਾਨਯੋਗ ਸਪੀਕਰ : ਇੱਕ ਹੋਰ ਸਮਝ ਲਵੋ ....(ਵਿਘਨ)....ਸੁਣ ਲਵੋ, ਮੇਰੇ ਕੋਲ ਇੱਕ ਇਹ ਵੀ ਆਇਆ ਹੈ ...(ਵਿਘਨ)...ਤੁਸੀਂ ਮੇਰੀ ਗੱਲ ਸੁਣੋ, ਇੱਕ ਨੋਟਿਸ ਇਹ ਵੀ ਆਇਆ ਹੈ ਅਤੇ ਇਹ ਤੁਹਾਡੇ ਖਿਲਾਫ ਆਇਆ ਹੈ, ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਨੂੰ ਬਰੀਚ ਕੀਤਾ ਹੈ, ਤੁਸੀਂ ਉਨ੍ਹਾਂ ਦੀ ਇਨਸਲਟ ਕੀਤੀ ਹੈ, ਉਹ ਵੀ ਮੈਂ ਅੱਜ ਡਿਸਾਈਡ ਨਹੀਂ ਕਰ ਰਿਹਾ।

ਸ਼੍ਰੀ ਸੁਨੀਲ ਜਾਖੜ : ਉਹ ਵੀ ਨਾਲ ਹੀ ਕਰ ਦਿਓ।

ਮਾਨਯੋਗ ਸਪੀਕਰ : ਉਹ ਵੀ ਮੈਂ ਅੱਜ ਡਿਸਾਈਡ ਨਹੀਂ ਕਰ ਰਿਹਾ। ...(ਵਿਘਨ).... ਇਹ ਦੋਵੇਂ ਹੀ ਅੰਡਰ ਕੰਸਿਡਰੇਸ਼ਨ ਹਨ ...(ਵਿਘਨ)....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਨੌਜਵਾਨਾਂ ਦਾ ਭਵਿੱਖ ਦਾਅ ਤੇ ਹੈ ..(ਵਿਘਨ).. ਪਹਿਲਾਂ ਤਾਂ ਰਣੀਕੇ ਸਾਹਿਬ ਦਾ ਤੁਸੀਂ ਦੋ ਦਿਨਾਂ ਬਾਅਦ ਕਹਿ ਕੇ ਖਹਿੜਾ ਛੁਡਵਾ ਦਿੱਤਾ। ਇਥੇ ਨੌਜਵਾਨਾਂ ਦਾ ਭਵਿੱਖ ਰਗੜੀ ਜਾਂਦੇ ਹਨ .....(ਵਿਘਨ).... ਤੁਸੀਂ ਨੌਜਵਾਨਾਂ ਦੇ ਫਿਊਚਰ ਦੀ ਗੱਲ ਕਰਨ ਦਿਓਗੇ ਜਾਂ ਨਹੀਂ ਕਰਨ ਦਿਓਗੇ ....(ਵਿਘਨ)....

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਮੇਰਾ ਵੀ ਪ੍ਰਿਵਲੇਜ ਮੋਸ਼ਨ ਹੈ ..(ਵਿਘਨ)..

ਮਾਨਯੋਗ ਸਪੀਕਰ : ਉਹ ਵੀ ਅੰਡਰ ਕੰਸਿਡਰੇਸ਼ਨ ਹੈ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ਇਨ੍ਹਾਂ ਦਾ ਰਿਕਾਰਡ ਕਿਵੇਂ ਹੋ ਰਿਹਾ ਹੈ ..(ਵਿਘਨ)..

ਮਾਨਯੋਗ ਸਪੀਕਰ : ਉਹ ਰਿਕਾਰਡ ਨਹੀਂ ਹੋ ਰਿਹਾ ..(ਵਿਘਨ)... ਰਿਕਾਰਡ ਹੀ ਨਹੀਂ ਹੋ ਰਿਹਾ ..(ਵਿਘਨ)..ਰਿਕਾਰਡ ਨਹੀਂ ਹੋ ਰਿਹਾ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, **

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

Mr. Speaker : Nothing should be recorded. ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। Not to be recorded. ਕੋਈ ਫਾਇਦਾ ਨਹੀਂ, ਜਦ ਰਿਕਾਰਡ ਨਹੀਂ ਹੋ ਰਿਹਾ ਫਿਰ ਪ੍ਰੈਸ ਵਿੱਚ ਵੀ ਨਹੀਂ ਜਾਣਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਾਨੂੰ ਪੜ੍ਹ ਲੈਣ ਦਿਓ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਹਾਡਾ ਪੁਆਇੰਟ ਗਲਤ ਹੈ।

ਸ਼੍ਰੀ ਸੁਨੀਲ ਜਾਖੜ : ਤੁਸੀਂ ਸਾਨੂੰ ਪ੍ਰਿਵਲੇਜ ਮੋਸ਼ਨ ਮੂਵ ਕਰ ਲੈਣ ਦਿਓ।

ਮਾਨਯੋਗ ਸਪੀਕਰ : ਜਿਹੜਾ ਨੋਟਿਸ ਤੁਸੀਂ ਮੈਨੂੰ ਦਿੱਤਾ ਹੈ, that I will decide. ਧਿਆਨ ਦਿਵਾਊ ਮਤੇ, ਹਾਂ ਜੀ ਸਰਦਾਰ ਜਗਮੋਹਨ ਸਿੰਘ ਕੰਗ ਜੀ।

CALLING ATTENTION NOTICES UNDER RULE 66

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਜ਼ੀਰੋ ਆਵਰ।

ਮਾਨਯੋਗ ਸਪੀਕਰ : ਬੀਬੀ ਜੀ, ਹੁਣ ਅਗਲਾ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜ਼ੀਰੋ ਆਵਰ ਕਰ ਲੈਣ ਦਿਓ।

ਮਾਨਯੋਗ ਸਪੀਕਰ : ਤੁਸੀਂ ਪਹਿਲਾਂ ਹੀ ਇੰਨਾ ਟਾਈਮ ਲੈ ਲਿਆ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ...

*Not recorded as ordered by the Chair.

ਮਾਨਯੋਗ ਸਪੀਕਰ : ਬੀਬੀ ਜੀ, ਮੈਂ ਹੁਣ ਅਨਾਊਂਸ ਕਰ ਚੁੱਕਿਆ ਹਾਂ। ਹਾਂ ਜੀ, ਕੰਗ ਸਾਹਿਬ।

(ਕ੍ਰਮ ਨੰ:1)

ਸਰਦਾਰ ਜਗਮੋਹਨ ਸਿੰਘ ਕੰਗ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਖਰੜ ਤੋਂ ਚੰਡੀਗੜ੍ਹ ਦਾਖਲ ਹੋਣ ਲਈ ਖਰੜ ਤੋਂ ਮੁਹਾਲੀ ਵਾਇਆ ਬਲੌਂਗੀ ਬਹੁਤ ਹੀ ਅਤਿ ਜ਼ਰੂਰੀ ਸੜਕ ਹੈ ਅਤੇ ਇਸ ਸੜਕ ਤੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਫਿਰੋਜ਼ਪੁਰ, ਫਰੀਦਕੋਟ, ਰੋਪੜ, ਨੰਗਲ ਅਤੇ ਇਥੋਂ ਤੱਕ ਕਿ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਤੋਂ ਵੱਡੇ ਅਤੇ ਛੋਟੇ ਵਾਹਨ ਇਸ ਸੜਕ ਰਾਹੀਂ ਗੁਜ਼ਰਦੇ ਹਨ। ਇਥੋਂ ਤੱਕ ਕਿ ਤਰਕੀਬਨ ਸਾਰੇ ਵੀ.ਆਈ.ਪੀਜ਼ ਵੀ ਇਸ ਰਸਤੇ ਦੇ ਰਾਹੀਂ ਗੁਜ਼ਰਦੇ ਹਨ ਪਰ ਇਸ ਸੜਕ ਦੀ ਹਾਲਤ ਅਤਿ ਖਸਤਾ ਹੈ, ਖਾਸ ਕਰਕੇ ਮੁੰਡੀ ਖਰੜ ਤੋਂ ਬਲੌਂਗੀ ਤੱਕ ਤਾਂ ਸੜਕ ਦੀ ਹਾਲਤ ਬਹੁਤ ਮਾੜੀ ਹੈ। ਭਾਰੀ ਟਰੈਫਿਕ ਹੋਣ ਕਾਰਨ ਇਸ ਸੜਕ ਤੇ ਬਹੁਤ ਹੀ ਜਾਨੀ ਅਤੇ ਮਾਲੀ ਨੁਕਸਾਨ ਹੋ ਚੁੱਕਾ ਹੈ। ਇਸ ਲਈ ਸੜਕ ਦੀ ਤੁਰੰਤ ਰਿਪੇਅਰ ਕਰਨ ਦੀ ਜ਼ਰੂਰਤ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਲੋਕ ਨਿਰਮਾਣ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) : ਸਪੀਕਰ ਸਾਹਿਬ, ਚੰਡੀਗੜ੍ਹ ਬਲੌਂਗੀ ਸੜਕ ਉਤੇ ਕੁਝ ਹਿੱਸੇ ਵਿਚ ਹਾਲ ਹੀ ਵਿਚ ਹੋਈਆਂ ਬਾਰਸ਼ਾਂ ਕਾਰਨ ਟੋਏ ਪੈ ਗਏ ਹਨ, ਲਗਾਤਾਰ ਬਾਰਸ਼ ਪੈਣ ਕਾਰਨ ਇਨ੍ਹਾਂ ਦੀ ਰਿਪੇਅਰ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਹੁਣ ਇਸ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਤੇ ਸਾਰੇ ਪੈਚ ਇਕ ਹਫਤੇ ਵਿਚ ਲਗਾ ਦਿੱਤੇ ਜਾਣਗੇ । ਇਸ ਤੋਂ ਇਲਾਵਾ ਸੜਕ ਦੇ ਇਸ ਹਿੱਸੇ ਉਪਰ ਲੁੱਕ ਦੀ ਨਵੀਂ ਤਹਿ ਪਾਉਣ ਦਾ ਅਨੁਮਾਨ ਬਾਬਤ ਰਕਮ 569 ਲੱਖ ਰੁਪਏ ਦਾ ਮਨਜ਼ੂਰੀ ਹਿੱਤ ਭਾਰਤ ਸਰਕਾਰ ਦੇ ਸੜਕ ਤੇ ਪਰਿਵਹਿਨ ਮੰਤਰਾਲੇ ਨੂੰ ਭੇਜਿਆ ਗਿਆ ਹੈ। ਅਨੁਮਾਨ ਮਨਜ਼ੂਰੀ ਉਪਰੰਤ ਸੜਕ ਉਪਰ ਲੁਕ ਦੀ ਨਵੀਂ ਤਹਿ ਪਾਉਣ ਦਾ ਕੰਮ ਵੀ ਕਰਵਾ ਦਿੱਤਾ ਜਾਵੇਗਾ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਮਿਤੀ ਬੱਧ ਕਰਕੇ ਜੋ ਪ੍ਰੀਮਿਕਸ ਨਵੀਂ ਪੈਣੀ ਹੈ, ਰਿਪੇਅਰ ਹੋਣੀ ਹੈ ਉਹ ਮਿਹਰਬਾਨੀ ਕਰਕੇ ਕਰਵਾ ਦਿਉ, ਉਹ ਬਹੁਤ ਜ਼ਰੂਰੀ ਹੈ, ਉਥੇ ਐਕਸੀਡੈਂਟ ਹੁੰਦੇ ਹਨ, ਆਮ ਤੌਰ ਤੇ ਸਾਡੇ ਬੱਚੇ ਸਕੂਲਾਂ ਵਿਚ ਜਾਂਦੇ ਹੋਏ ਗਿਰ ਜਾਂਦੇ ਹਨ, ਬਜ਼ੁਰਗ ਗਿਰ ਜਾਂਦੇ ਹਨ, ਸੱਟਾਂ ਵੱਜਦੀਆਂ ਹਨ, ਚੰਡੀਗੜ੍ਹ ਬਿਊਟੀਫੁੱਲ ਸ਼ਹਿਰ ਹੋਵੇ ਤੇ ਪੰਜਾਬ ਦੀ ਰਾਜਧਾਨੀ ਹੋਵੇ ਤੇ ਉਥੋਂ ਆਉਣ ਜਾਣ ਲੱਗੇ ਮੇਨ ਸੜਕ ਦਾ ਬੁਰਾ ਹਾਲ ਹੋਵੇ। ਸੋ, ਇਸ ਲਈ ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਮਿਹਰਬਾਨੀ ਕਰਕੇ, ਇਸ ਦੇ ਉਤੇ ਪੂਰੀ ਗੌਰ ਕਰਕੇ, 'ਇਸ ਨੂੰ ਮਿਤੀ ਬੱਧ ਕੀਤਾ ਜਾਵੇ।

ਮਾਨਯੋਗ ਸਪੀਕਰ : ਥੈਂਕ ਯੂ। ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ।

(ਕ੍ਰਮ ਨੰ: 2)

Sardar Charanjit Singh Channi : Sir, I beg to draw the attention of the Government...

ਮਾਨਯੋਗ ਸਪੀਕਰ : ਨਾਟ ਅਲਾਊਡ। ਪੰਜਾਬੀ ਵਿਚ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਰ, ਇਹ ਤੁਸੀਂ ਹੀ ਮੈਨੂੰ ਅੰਗਰੇਜ਼ੀ ਵਿਚ ਲਿਖ ਕੇ ਭੇਜੀ ਹੈ।

ਮਾਨਯੋਗ ਸਪੀਕਰ : ਨਹੀਂ, ਪੰਜਾਬੀ ਵਿਚ ਪੜ੍ਹੋ। (ਵਿਘਨ)

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪਹਿਲਾਂ ਇਕ ਵਾਰੀ ਗੱਲ ਸੁਣ ਲਵੋ (ਵਿਘਨ) ਸਰ, ਪਹਿਲਾਂ ਮੇਰੀ ਗੱਲ ਸੁਣ ਲਵੋ। ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ।

ਮਾਨਯੋਗ ਸਪੀਕਰ : ਹਾਂ, ਪੰਜਾਬੀ ਵਿਚ ਪੜ੍ਹ ਦਿਉ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਪੰਜਾਬੀ ਵਿੱਚ ਪੜ੍ਹ ਦਿੰਦਾ ਹਾਂ ਪਰ ਮੈਂ ਇਕ ਤੁਹਾਡੀ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ ਕਿ ਤੁਹਾਡੇ ਬੰਦੇ ਨੇ ਆ ਕੇ ਮੈਨੂੰ ਪੜ੍ਹਨ ਨੂੰ ਦਿੱਤੀ ਹੈ, ਮੈਨੂੰ ਤਾਂ ਮਜ਼ਬੂਰੀ ਵਿਚ ਅੰਗਰੇਜ਼ੀ ਵਿਚ ਪੜ੍ਹਨੀ ਪਈ, ਮੈਨੂੰ ਵੀ ਪੰਜਾਬੀ ਵਿਚ ਪੜ੍ਹਨ ਦਾ ਸ਼ੌਂਕ ਹੈ।

ਮਾਨਯੋਗ ਸਪੀਕਰ : ਤੁਹਾਨੂੰ ਨਾਲ ਪੰਜਾਬੀ ਇਕ ਕਾਪੀ ਦੇ ਵਿਚ ਮਿਲੀ ਹੋਵੇਗੀ। ਇਹ ਨਹੀਂ ਹੋ ਸਕਦਾ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਪੰਜਾਬੀ ਵਿਚ ਹੀ ਲਿਖ ਕੇ ਭੇਜੀ ਸੀ ਅਤੇ ਮੈਂ ਹੁਣ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ।

ਸਰਦਾਰ ਚਰਨਜੀਤ ਸਿੰਘ ਚੰਨੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ, ਅਰਥਾਤ, ਰਾਜ ਦੇ ਕੁਝ ਜ਼ਿਲ੍ਹਿਆਂ ਵਿੱਚ ਕੈਂਸਰ ਦੀ ਬਿਮਾਰੀ ਦੇ ਫੈਲਣ ਦੇ ਨਤੀਜੇ ਵਜੋਂ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਵਿਚ ਵੱਡੇ ਪੈਮਾਨੇ ਦਾ ਵਾਧਾ ਅਤੇ ਇਸ ਬਿਮਾਰੀ ਦੇ ਕਾਰਣਾਂ ਨੂੰ ਰੋਕਣ ਵਿੱਚ ਸਰਕਾਰ ਦੀ ਅਸਫਲਤਾ ਵੱਲ ਦਿਵਾਉਂਦਾ ਹਾਂ ਜੋ ਕਿ ਇਕ ਚਿੰਤਾ ਦਾ ਮਾਮਲਾ ਬਣਦਾ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਸਰਕਾਰ ਇਸ ਬਿਮਾਰੀ ਦੇ ਕਾਰਨ ਜਾਨਣ ਲਈ ਬਹੁਤ ਚਿੰਤਤ ਹੈ ਤੇ ਰਾਜ ਸਰਕਾਰ ਵਲੋਂ...

ਰਾਣਾ ਗੁਰਮੀਤ ਸਿੰਘ ਸੋਢੀ (ਬੈਠੇ ਬੈਠੇ) : ਪੰਜਾਬੀ ਵਿਚ ਬੋਲੋ।

ਮੰਤਰੀ : ਪੰਜਾਬੀ ਵਿਚ ਬੋਲ ਰਿਹਾ ਹਾਂ। (ਹਾਸਾ) ਮੇਰੇ ਕੋਲ ਤਾਂ ਇੰਗਲਿਸ਼ ਵਰਸ਼ਨ ਹੈ I will be happy ਜੇ ਮੈਨੂੰ ਅੰਗਰੇਜ਼ੀ ਵਿਚ ਬੋਲਣ ਦੀ ਇਜਾਜ਼ਤ ਹੋ ਜਾਵੇ।

(ਇਕ ਅਵਾਜ਼: ਇੱਧਰ ਵੀ ਬੰਦ ਕਰੋ।)

ਮਾਨਯੋਗ ਸਪੀਕਰ : ਇਕੋ ਜਿਹੀ ਗੱਲ ਹੈ।

ਮੰਤਰੀ : ਸਪੀਕਰ ਸਾਹਿਬ ਨੇ ਅੰਗਰੇਜ਼ੀ ਵਿਚ ਪੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ ..

ਮਾਨਯੋਗ ਸਪੀਕਰ: ਨਹੀਂ ਨਹੀਂ, ਜਵਾਬ ਪੰਜਾਬੀ ਵਿਚ ਦਿਉ।

ਮੰਤਰੀ : ਜਵਾਬ ਪੰਜਾਬੀ ਵਿਚ ਹੀ ਦੇ ਰਿਹਾ ਹਾਂ ਜੀ। ਮੈਨੂੰ ਇੰਗਲਿਸ਼ ਪੜ੍ਹਨੀ ਸੌਖੀ ਹੈ। (ਵਿਘਨ)

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਮੈਨੂੰ ਗੱਲ ਤਾਂ ਕਰ ਲੈਣ ਦਿਉ। (ਵਿਘਨ) ਸਰ, ਇੰਗਲਿਸ਼ ਵਿਚ ਕੋਈ ਸਵਾਲ ਜਵਾਬ ਨਹੀਂ ਕਰ ਸਕਦੇ, I need explanation on this.

RULING GIVEN BY THE HON'BLE SPEAKER REG. TRANSACTING BUSINESS OF THE HOUSE IN PUNJABI

ਮਾਨਯੋਗ ਸਪੀਕਰ : ਦੇਖੋ, ਮੈਂ ਇਸ ਗੱਲ ਦਾ ਜਵਾਬ ਤੁਹਾਨੂੰ ਦਿੰਦਾ ਹਾਂ। ਗੱਲ ਬੜੀ ਸਪੱਸ਼ਟ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਾਬੀ ਸੂਬਾ ਬਣਾਉਣ ਲਈ ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ ਔਰ ਇਸ ਗੱਲ ਲਈ ਦਿੱਤੀਆਂ ਕਿ ਪੰਜਾਬੀ ਸੂਬਾ ਬਣਾਇਆ ਜਾਵੇਗਾ, ਪੰਜਾਬੀ ਲੈਂਗੂਏਜ਼ ਉਸ ਵਿਚ ਤਰੱਕੀ ਕਰੇਗੀ ਔਰ ਸਾਡੀ ਮਾਂ ਬੋਲੀ ਨੂੰ ਬੜ੍ਹਾਵਾ ਮਿਲੇਗਾ । ਇਸ ਲਈ ਪਹਿਲੇ ਦਿਨ ਹੀ, ਜਿਸ ਦਿਨ ਮੈਂ ਇਥੇ ਬੈਠਾ ਸੀ ਤਾਂ ਇਹ ਰੂਲਿੰਗ ਦਿੱਤੀ ਸੀ ਕਿ ਅੱਜ ਤੋਂ ਬਾਅਦ ਹਾਊਸ ਦੀ ਜਿਹੜੀ ਕਾਰਵਾਈ ਹੈ, ਉਹ ਪੰਜਾਬੀ ਵਿੱਚ ਹੀ ਚੱਲੇਗੀ। ਤੁਸੀਂ ਕਿਸੇ ਚੀਜ਼ ਨੂੰ ਕੋਟ ਕਰ ਸਕਦੇ ਹੋ। ਜੇ ਕਿਤੇ ਇੰਗਲਿਸ਼ ਨੂੰ ਯੂਜ਼ ਕਰਨਾ ਹੈ ਤਾਂ ਤੁਸੀਂ ਇਸ ਭਾਸ਼ਾ ਵਿੱਚ ਕੋਟ ਕਰ ਸਕਦੇ ਹੋ ਲੇਕਿਨ ਤੁਸੀਂ ਹਰ ਵੇਲੇ ਅੰਗਰੇਜ਼ੀ ਵਿਚ ਆਪਣੇ ਜਵਾਬ ਨਹੀਂ ਦੇ ਸਕਦੇ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਆਪਾਂ ਇਕ ਪਾਸੇ ਤਾਂ ਮਾਡਲ ਸਕੂਲ ਖੋਲ੍ਹ ਰਹੇ ਹਾਂ .. (ਵਿਘਨ)

ਮਾਨਯੋਗ ਸਪੀਕਰ : ਇਸ ਵਿਚ ਕੋਈ ਕਿੰਤੂ ਪਰੰਤੂ ਨਹੀਂ ਹੈ। (ਵਿਘਨ) Please sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ: ਨੋ, ਇਸ ਦੇ ਉਤੇ ਕੋਈ ਕਿੰਤੂ ਪਰੰਤੂ ਨਹੀਂ ਹੈ। ਰਾਣਾ ਜੀ, sit down. ਇਸ ਦੇ ਉਤੇ ਕੋਈ ਕਿੰਤੂ ਪਰੰਤੂ ਨਹੀਂ ਹੋਵੇਗਾ। (ਵਿਘਨ) ਹਾਂ ਜੀ, ਮਿੱਤਲ ਸਾਹਿਬ ਜੀ। No, no, nothing is going to be recorded.

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, you cannot force ਕਿ ਇਸ ਲੈਂਗੂਏਜ਼ ਨੂੰ ਯੂਜ਼ ਕਰੋ। (ਵਿਘਨ ਸ਼ੋਰ)

ਮਾਨਯੋਗ ਸਪੀਕਰ : ਮੈਂ ਕਿਹਾ ਜੀ ਇਸ ਦੇ ਉਤੇ ਕੋਈ ਕਿੰਤੂ ਪਰੰਤੂ ਨਹੀਂ ਹੈ। In this House the Punjabi will be allowed. ਹਾਂ ਜੀ, ਮਿੱਤਲ ਸਾਹਿਬ।

(ਇਕ ਅਵਾਜ਼ : ਇਹ ਪੰਜਾਬੀ ਦਾ ਵਿਰੋਧ ਕਰੀ ਜਾਂਦੇ ਹਨ।)

(ਇਸ ਸਮੇਂ ਸਿੱਖਿਆ ਮੰਤਰੀ, ਡਾਕਟਰ ਦਲਜੀਤ ਸਿੰਘ ਚੀਮਾ ਬਿਨਾ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਕੀ ਹਿੰਦੀ ਬੋਲ ਸਕਦੇ ਹਨ?

ਮਾਨਯੋਗ ਸਪੀਕਰ : ਬੋਲ ਸਕਦੇ ਹਨ, ਹਿੰਦੀ ਬੋਲ ਸਕਦੇ ਹਨ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਜਿਹੜਾ ਸਾਰਾ ਕਮਿਊਨੀਕੇਸ਼ਨ ਹੋ ਰਿਹਾ ਹੈ ਉਹ ਸਾਰਾ ਅੰਗਰੇਜ਼ੀ ਵਿਚ ਹੋ ਰਿਹਾ ਹੈ, Speaker Sahib, how can you force when there are three languages?

ਮਾਨਯੋਗ ਸਪੀਕਰ : ਜਿਥੇ ਕਿਤੇ ਹੋਵੇਗੀ ਤਾਂ ਮੈਂ ਵੇਖ ਲਵਾਂਗਾ। (ਵਿਘਨ) ਰਾਣਾ ਜੀ, ਤੁਸੀਂ ਬੈਠ ਜਾਉ।

CALLING ATTENTION NOTICES UNDER RULE 66

(Resumption)

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਇਨ੍ਹਾਂ ਨੂੰ ਜਵਾਬ ਨਹੀਂ ਚਾਹੀਦਾ, ਇਨ੍ਹਾਂ ਨੇ ਭਾਸ਼ਾ ਬਾਰੇ ਹੀ ਫੈਸਲਾ ਕਰਨਾ ਹੈ। (ਵਿਘਨ) ਸ਼੍ਰੀਮਾਨ ਜੀ, ਸਰਕਾਰ ਇਸ ਬਿਮਾਰੀ ਦੇ ਕਾਰਨ ਜਾਣਨ ਲਈ ਬਹੁਤ ਚਿੰਤਤ ਹੈ। ਰਾਜ ਸਰਕਾਰ ਵੱਲੋਂ ਇਸ ਮਕਸਦ ਲਈ ਕੇਂਦਰੀ ਸਿਹਤ ਮੰਤਰਾਲੇ ਅਤੇ ਆਈ.ਸੀ.ਐਮ.ਆਰ. ਦੇ ਸਹਿਯੋਗ ਨਾਲ ਜਨਸੰਖਿਆ ਅਧਾਰਤ ਕੈਂਸਰ ਰਜਿਸਟਰੀ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ

[ਸੰਸਦੀ ਮਾਮਲੇ ਮੰਤਰੀ]

ਸ਼ੁਰੂ ਕੀਤੀ ਹੈ ਅਤੇ ਹਾਲ ਹੀ ਵਿੱਚ 2012-13 ਦੀ ਰਿਪੋਰਟ ਪ੍ਰਾਪਤ ਹੋਈ ਹੈ ਜਿਸ ਦਾ ਅਧਿਐਨ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖੀ ਵਿਉਂਤਬੰਦੀ ਬਣਾਈ ਜਾ ਸਕੇ। ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ ਜ਼ਿਲ੍ਹਾ ਮਾਨਸਾ, ਸੰਗਰੂਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਚੰਡੀਗੜ੍ਹ ਵਿਖੇ ਕੈਂਸਰ ਰਜਿਸਟਰੀ ਸ਼ੁਰੂ ਹੋ ਚੁੱਕੀ ਹੈ ਅਤੇ ਡਾਟਾ ਇਕੱਠਾ ਹੋ ਰਿਹਾ ਹੈ। ਹਸਪਤਾਲ ਅਧਾਰਤ ਕੈਂਸਰ ਰਜਿਸਟਰੀ, ਪੀ.ਜੀ.ਆਈ., ਚੰਡੀਗੜ੍ਹ ਵਿਖੇ ਸ਼ੁਰੂ ਹੋ ਚੁੱਕੀ ਹੈ ਅਤੇ ਡਾਟਾ ਇਕੱਠਾ ਹੋ ਰਿਹਾ ਹੈ। ਇਸ ਸਬੰਧੀ ਅੰਕੜੇ ਉਪਲਬਧ ਹੋਣ ਤੇ ਇਸ ਬੀਮਾਰੀ ਦੇ ਕਾਰਨ ਜਾਣਨ ਵਿੱਚ ਮਦਦ ਮਿਲੇਗੀ ਅਤੇ ਰੋਕਥਾਮ ਲਈ ਭਵਿੱਖੀ ਵਿਉਂਤਬੰਦੀ ਬਣਾਉਣ ਵਿੱਚ ਸਹਾਈ ਹੋਵੇਗੀ।

ਰਾਜ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ ਵਿਖੇ ਰੇਡੀਓਥੈਰੇਪੀ ਵਿਭਾਗ ਵਿਚ ਸਟੇਟ ਆਫ਼ ਆਰਟ ਇਕਵਿਪਮੈਂਟ ਲਗਾਇਆ ਗਿਆ ਹੈ। (ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਵਿਘਨ) Brachytheropy ਮਸ਼ੀਨ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ ਵਿਖੇ ਲਗਾਈ ਗਈ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਿਖੇ ਕੋਬਾਲਟ ਸੋਰਸ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਲਗਾਇਆ ਗਿਆ ਹੈ।

Mr. Speaker : Rana ji, no disturbance. ਡਿਸਟਰਬ ਨਹੀਂ ਕਰਨਾ।

ਮੰਤਰੀ : ਸਰਕਾਰ ਵੱਲੋਂ ਕੈਂਸਰ ਦੀ ਮੁੱਢਲੀ ਜਾਂਚ ਲਈ ਮੈਮੋਗ੍ਰਾਫੀ ਯੂਨਿਟ, ਸਿਵਲ ਹਸਪਤਾਲ, ਪਟਿਆਲਾ, ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ ਹੈ। ਜ਼ਿਲ੍ਹਾ ਹਸਪਤਾਲ, ਸੰਗਰੂਰ ਵਿਖੇ ਟਾਟਾ ਮੈਮੋਰੀਅਲ ਕੈਂਸਰ ਅਤੇ ਰਿਸਰਚ ਸੈਂਟਰ, ਮੁੰਬਈ ਦੇ ਸਹਿਯੋਗ ਨਾਲ ਰੇਡੀਓਥੈਰੇਪੀ ਫੈਸਿਲਟੀ ਸਥਾਪਤ ਕੀਤੀ ਗਈ ਹੈ। ਜ਼ਿਲ੍ਹਾ ਬਠਿੰਡਾ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਰਾਹੀਂ 100 ਬੈਡਿਡ ਐਡਵਾਂਸ ਕੈਂਸਰ ਡਾਇਗਨੋਸਟਿਕ ਟ੍ਰੀਟਮੈਂਟ ਅਤੇ ਰਿਸਰਚ ਸੈਂਟਰ ਸ਼ੁਰੂ ਕੀਤਾ ਗਿਆ ਹੈ। (ਵਿਘਨ) (ਸ਼ੋਰ) ਭਾਰਤ ਸਰਕਾਰ ਅਤੇ ਟਾਟਾ ਮੈਮੋਰੀਅਲ ਰਿਸਰਚ ਸੈਂਟਰ ਮੁੰਬਈ ਦੇ ਸਹਿਯੋਗ ਨਾਲ ਮੁਲਾਂਪੁਰ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ (ਚੰਡੀਗੜ੍ਹ ਦੇ ਨੇੜੇ) 300 ਬਿਸਤਰਿਆਂ ਦਾ ਕੈਂਸਰ ਟ੍ਰੀਟਮੈਂਟ ਸੈਂਟਰ

ਬਣਾਇਆ ਜਾ ਰਿਹਾ ਹੈ। ਕੈਂਸਰ ਦੀ ਬਿਮਾਰੀ ਦੀ ਰੋਕਥਾਮ ਅਤੇ ਬਿਹਤਰ ਸਹੂਲਤਾਂ ਦੇਣ ਦੇ ਮਕਸਦ ਲਈ ਰਾਜ ਸਰਕਾਰ ਵੱਲੋਂ ਕੈਂਸਰ ਐਂਡ ਡਰੱਗ ਅਡਿਕਸ਼ਨ ਟ੍ਰੀਟਮੈਂਟ ਇਨਫ੍ਰਾਸਟ੍ਰਕਚਰ ਫੰਡ ਐਕਟ ਹੋਂਦ ਵਿੱਚ ਲਿਆਂਦਾ ਗਿਆ ਹੈ।

ਜਿਹੜੇ ਮਰੀਜ਼ ਕੈਂਸਰ ਦੀ ਬਿਮਾਰੀ ਤੋਂ ਪੀੜਤ ਪਾਏ ਗਏ ਉਨ੍ਹਾਂ ਲਈ ਇਕ ਵਿਸ਼ੇਸ਼ ਸਕੀਮ ਜਿਸ ਦਾ ਨਾਂ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਹੈ, ਰਾਹੀਂ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ 1.50 ਲੱਖ ਰੁਪਏ ਤੱਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਰਾਜ ਸਰਕਾਰ ਅਤੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਵੱਲੋਂ ਖੁੱਲ੍ਹੇ ਟੈਂਡਰਾਂ ਰਾਹੀਂ ਕੈਂਸਰ ਦੀਆਂ ਦਵਾਈਆਂ ਘੱਟ ਰੇਟਾਂ ਤੇ ਉਪਲਬਧ ਕਰਵਾਈਆਂ ਗਈਆਂ ਹਨ। ਹੁਣ ਤੱਕ 118 ਦਵਾਈਆਂ ਰੇਟ ਕੰਟਰੈਕਟ ਤੇ ਉਪਲਬਧ ਹਨ। ਇਹ ਦਵਾਈਆਂ ਜਨ ਔਸ਼ਧੀ ਸਟੋਰ ਤੇ ਵੀ ਉਪਲਬਧ ਹਨ।

ਮੈਂ ਸਦਨ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਸਰਕਾਰ ਵੱਲੋਂ ਕੈਂਸਰ ਦੀ ਬਿਮਾਰੀ ਦੇ ਕਾਰਨ ਜਾਣਨ ਲਈ ਅਤੇ ਕੰਟਰੋਲ ਕਰਨ ਅਤੇ ਇਲਾਜ ਸਬੰਧੀ ਹੋਰ ਵੀ ਜੋ ਢੁਕਵੇਂ ਕਦਮ ਸੰਭਵ ਹੋਣਗੇ, ਉਹ ਚੁੱਕੇ ਜਾਣਗੇ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਜਿਹੜੇ ਅੱਜ ਹਾਲਾਤ ਹਨ, ਪੂਰੇ ਦੇਸ਼ ਨਾਲੋਂ ਪੰਜਾਬ ਵਿੱਚ ਕੈਂਸਰ ਦੀ ਪਰਸੈਂਟੇਜ਼ ਵੱਧ ਪਾਈ ਜਾ ਰਹੀ ਹੈ। ਦੂਜਾ, ਪੰਜਾਬ ਵਿੱਚ ਸਭ ਤੋਂ ਜ਼ਿਆਦਾ ਮੁਕਤਸਰ ਅਤੇ ਬਠਿੰਡਾ ਜ਼ਿਲ੍ਹੇ ਵਿੱਚ ਕੈਂਸਰ ਲੋਕਾਂ ਨੂੰ ਹੋ ਰਿਹਾ ਹੈ।

ਸਰਦਾਰ ਬਲਵਿੰਦਰ ਸਿੰਘ ਬੈਂਸ (ਬੈਠੇ ਬੈਠੇ) : ਲੁਧਿਆਣਾ ਵੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ: ਪੂਰਾ ਪੰਜਾਬ ਅੱਜ ਇਸ ਦੀ ਗ੍ਰਿਫਤ ਵਿੱਚ ਆ ਗਿਆ ਹੈ। ਕੈਂਸਰ ਇਕ ਅਜਿਹੀ ਬਿਮਾਰੀ ਹੈ ਜਿਸ ਨਾਲ ਬੰਦਾ ਵੀ ਚਲਾ ਜਾਂਦਾ ਹੈ ਅਤੇ ਘਰ ਵੀ ਖੁੰਘਲ ਜਾਂਦਾ ਹੈ, ਘਰ ਵਿੱਚ ਪੈਸੇ ਬਿਲਕੁਲ ਨਹੀਂ ਬਚਦੇ, ਸਾਰੇ ਪੈਸੇ ਬਿਮਾਰੀ ਤੇ ਲੱਗ ਜਾਂਦੇ ਹਨ। ਜਿਹੜਾ ਡੇਢ ਲੱਖ ਰੁਪਿਆ ਸਰਕਾਰ ਨੇ ਕੈਂਸਰ ਦੀ ਬਿਮਾਰੀ ਵਾਸਤੇ ਰੱਖਿਆ ਹੈ ਇਹ ਬਹੁਤ ਘੱਟ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ 5 ਲੱਖ ਰੁਪਏ ਤੋਂ ਲੈ ਕੇ 25 ਲੱਖ ਰੁਪਿਆ ਇਕ ਬੰਦੇ

[ਸਰਦਾਰ ਚਰਨਜੀਤ ਸਿੰਘ ਚੰਨੀ]

ਉੱਪਰ ਕੈਂਸਰ ਦੀ ਬਿਮਾਰੀ ਦੇ ਇਲਾਜ ਵਾਸਤੇ ਲੱਗ ਜਾਂਦਾ ਹੈ, ਆਮ ਗਰੀਬ ਆਦਮੀ ਇੰਨਾ ਪੈਸਾ ਲਾਉਣ ਤੋਂ ਅਸਮਰਥ ਹੈ ਪਰੰਤੂ ਬਿਮਾਰੀ ਤੋਂ ਫਿਰ ਵੀ ਨਿਜ਼ਾਤ ਨਹੀਂ ਮਿਲਦੀ। ਮੈਂ ਮੰਤਰੀ ਜੀ ਨੂੰ ਇੱਕ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਇਸ ਡੇਢ ਲੱਖ ਰੁਪਏ ਨੂੰ ਵਧਾ ਕੇ ਨੀਡ ਬੇਸਡ ਅਮਾਉਂਟ ਦਿੱਤੀ ਜਾਵੇ ਤਾਂ ਕਿ ਜਿੰਨਾ ਕਿਸੇ ਵਿਅਕਤੀ ਦਾ ਬਿਮਾਰੀ ਤੇ ਖਰਚਾ ਆਉਂਦਾ ਹੈ, ਉਨੇ ਪੈਸੇ ਸਰਕਾਰ ਹਸਪਤਾਲ ਵਿੱਚ ਜਮ੍ਹਾਂ ਕਰਵਾ ਦੇਵੇ ਅਤੇ ਗਰੀਬ ਦਾ ਇਲਾਜ ਹੋ ਜਾਵੇ। ਮੇਰੀ ਇੱਕ ਤਾਂ ਮੰਤਰੀ ਜੀ ਨੂੰ ਇਹ ਡਿਮਾਂਡ ਹੈ।

ਦੂਜੀ ਗੱਲ ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ, ਕਹਿੰਦੇ ਹਨ ਕਿ ਚੋਰ ਦੇ ਨਾਲੋਂ ਚੋਰ ਦੀ ਮਾਂ ਨੂੰ ਮਾਰਨਾ ਜ਼ਰੂਰੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਿਮਾਰੀ ਦੇ ਜਿਹੜੇ ਕਾਰਨ ਹਨ, ਉਨ੍ਹਾਂ ਨੂੰ ਖਤਮ ਕਰਨ ਵਾਸਤੇ ਸਰਕਾਰ ਕੀ ਕਰ ਰਹੀ ਹੈ? ਕਿਉਂਕਿ ਪੈਸਟੀਸਾਈਡਜ਼, ਸ਼ਰਾਬ ਅਤੇ ਯੂਰੇਨੀਅਮ ਦੀ ਮਾਤਰਾ ਵਧਣ ਕਾਰਨ ਇਹ ਫੈਲ ਰਿਹਾ ਹੈ। ਸਾਰੇ ਸਬੰਧਤ ਮਹਿਕਮਿਆਂ ਦੀ ਮਦਦ ਨਾਲ ਇਹ ਕੈਂਸਰ ਖਤਮ ਹੋ ਸਕਦਾ ਹੈ। ਇਕੱਲਾ ਹੈਲਥ ਡਿਪਾਰਟਮੈਂਟ ਕੈਂਸਰ ਖਤਮ ਨਹੀਂ ਕਰ ਸਕਦਾ ਜਦੋਂ ਤੱਕ ਸਾਰੇ ਮਹਿਕਮਿਆਂ ਨੂੰ ਇਸ ਸਬੰਧ ਵਿੱਚ ਇੰਸਟ੍ਰਕਸ਼ਨਾਂ ਜਾਰੀ ਨਹੀਂ ਹੁੰਦੀਆਂ, ਉਦੋਂ ਤੱਕ ਇਸ ਦਾ ਖਾਤਮਾ ਨਹੀਂ ਹੋ ਸਕਦਾ। ਜਦੋਂ ਤੱਕ ਪੈਸਟੀਸਾਈਡਜ਼ ਵਗੈਰਾ ਬੰਦ ਨਹੀਂ ਹੁੰਦੇ, ਉਦੋਂ ਤੱਕ ਵੀ ਇਸ ਦਾ ਖਾਤਮਾ ਨਹੀਂ ਹੋਵੇਗਾ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵਿਸਥਾਰ ਵਿੱਚ ਦੱਸਿਆ ਜਾਵੇ ਕਿ ਸਰਕਾਰ ਇਸ ਬਾਰੇ ਕੀ ਕਰ ਰਹੀ ਹੈ?

ਮੰਤਰੀ : ਜਿਹੜੀਆਂ ਸੁਜੈਸ਼ਨਾਂ ਮੈਂਬਰ ਸਾਹਿਬ ਦੇ ਰਹੇ ਹਨ, ਅਗਰ ਉਨ੍ਹਾਂ ਨਾਲ ਕੋਈ ਰੋਕਥਾਮ ਹੋ ਸਕਦੀ ਹੈ, we will definitely consider. ਇਨ੍ਹਾਂ ਸੁਝਾਵਾਂ ਲਈ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ। ਦੂਸਰੀ ਗੱਲ ਜੋ ਇਨ੍ਹਾਂ ਨੇ ਕੈਂਸਰ ਦੇ ਇਲਾਜ ਵਾਸਤੇ ਪੈਸੇ ਵਧਾਉਣ ਦੀ ਗੱਲ ਕੀਤੀ ਹੈ, ਅਸੀਂ ਇਸੇ ਕਰਕੇ ਮੈਡੀਸਨ ਦਾ ਰੇਟ ਕੰਟਰੈਕਟ ਕੀਤਾ ਹੈ ਤਾਂ ਕਿ ਲੋਕਾਂ ਨੂੰ ਸਸਤੀਆਂ ਦਵਾਈਆਂ ਮਿਲ ਸਕਣ। ਅਗਰ ਇਸ ਦਾ ਕਿਊਮੁਲੇਟਿਵ ਇਫੈਕਟ ਵੇਖਿਆ ਜਾਵੇ ਤਾਂ ਅਸੀਂ 50% ਦਵਾਈਆਂ ਦੇ ਰੇਟ ਤੋਂ ਵੀ ਨੀਚੇ ਲਿਆ ਦਿੱਤੇ ਹਨ ਤਾਂ ਕਿ ਮਰੀਜ਼ਾਂ ਨੂੰ ਸਸਤੀ ਦਵਾਈ ਮਿਲੇ, ਨਹੀਂ ਤਾਂ ਡੇਢ ਲੱਖ ਰੁਪਿਆ ਚਾਰ ਦਿਨ ਦੀ ਦਵਾਈ ਤੇ ਹੀ ਕਿਸੇ ਹਸਪਤਾਲ ਵਿੱਚ ਪੂਰਾ ਹੋ ਜਾਂਦਾ ਸੀ। ਇਹ ਇਸੇ ਕਰਕੇ ਹੀ ਕੀਤਾ ਹੈ ਤਾਂ ਕਿ ਮਰੀਜ਼ਾਂ ਦੀ ਦੇਖਭਾਲ ਕੀਤੀ ਜਾ ਸਕੇ।

ਜਿਹੜੀ ਪ੍ਰੋਵੀਜ਼ਨ ਹੈ, ਉਸ ਵਿਚ ਬਿਲੋਅ ਸਰਟੇਨ ਇਨਕਮ ਜੋ ਲੋਕ ਹਨ, ਉਨ੍ਹਾਂ ਨੂੰ ਤਾਂ ਇਸ ਦੇ ਇਲਾਜ ਸਬੰਧੀ ਵੈਸੇ ਹੀ ਕੁਝ ਫੈਸਲਿਟੀਜ਼ ਦਿੱਤੀਆਂ ਹੋਈਆਂ ਹਨ। ਜਿਹੜਾ ਡੇਢ ਲੱਖ ਰੁਪਿਆ ਹੈ, ਇਹ ਸਫੀਸ਼ੈਂਟ ਹੈ। ਅਗਰ ਬਾਅਦ ਵਿੱਚ ਲੋੜ ਪਵੇਗੀ ਤਾਂ ਸਰਕਾਰ ਵਿਚਾਰ ਕਰ ਸਕਦੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ..

ਮਾਨਯੋਗ ਸਪੀਕਰ : ਚੰਨੀ ਜੀ, ਤੁਸੀਂ ਨੈਕਸਟ ਆਈਟਮ ਤੇ ਬੋਲਣਾ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਕਿ ਪਹਿਲਾਂ ਰਾਸ਼ਨ ਕਾਰਡ ਤੇ ਅਧਾਰ ਕਾਰਡ ਨੂੰ ਪਰੂਫ ਵਜੋਂ ਮੰਨਿਆ ਜਾਂਦਾ ਸੀ ਪਰ ਹੁਣ ਇਹ ਪਰੂਫ ਨਹੀਂ ਮੰਨੇ ਜਾਂਦੇ। ਜਿਹੜਾ ਕੋਈ ਬੱਚਾ 18 ਸਾਲ ਤੋਂ ਘੱਟ ਉਮਰ ਦਾ ਹੈ, ਉਸ ਦਾ ਵੋਟਰ ਕਾਰਡ ਨਹੀਂ ਹੁੰਦਾ, ਉਸ ਨੂੰ ਪੈਸੇ ਨਹੀਂ ਦਿੱਤੇ ਜਾਂਦੇ। ਇਹ ਬਹੁਤ ਸੀਰੀਅਸ ਇਸ਼ੂ ਹੈ। ਤੁਸੀਂ ਬੋਲਣ ਲਈ ਸਮਾਂ ਨਹੀਂ ਦਿੰਦੇ। **

ਮਾਨਯੋਗ ਸਪੀਕਰ : ਚੰਨੀ ਜੀ, ਨੈਕਸਟ ਆਈਟਮ। (ਵਿਘਨ) ਹਾਂ ਜੀ, ਮਿੱਤਲ ਸਾਹਿਬ।

(ਇਸ ਸਮੇਂ ਅਜ਼ਾਦ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮੰਤਰੀ : ਇੱਕ ਮਿੰਟ ਤੁਸੀਂ ਬੈਠ ਕੇ ਗੱਲ ਤਾਂ ਸੁਣ ਲਵੋ। (ਵਿਘਨ) (ਸ਼ੋਰ) ਤੁਹਾਨੂੰ ਇਸ ਗੱਲ ਵਾਸਤੇ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ....(ਵਿਘਨ)

Mr. Speaker : Silence please.

ਮੰਤਰੀ : ਤੁਹਾਨੂੰ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਸਭ ਤੋਂ ਪਹਿਲਾਂ ਇਹ ਸਕੀਮ ਲਾਗੂ ਕੀਤੀ ਹੈ । ਜਦੋਂ ਇਨ੍ਹਾਂ ਨੇ ਵੇਖਿਆ ਕਿ ਕੈਂਸਰ ਦੇ ਬਹੁਤ ਮਰੀਜ਼ ਹੋ ਗਏ ਹਨ। ਇਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਅਜਿਹਾ ਨਹੀਂ ਕੀਤਾ। ਇਸ ਦੇ ਨਾਲ ਹੀ ਜਿਹੜਾ ਇਹ

**Expunged as ordered by the Chair.

[ਸੰਸਦੀ ਮਾਮਲੇ ਮੰਤਰੀ]

ਕਹਿ ਰਹੇ ਹਨ ਕਿ ਪਹਿਲਾਂ ਸਿਸਟਮ ਬੜਾ ਟਿਡੀਅਸ ਸੀ। ਇਸ ਬਾਰੇ ਡੀ.ਸੀ. ਕੇਸ ਭੇਜਦਾ ਸੀ, ਸਿਵਲ ਸਰਜਨ ਚੈੱਕ ਕਰਦਾ ਸੀ, ਉਦੋਂ ਤੱਕ ਤਾਂ ਮਰੀਜ਼ ਅੱਗੇ ਟੱਪ ਜਾਂਦਾ ਸੀ। ਇਸੇ ਕਾਰਨ ਇਸ ਗੱਲ ਨੂੰ ਹੁਣ ਤਾਂ ਇੰਨਾ ਇਜ਼ੀ ਕਰ ਦਿੱਤਾ ਹੈ ਕਿ ਜਿਉਂ ਹੀ ਮਰੀਜ਼ ਹਸਪਤਾਲ ਵਿਚ ਐਡਮਿਟ ਹੁੰਦਾ ਹੈ ਅਤੇ ਹਸਪਤਾਲ ਸਰਟੀਫਾਈ ਕਰਦਾ ਹੈ ਕਿ ਇਸ ਦਾ ਕੈਂਸਰ ਦਾ ਟਰੀਟਮੈਂਟ ਹੋਣਾ ਹੈ, ਉਸ ਨੂੰ ਇਹ ਕਹਿ ਦਿੱਤਾ ਜਾਂਦਾ ਹੈ ਕਿ ਤੂੰ ਇਲਾਜ ਸ਼ੁਰੂ ਕਰ ਅਤੇ ਤੇਰੇ ਕੋਲ ਪੈਸੇ ਪਹੁੰਚ ਜਾਣਗੇ। ਹੁਣ ਉਹ ਗੱਲ ਨਹੀਂ ਰਹੀ ਕਿ ਫਲਾਣਾ-ਫਲਾਣਾ ਸਰਟੀਫਿਕੇਟ ਚਾਹੀਦਾ ਹੈ। ਇਸ ਵਾਸਤੇ very quick procedure has been adopted to give relief to the patient.

ਮਾਨਯੋਗ ਸਪੀਕਰ: ਇੱਕ ਤਾਂ ** ਵਾਲਾ ਲਫਜ਼ ਐਕਸਪੰਜ ਕਰ ਦਿਉ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਜੇਕਰ ਕੋਈ ਬੱਚਾ ਪੇਸ਼ੈਂਟ ਹੈ, ਉਸ ਦੇ ਫਾਦਰ ਕੋਲ ਰਾਸ਼ਨ ਕਾਰਡ ਹੈ, ਹਸਪਤਾਲ ਵਾਲੇ ਅਤੇ ਸਿਹਤ ਮਹਿਕਮਾ ਕਹਿੰਦੇ ਹਨ ਕਿ ਅਸੀਂ ਤਾਂ ਰਾਸ਼ਨ ਕਾਰਡ ਨੂੰ ਪਰੂਫ ਵਜੋਂ ਮੰਨਦੇ ਹੀ ਨਹੀਂ ਹਾਂ। ਹੁਣ ਉਹ ਬੱਚਾ ਵੋਟਰ ਕਾਰਡ ਕਿਥੋਂ ਲੈ ਕੇ ਆਵੇ ਜਿਸ ਦੀ ਉਮਰ 18 ਸਾਲ ਤੋਂ ਘੱਟ ਹੈ। ਉਸ ਦੇ ਕੋਲ ਅਧਾਰ ਕਾਰਡ ਹੈ ਤਾਂ ਉਸ ਦਾ ਅਧਾਰ ਕਾਰਡ ਨਹੀਂ ਮੰਨਦੇ।

(ਇੱਕ ਅਵਾਜ਼ : ਮੰਤਰੀ ਸਾਹਿਬ ਇਹ ਰਿਐਲਟੀ ਹੈ।)

ਸਰਦਾਰ ਬਲਵਿੰਦਰ ਸਿੰਘ ਬੈਂਸ : ਮੈਂ ਕਹਿੰਦਾ ਹਾਂ ਕਿ ਪਹਿਲਾਂ ਰਾਸ਼ਨ ਕਾਰਡ ਤੇ ਅਧਾਰ ਕਾਰਡ ਨੂੰ ਤੁਹਾਡੇ ਵਲੋਂ ਮੰਨਿਆ ਜਾਂਦਾ ਸੀ। ਹੁਣ ਵੀ ਤੁਸੀਂ ਇਨ੍ਹਾਂ ਕਾਰਡਾਂ ਨੂੰ ਮੰਨ ਲਵੋ। ਮੈਂ ਤਾਂ ਇਹੀ ਕਹਿੰਦਾ ਹਾਂ।

ਮੰਤਰੀ : ਕੀ ਤੁਹਾਡੇ ਨੋਟਿਸ ਵਿੱਚ ਕੋਈ ਕੇਸ ਹੈ?

ਸਰਦਾਰ ਬਲਵਿੰਦਰ ਸਿੰਘ ਬੈਂਸ : ਮੇਰੇ ਨੋਟਿਸ ਵਿੱਚ ਤਾਂ ਸੈਂਕੜੇ ਹੀ ਕੇਸ ਹਨ। ਮਿੱਤਲ ਸਾਹਿਬ, ਤੁਸੀਂ ਕੈਂਸਰ ਦੇ ਮਰੀਜ਼ਾਂ ਬਾਰੇ ਮੋਹਨਦੇਈ ਹਸਪਤਾਲ, ਲੁਧਿਆਣਾ ਤੋਂ ਰਿਕਾਰਡ ਮੰਗਵਾ ਲਵੋ।

ਮਾਨਯੋਗ ਸਪੀਕਰ : ਬੈਂਸ ਸਾਹਿਬ, ਤੁਸੀਂ ਆਪ ਹੀ ਇਨ੍ਹਾਂ ਨੂੰ ਲਿਖ ਕੇ

**Expunged as ordered by the Chair.

ਦੇ ਦਿਉ। ਇਸ ਬਾਰੇ ਲਿਖ ਕੇ ਦੇ ਦਿੱਤਾ ਜਾਵੇ। ਸਰਦਾਰ ਚਰਨਜੀਤ ਸਿੰਘ ਚੰਨੀ ਜੀ, ਤੁਸੀਂ ਨੈਕਸਟ ਆਈਟਮ ਤੇ ਆਉ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਉਹ ਵੀ ਕਰ ਲੈਂਦਾ ਹਾਂ। ਲੇਕਿਨ ਮੇਨ ਜੋ ਗੱਲ ਹੈ, ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਡੇਢ ਲੱਖ ਰੁਪਏ ਨਾਲ ਨਹੀਂ ਸਰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਆਦਮੀ ਕੋਲ ਤਾਂ ਇਲਾਜ ਕਰਵਾਉਣ ਲਈ ਪੈਸੇ ਹੀ ਨਹੀਂ ਹੁੰਦੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) (ਬੈਠੇ ਬੈਠੇ) : ਤੁਹਾਨੂੰ ਤਾਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਚਾਹੀਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਤਾਂ ਤੁਹਾਡਾ ਕੋਟ ਕੋਟ ਧੰਨਵਾਦ ਕਰਦਾ ਹਾਂ ਕਿ ਜਿਹੜੀ ਤੁਸੀਂ ਗਰੀਬ ਆਦਮੀ ਦੀ ਡੇਢ ਲੱਖ ਰੁਪਏ ਦੀ ਮਦਦ ਕਰਦੇ ਹੋ।

ਮਾਨਯੋਗ ਸਪੀਕਰ : ਚੰਨੀ ਜੀ, ਤੁਸੀਂ ਅਗਲੀ ਆਈਟਮ ਲਓ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਡੇਢ ਲੱਖ ਰੁਪਏ ਨਾਲ ਨਹੀਂ ਸਰਦਾ, ਕੀ ਸਰਕਾਰ ਇਸ ਨੂੰ ਵਧਾਏਗੀ।

ਮਾਨਯੋਗ ਸਪੀਕਰ : ਚੰਨੀ ਜੀ, ਤੁਹਾਡੀ ਗੱਲ ਆ ਗਈ ਹੈ। ਤੁਸੀਂ ਅਗਲੀ ਕਾਲ ਅਟੈਨਸ਼ਨ ਲਓ।

(ਕ੍ਰਮ ਨੰ: 3)

ਸਰਦਾਰ ਚਰਨਜੀਤ ਸਿੰਘ ਚੰਨੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਅਰਥਾਤ ਰਾਜ ਵਿਚ ਸਵਾਈਨ ਫਲੂ (ਐਚ-1, ਐਨ-1) ਦੇ ਫੈਲਣ ਅਤੇ ਇਸ ਲਾਗ ਸੰਕ੍ਰਾਮਕ ਬਿਮਾਰੀ ਦੇ ਕਾਰਣ ਜ਼ਿਆਦਾਤਰ ਮੌਤਾਂ ਹੋਣ ਵੱਲ ਦਿਵਾਉਂਦਾ ਹਾਂ। ਇਸ ਨਾਲ ਆਮ ਜਨਤਾ ਦੇ ਮਨਾਂ ਵਿੱਚ ਭੈਅ ਪੈਦਾ ਹੋ ਗਿਆ ਹੈ ਅਤੇ ਸਰਕਾਰ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਵਿੱਚ ਅਸਫਲ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਕਿਰਪਾ ਕਰਕੇ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਸਵਾਈਨ ਫਲੂ ਦੀ ਬਿਮਾਰੀ ਕਾਰਨ 1.01.2015 ਤੋਂ 10.03.2015 ਤੱਕ ਪੂਰੇ ਪੰਜਾਬ ਰਾਜ ਵਿਚ 554 ਸ਼ੱਕੀ ਮਰੀਜ਼ ਰਿਪੋਰਟ ਹੋਏ ਜਿਨ੍ਹਾਂ ਵਿਚੋਂ 225 ਕੇਸ ਲੈਬਾਰਟਰੀ ਦੁਆਰਾ ਟੈਸਟ ਉਪਰੰਤ ਪਾਜ਼ੀਟਿਵ ਪਾਏ ਗਏ। ਇਨ੍ਹਾਂ ਕੇਸਾਂ ਵਿਚੋਂ 48 ਮਰੀਜ਼ਾਂ ਦੀਆਂ ਮੌਤਾਂ ਹੋਈਆਂ। ਜਿਨ੍ਹਾਂ ਮਰੀਜ਼ਾਂ ਦੀਆਂ ਮੌਤਾਂ ਹੋਈਆਂ ਉਨ੍ਹਾਂ ਵਿਚੋਂ ਜ਼ਿਆਦਾਤਰ ਮਰੀਜ਼ ਹੋਰ ਬਿਮਾਰੀ ਨਾਲ ਵੀ ਪੀੜਤ ਸਨ। ਸਵਾਈਨ ਫਲੂ ਦੀ ਬਿਮਾਰੀ ਸਬੰਧੀ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਿਹਤ ਸੰਸਥਾਵਾਂ ਵਿਚ ਮੁਫਤ ਟੈਸਟ ਅਤੇ ਦਵਾਈ ਟੈਮੀਫਲੂ ਦੇਣ ਦੇ ਪ੍ਰਬੰਧ ਕੀਤੇ ਗਏ ਹਨ। ਇਨ੍ਹਾਂ ਸੰਸਥਾਵਾਂ ਵਿਚ ਬਿਮਾਰੀ ਸਬੰਧੀ ਟੈਸਟ ਕਰਨ ਲਈ ਸੈਂਪਲ ਲੈਣ ਅਤੇ ਇਲਾਜ ਕਰਨ ਦੀਆਂ ਸੁਵਿਧਾਵਾਂ ਉਪਲਬਧ ਹਨ, ਜਿਨ੍ਹਾਂ ਵਿਚ ਵੈਂਟੀਲੇਟਰ, ਆਈਸੋਲੇਸ਼ਨ ਵਾਰਡ ਅਤੇ ਦਵਾਈਆਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਇਲੈਕਟ੍ਰਾਨਿਕ ਮੀਡੀਆ, ਪੈਂਫਲੈਟਾਂ ਅਤੇ ਅਖਬਾਰਾਂ ਰਾਹੀਂ ਇਸ ਬਿਮਾਰੀ ਤੋਂ ਬਚਣ ਲਈ ਜਾਣਕਾਰੀ ਦਿੱਤੀ ਗਈ ਹੈ। ਜੇ ਮੁਢਲੇ ਇਲਾਜ ਤੋਂ ਬਾਅਦ ਵੀ ਬਿਮਾਰੀ ਦੀਆਂ ਨਿਸ਼ਾਨੀਆਂ ਰਹਿੰਦੀਆਂ ਹਨ ਤਾਂ ਮਰੀਜ਼ਾਂ ਨੂੰ 48 ਘੰਟਿਆਂ ਵਿਚ ਸਿਹਤ ਸੰਸਥਾਵਾਂ ਤੋਂ ਫਿਰ ਤੋਂ ਸਲਾਹ ਲੈਣ ਲਈ ਕਿਹਾ ਗਿਆ ਹੈ।ਇਸ ਬਿਮਾਰੀ ਸਬੰਧੀ ਕੋਈ ਵੀ ਜਾਣਕਾਰੀ ਪ੍ਰਾਪਤ ਕਰਨ ਲਈ ਵਿਭਾਗ ਦੀ ਹੈਲਪਲਾਈਨ ਨੰਬਰ 104 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਬਿਮਾਰੀ ਦੇ ਕਾਰਨਾਂ ਬਾਰੇ ਸਰਕਾਰ ਨੇ ਕੋਈ ਰਿਸਰਚ ਸੈਂਟਰ ਖੋਲ੍ਹੇ ਹਨ ਅਤੇ ਦੂਸਰਾ ਜਿਨ੍ਹਾਂ ਮਰੀਜ਼ਾਂ ਨੂੰ ਇਹ ਬਿਮਾਰੀ ਹੋ ਗਈ ਹੈ, ਉਨ੍ਹਾਂ ਨੂੰ ਕਿੱਥੇ ਰੱਖਿਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਦੀ ਰਿਪੋਰਟ ਮੁਤਾਬਿਕ ਇਸ ਬਿਮਾਰੀ ਨਾਲ 225 ਮਰੀਜ਼ ਕਨਫਰਮ ਹੋ ਗਏ ਹਨ ਅਤੇ 48 ਮੌਤਾਂ ਹੋ ਚੁੱਕੀਆਂ ਹਨ। ਕੀ ਅਜਿਹੇ ਮਰੀਜ਼ਾਂ ਲਈ ਹਸਪਤਾਲਾਂ ਵਿਚ ਕੋਈ ਸੈਂਟਰ ਬਣਾਏ ਗਏ ਹਨ ਕਿਉਂਕਿ ਜਿਸ ਮਰੀਜ਼ ਨੂੰ ਇਹ ਬਿਮਾਰੀ ਹੋਵੇ ਉਸ ਦੇ ਨੇੜੇ ਵੀ ਕੋਈ ਨਹੀਂ ਜਾਂਦਾ। ਇਸ ਬਾਰੇ ਕਿਸ ਤਰੀਕੇ ਨਾਲ ਸਰਕਾਰ ਅੱਗੇ ਵੱਧ ਰਹੀ ਹੈ।

ਮਾਨਯੋਗ ਸਪੀਕਰ : ਹਾਂ ਜੀ ਮਿੱਤਲ ਸਾਹਿਬ, ਕੀ ਸਰਕਾਰ ਨੇ ਕੋਈ ਸੈਂਟਰ ਬਣਾਏ ਹਨ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਨ੍ਹਾਂ ਮਰੀਜ਼ਾਂ ਵਾਸਤੇ ਹਸਪਤਾਲਾਂ ਵਿਚ ਆਈਸੋਲੇਟਿਡ ਵਾਰਡ ਬਣਾਏ ਹਨ ਔਰ ਉਸਦੀ ਜਾਣਕਾਰੀ ਸਾਰਿਆਂ ਨੂੰ ਹੈ ਜੇਕਰ ਕਿਸੇ ਨੂੰ ਨਹੀਂ ਹੈ ਤਾਂ ਉਹ 104 ਨੰਬਰ ਹੈਲਪਲਾਈਨ ਤੋਂ ਜਾਣਕਾਰੀ ਲੈ ਸਕਦਾ ਹੈ। ਬਕਾਇਦਾ ਉਨ੍ਹਾਂ ਦਾ ਇਲਾਜ ਕੀਤਾ ਜਾਂਦਾ ਹੈ।

ਮਾਨਯੋਗ ਸਪੀਕਰ : ਹਾਂ ਜੀ ਅਗਲੀ ਆਈਟਮ, ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ, ਮੇਰਾ ਧੰਨਵਾਦ ਮਤਾ ਸੀ।

ਮਾਨਯੋਗ ਸਪੀਕਰ : ਸਰਦਾਰ ਪਰਮਿੰਦਰ ਸਿੰਘ ਢੀਂਡਸਾ ਧੰਨਵਾਦ ਮਤਾ ਪੇਸ਼ ਕਰਨਗੇ।

MOTION OF THANKS EXPRESSING GRATITUDE TO THE PRESIDENT OF INDIA FOR CONFERRING "PADAM VIBHUSHAN" THE MOST PRESTIGIOUS AWARD OF THE COUNTRY UPON SARDAR PARKASH SINGH BADAL, CHIEF MINISTER, PUNJAB

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ ਸਮੁੱਚੇ ਪੰਜਾਬ ਵਾਸਤੇ ਅਤੇ ਆਪਣੇ ਵਾਸਤੇ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਬਹੁਤ ਹੀ ਹਰਮਨ ਪਿਆਰੇ ਮੁੱਖ ਮੰਤਰੀ ਅਤੇ ਸਦਨ ਦੇ ਆਗੂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੂੰ "ਪਦਮ ਵਿਭੂਸ਼ਣ" ਦਾ ਸਨਮਾਨ ਦਿੱਤਾ ਗਿਆ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਉਨ੍ਹਾਂ ਦੀਆਂ ਇਸ ਦੇਸ਼ ਪ੍ਰਤੀ ਅਤੇ ਪੰਜਾਬ ਪ੍ਰਤੀ ਸੇਵਾਵਾਂ ਹਨ, ਇਨ੍ਹਾਂ ਦਾ ਜੋ ਛੇ ਦਹਾਕਿਆਂ ਦਾ ਸੰਘਰਸ਼ ਹੈ, ਜਿਸ ਵਿਚ ਉਨ੍ਹਾਂ ਨੇ ਪੰਜਾਬ ਦੇ ਹਿੱਤਾਂ ਲਈ ਜੇਲ੍ਹਾਂ ਵੀ ਕੱਟੀਆਂ ਹਨ ਅਤੇ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਬੜਾ ਸੰਘਰਸ਼ ਕੀਤਾ ਹੈ। ਅੱਜ ਕਹਿ ਸਕਦੇ ਹਾਂ

ਕਿ ਉਹ ਦੇਸ਼ ਦੇ ਸਭ ਤੋਂ ਸੀਨੀਅਰ ਸਟੇਟਸਮੈਨ ਆਗੂ ਹਨ। ਸਾਨੂੰ ਇਸ ਗੱਲ ਦਾ ਮਾਣ ਹੈ। ਮੈਂ ਇਸ ਸਬੰਧੀ ਧੰਨਵਾਦ ਦਾ ਮਤਾ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਮੈਂ ਉਮੀਦ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

ਸ਼੍ਰੀਮਾਨ ਜੀ ਮੈਂ ਪ੍ਰਸਤਾਵ ਕਰਦਾ ਹਾਂ–

"ਕਿ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਵਲੋਂ ਦੇਸ਼ ਦੇ 66ਵੇਂ ਗਣਤੰਤਰ ਦਿਵਸ 26 ਜਨਵਰੀ, 2015 ਤੇ ਪੰਜਾਬ ਦੇ ਅਤਿ ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਉਨ੍ਹਾਂ ਦੀਆਂ ਗਰੀਬ ਜਨਤਾ, ਦਲਿਤਾਂ ਅਤੇ ਕਿਸਾਨਾਂ ਪ੍ਰਤੀ ਬਹੁਤ ਲੰਮੇ ਸਮੇਂ ਤੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਦੇਸ਼ ਦਾ ਬਹੁਤ ਹੀ ਗੌਰਵਮਈ ਅਵਾਰਡ "ਪਦਮ ਵਿਭੂਸ਼ਣ" ਪ੍ਰਦਾਨ ਕੀਤਾ ਹੈ। ਇਹ ਅਵਾਰਡ ਸੰਸਾਰ ਵਿਚ ਵਸਦੇ ਸਮੁੱਚੇ ਪੰਜਾਬੀਆਂ ਦਾ ਅਤੇ ਪੰਜਾਬੀਅਤ ਦਾ ਸਨਮਾਨ ਹੈ।

ਇਸ ਲਈ ਇਹ ਸਦਨ ਮਾਨਯੋਗ ਰਾਸ਼ਟਰਪਤੀ ਜੀ ਦਾ ਧੰਨਵਾਦ ਕਰਦਾ ਹੈ ਅਤੇ ਸਤਿਕਾਰਯੋਗ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਨੂੰ ਅਤੇ ਸਮੂਹ ਪੰਜਾਬੀਆਂ ਨੂੰ ਵਧਾਈ ਪੇਸ਼ ਕਰਦਾ ਹੈ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਵਲੋਂ ਦੇਸ਼ ਦੇ 66ਵੇਂ ਗਣਤੰਤਰ ਦਿਵਸ 26 ਜਨਵਰੀ, 2015 ਤੇ ਪੰਜਾਬ ਦੇ ਅਤਿ ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਉਨ੍ਹਾਂ ਦੀਆਂ ਗਰੀਬ ਜਨਤਾ, ਦਲਿਤਾਂ ਅਤੇ ਕਿਸਾਨਾਂ ਪ੍ਰਤੀ ਬਹੁਤ ਲੰਮੇ ਸਮੇਂ ਤੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਦੇਸ਼ ਦਾ ਬਹੁਤ ਹੀ ਗੌਰਵਮਈ ਅਵਾਰਡ "ਪਦਮ ਵਿਭੂਸ਼ਣ" ਪ੍ਰਦਾਨ ਕੀਤਾ ਹੈ। ਇਹ ਅਵਾਰਡ ਸੰਸਾਰ ਵਿਚ ਵਸਦੇ ਸਮੁੱਚੇ ਪੰਜਾਬੀਆਂ ਦਾ ਅਤੇ ਪੰਜਾਬੀਅਤ ਦਾ ਸਨਮਾਨ ਹੈ।

ਇਸ ਲਈ ਇਹ ਸਦਨ ਮਾਨਯੋਗ ਰਾਸ਼ਟਰਪਤੀ ਜੀ ਦਾ ਧੰਨਵਾਦ ਕਰਦਾ ਹੈ ਅਤੇ ਸਤਿਕਾਰਯੋਗ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਨੂੰ ਅਤੇ ਸਮੂਹ ਪੰਜਾਬੀਆਂ ਨੂੰ ਵਧਾਈ ਪੇਸ਼ ਕਰਦਾ ਹੈ।"

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਬਹੁਤ ਵੱਡੀ ਖੁਸ਼ੀ ਦੀ ਗੱਲ ਹੈ। ਪੰਜਾਬ ਦੇ ਵਾਸਤੇ ਬੜੇ ਮਾਣ ਦੀ ਗੱਲ ਹੈ ਕਿ ਜਿਹੜਾ ਇਹ ਅਵਾਰਡ ਮੁੱਖ

ਮੰਤਰੀ ਸਾਹਿਬ ਨੂੰ ਮਿਲਿਆ ਹੈ। ਮੈਂ ਆਪਣੀ ਪਾਰਟੀ ਵੱਲੋਂ ਮੁਬਾਰਕਬਾਦ ਵੀ ਪੇਸ਼ ਕਰਦਾ ਹਾਂ ਅਤੇ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦੇ ਹੋਏ ਸੈਕਿੰਡ ਕਰਦੇ ਹੋਏ ਕਹਿੰਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਪਾਸ ਕੀਤਾ ਜਾਵੇ। (ਥੰਪਿੰਗ)

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੇਰੇ ਕੋਲ ਲਫਜ਼ ਨਹੀਂ ਜਿਨ੍ਹਾਂ ਨਾਲ ਮੈਂ ਦੇਸ਼ ਦੇ ਪ੍ਰੈਜ਼ੀਡੈਂਟ ਸਾਹਿਬ ਦਾ, ਸੈਂਟਰ ਸਰਕਾਰ ਦਾ ਧੰਨਵਾਦ ਕਰਾਂ ਕਿ ਜਿਨ੍ਹਾਂ ਨੇ ਇੱਕ ਮੇਰੇ ਵਰਗੇ ਨਾਚੀਜ਼ ਇਨਸਾਨ ਨੂੰ ਇਹ ਮਾਣ ਬਖਸ਼ਿਆ ਹੈ। ਮੈਂ ਸਹੀ ਦੱਸਦਾ ਹਾਂ ਕਿ ਮੈਂ ਇਸ ਬਾਰੇ ਕਿਸੇ ਨੂੰ ਨਹੀਂ ਕਿਹਾ ਹੈ, ਇਹ ਉਨ੍ਹਾਂ ਨੇ ਆਪਣੇ ਤੌਰ ਤੇ ਹੀ ਫੈਸਲਾ ਲਿਆ ਹੈ। ਮੈਂ ਸਦਨ ਦਾ ਬਹੁਤ ਧੰਨਵਾਦੀ ਹਾਂ ਕਿ ਸਮੁੱਚੇ ਸਦਨ ਨੇ ਇਹ ਜੋ ਮਾਣ ਬਖਸ਼ਿਆ ਹੈ, ਇਹ ਸਰਬ ਸੰਮਤੀ ਨਾਲ ਮੇਰੇ ਤੇ ਭਰੋਸਾ ਦਿਖਾਇਆ ਹੈ। ਇਹ ਮੇਰਾ ਮਾਣ ਨਹੀਂ, ਇਹ ਸਾਰੇ ਪੰਜਾਬੀਆਂ ਦਾ ਮਾਣ ਹੈ (ਥੰਪਿੰਗ) ਖਾਸ ਕਰਕੇ ਜਿਹੜੇ ਮੇਰੇ ਸਾਹਮਣੇ ਬੈਠੇ ਹਨ, ਇਨ੍ਹਾਂ ਦਾ ਵੀ ਮੈਂ ਉਚੇਚਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਇਹ ਚੀਜ਼ ਮਿਲਣ ਤੇ ਵਧਾਈ ਦਿੱਤੀ ਹੈ। ਬਹੁਤ ਬਹੁਤ ਧੰਨਵਾਦ (ਥੰਪਿੰਗ)

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਸਾਨੂੰ ਬੜੀ ਖੁਸ਼ੀ ਹੈ। ਬਾਦਲ ਸਾਹਿਬ ਦਾ ਮਤਾ ਸਾਰਿਆਂ ਨੇ ਸਰਬਸੰਮਤੀ ਨਾਲ ਪਾਸ ਕੀਤਾ ਹੈ। ਇਹ ਵਾਕਿਆ ਹੀ ਖੁਸ਼ੀ ਦੀ ਗੱਲ ਵੀ ਸੀ। ਪੰਜਾਬ ਦਾ ਦੂਸਰਾ ਪੁੱਤਰ ਡਾਕਟਰ ਮਨਮੋਹਨ ਸਿੰਘ ਹਨ ਜਿਨ੍ਹਾਂ ਦੀ ਪੰਜਾਬ ਅਤੇ ਦੇਸ਼ ਵਾਸਤੇ ਕਿੰਨੀ ਵੱਡੀ ਕੰਟਰੀਬਿਊਸ਼ਨ ਹੈ। ਅੱਜ ਆਪਾਂ ਨੂੰ ਉਨ੍ਹਾਂ ਪ੍ਰਤੀ ਦਿੱਲੀ ਵਿੱਚ ਹੋ ਰਹੇ ਹਾਲਾਤਾਂ ਲਈ ਸੋਲੀਡੈਰਿਟੀ ਦਿਖਾਉਂਦੇ ਹੋਏ ਇੱਕ ਮਤਾ ਲਿਆਉਣਾ ਚਾਹੀਦਾ ਹੈ। (ਆਪੋਜ਼ੀਸ਼ਨ ਵੱਲੋਂ ਥੰਪਿੰਗ)। ਸਾਨੂੰ ਬੜੀ ਖੁਸ਼ੀ ਹੈ ਕਿ ਬਾਦਲ ਸਾਹਿਬ ਪੰਜ ਵਾਰ ਮੁੱਖ ਮੰਤਰੀ ਬਣੇ ਹਨ, ਉਹ ਇਨ੍ਹਾਂ ਦੇ ਮਿੱਤਰ ਹਨ, ਅਤੇ ਇਹ ਜਦੋਂ ਵੀ ਦਿੱਲੀ ਜਾਂਦੇ ਸਨ ਤਾਂ ਇਹ ਕੁਝ ਨਾ ਕੁਝ ਜ਼ਿਆਦਾ ਲੈ ਕੇ ਆਉਂਦੇ ਸਨ। ਇਹ ਹਾਊਸ ਦਾ ਫਰਜ਼ ਬਣਦਾ ਹੈ ਕਿ ਸਾਨੂੰ ਉਨ੍ਹਾਂ ਨਾਲ ਸੋਲੀਡੈਰਿਟੀ ਦਿਖਾਉਣੀ ਚਾਹੀਦੀ ਹੈ। ਮੈਂ ਇਸ ਗੱਲ ਨੂੰ ਮੂਵ ਕਰਦਾ ਹਾਂ। (ਸ਼ੋਰ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਵਲੋਂ ਦੇਸ਼ ਦੇ 66ਵੇਂ ਗਣਤੰਤਰ ਦਿਵਸ 26 ਜਨਵਰੀ, 2015 ਤੇ ਪੰਜਾਬ ਦੇ ਅਤਿ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਉਨ੍ਹਾਂ

[ਮਾਨਯੋਗ ਸਪੀਕਰ]

ਦੀਆਂ ਗਰੀਬ ਜਨਤਾ, ਦਲਿਤਾਂ ਅਤੇ ਕਿਸਾਨਾਂ ਪ੍ਰਤੀ ਬਹੁਤ ਲੰਮੇ ਸਮੇਂ ਤੋਂ ਲਗਾਤਾਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਦੇਸ਼ ਦੇ ਬਹੁਤ ਹੀ ਗੌਰਵਮਈ ਅਵਾਰਡ "ਪਦਮ ਵਿਭੂਸ਼ਣ" ਪ੍ਰਦਾਨ ਕੀਤਾ ਹੈ। ਇਹ ਅਵਾਰਡ ਸੰਸਾਰ ਵਿਚ ਵਸਦੇ ਸਮੁੱਚੇ ਪੰਜਾਬੀਆਂ ਦਾ ਅਤੇ ਪੰਜਾਬੀਅਤ ਦਾ ਸਨਮਾਨ ਹੈ।

ਇਸ ਲਈ ਇਹ ਸਦਨ ਮਾਨਯੋਗ ਰਾਸ਼ਟਰਪਤੀ ਜੀ ਦਾ ਧੰਨਵਾਦ ਕਰਦਾ ਹੈ ਅਤੇ ਸਤਿਕਾਰਯੋਗ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਨੂੰ ਅਤੇ ਸਮੂਹ ਪੰਜਾਬੀਆਂ ਨੂੰ ਵਧਾਈ ਪੇਸ਼ ਕਰਦਾ ਹੈ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

PRESENTATION OF THE FIRST REPORT OF THE BUSINESS ADVISORY COMMITTEE

ਮਾਨਯੋਗ ਸਪੀਕਰ : ਹੁਣ, ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜਿਸ ਵਿੱਚ ਪੂਰੀ ਤਰ੍ਹਾਂ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 16.03.2015 ਤੋਂ 25.03.2015 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

ਸੋਮਵਾਰ, 16 ਮਾਰਚ, 2015 (2.00 ਵਜੇ ਬਾਅਦ ਦੁਪਹਿਰ)	ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ।
ਮੰਗਲਵਾਰ, 17 ਮਾਰਚ, 2015 (10.00 ਵਜੇ ਸਵੇਰ ਤੋਂ ਬਹਿਸ ਸਮਾਪਤ ਹੋਣ ਤੱਕ)	ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ)
ਬੁੱਧਵਾਰ, 18 ਮਾਰਚ, 2015 (10.00 ਵਜੇ ਸਵੇਰ)	ਸਾਲ 2015-16 ਲਈ ਬਜਟ ਅਨੁਮਾਨ ਪੇਸ਼ ਕਰਨਾ।
ਵੀਰਵਾਰ, 19 ਮਾਰਚ, 2015 (10.00 ਵਜੇ ਸਵੇਰੇ)	ਗੈਰ ਸਰਕਾਰੀ ਕੰਮ-ਕਾਰ।

ਸ਼ੁੱਕਰਵਾਰ, 20 ਮਾਰਚ, 2015 (10.00 ਵਜੇ ਸਵੇਰ)	i) ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਵਪਾਰਕ) ਅਤੇ ਸਾਲ 2013-14 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2013-14 ਲਈ ਨਮਿੱਤਣ ਲੇਖੇ। ii) ਸਾਲ 2014-15 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿਚ ਗ੍ਰਾਂਟਾਂ ਲਈ ਮੰਗਾਂ ਪੇਸ਼ ਕਰਨਾ। iii) ਸਾਲ 2014-15 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿੱਲ। iv) ਸਾਲ 2015-16 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ।
ਸ਼ਨਿੱਚਰਵਾਰ, 21 ਮਾਰਚ, 2015 ਐਤਵਾਰ, 22 ਮਾਰਚ, 2015 ਸੋਮਵਾਰ, 23 ਮਾਰਚ, 2015	ਛੁੱਟੀਆਂ
ਮੰਗਲਵਾਰ, 24 ਮਾਰਚ, 2015 (2.00 ਵਜੇ ਬਾਅਦ ਦੁਪਹਿਰ)	i) ਸਾਲ 2015-16 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ) ii) ਸਾਲ 2015-16 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ। iii) ਸਾਲ 2015-16 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿੱਲ।

[ਮਾਨਯੋਗ ਸਪੀਕਰ]

ਬੁੱਧਵਾਰ, 25 ਮਾਰਚ, 2015
(10.00 ਵਜੇ ਸਵੇਰ)

i) ਵਿਧਾਨਕ ਕੰਮ-ਕਾਰ

ii) ਸਾਲ 2015-16 ਲਈ ਪੰਜਾਬ ਵਿਧਾਨ ਸਭਾ ਦੀਆਂ ਚੁਣੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ।

iii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

ਮਾਨਯੋਗ ਸਪੀਕਰ : ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ ਤਾਂ ਉਹ ਨਿਯਮ ਉਹ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ। ਹਾਂ ਜੀ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਤੁਸੀਂ ਬਾਦਲ ਸਾਹਿਬ ਤੋਂ ਪੁੱਛ ਲਉ ਕਿ ਮੇਰੀ ਮੋਸ਼ਨ ਮੂਵ ਕਰਨ ਤੇ ਕੀ ਕਹਿੰਦੇ ਹਨ।

ਜੇ ਉਹ ਮਨ੍ਹਾਂ ਕਰਦੇ ਹਨ ਤਾਂ ਨਾ ਕਰੋ। (ਵਿਘਨ) ਲੀਡਰ ਆਫ ਦੀ ਹਾਊਸ ਨੂੰ ਪੁੱਛ ਲਉ। (ਵਿਘਨ) I leave it to his wisdom. Let him say, no. (ਵਿਘਨ)

ਮਾਨਯੋਗ ਸਪੀਕਰ : ਅਸੀਂ ਵਧਾਈ ਦਾ ਮਤਾ ਤਾਂ ਪਾਸ ਕਰ ਦਿੱਤਾ ਹੈ। (ਵਿਘਨ) (ਸ਼ੋਰ) ਸ਼੍ਰੀ ਦੀਪ ਮਲਹੋਤਰਾ ਜੀ ਰਿਪੋਰਟ ਪੇਸ਼ ਕਰਨ ।

PRESENTATION OF INTERIM REPORT OF THE COMMITTEE OF PRIVILEGES

ਸਭਾਪਤੀ, ਵਿਸ਼ੇਸ਼ ਅਧਿਕਾਰ ਕਮੇਟੀ (ਸ਼੍ਰੀ ਦੀਪ ਮਲਹੋਤਰਾ) : ਸਪੀਕਰ ਸਾਹਿਬ, ਮੈਂ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਸਬੰਧੀ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸ਼੍ਰੀ ਸੁਨੀਲ ਜਾਖੜ, ਐਮ.ਐਲ.ਏ. ਅਤੇ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਸਦਨ ਦੀ breach of privilege and breach of security ਦੇ ਉਠਾਏ ਗਏ ਮਾਮਲੇ ਦੀ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੀ ਪੰਜਵੀਂ ਮੁੱਢਲੀ ਰਿਪੋਰਟ ਪੇਸ਼ ਕਰਦਾ ਹਾਂ।

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਹੁਣ ਏਜੰਡੇ ਦੀ ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਹਾਂ ਜੀ, ਮਿੱਤਲ ਸਾਹਿਬ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜਸੂਚੀ ਵਿਚ ਮੱਦ ਨੰ: 6 ਅਧੀਨ ਲੜੀ ਨੰ: 1 ਤੋਂ ਲੈ ਕੇ 5 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ:-

1. ਸਾਲ 2000-01 ਅਤੇ 2001-02 ਲਈ ਪੰਜਾਬ ਕਿਰਤ ਭਲਾਈ ਬੋਰਡ ਦੇ ਲੇਖਿਆਂ ਤੇ ਆਡਿਟ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ।
2. ਸਾਲ 2011-12 ਅਤੇ 2012-13 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੇ ਲੇਖਿਆਂ ਦੇ ਸਾਲਾਨਾ ਵਿਵਰਣ

[ਸੰਸਦੀ ਮਾਮਲੇ ਮੰਤਰੀ]

ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (1) ਅਧੀਨ ਲੋੜੀਂਦਾ ਹੈ।

3. ਸਾਲ 2009-10 ਅਤੇ 2010-11 ਲਈ ਗਰੇਟਰ ਮੁਹਾਲੀ ਖੇਤਰੀ ਵਿਕਾਸ ਅਥਾਰਿਟੀ (ਗਮਾਡਾ) ਦੀਆਂ ਸਾਲਾਨਾ ਰਿਪੋਰਟਾਂ ਜਿਵੇਂ ਕਿ ਪੰਜਾਬੀ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

4. ਸਾਲ 2010-11 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

5. ਸਾਲ 2011-12 ਅਤੇ 2012-13 ਲਈ ਜਲੰਧਰ ਵਿਕਾਸ ਅਥਾਰਿਟੀ, ਜਲੰਧਰੀ (ਜੇ ਡੀ ਏ) ਦੀਆਂ ਸਾਲਾਨਾ ਰਿਪੋਰਟਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

MOTION OF THANKS AND DISCUSSION ON GOVERNOR'S ADDRESS

ਮਾਨਯੋਗ ਸਪੀਕਰ: ਹੁਣ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। ਹਾਂ ਜੀ, ਬੀਬੀ ਜਗੀਰ ਕੌਰ ਜੀ।

ਬੀਬੀ ਜਗੀਰ ਕੌਰ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ-

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਮਾਰਚ, 2015 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਮਾਨਯੋਗ ਸਪੀਕਰ : ਹੁਣ ਸ਼੍ਰੀ ਅਸ਼ਵਨੀ ਸ਼ਰਮਾ ਜੀ ਇਸ ਦੀ ਪ੍ਰੋੜ੍ਹਤਾ

ਕਰਨਗੇ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮਾਨਯੋਗ ਸਪੀਕਰ ਸਾਹਿਬ, ਮੈਂ ਬੀਬੀ ਜਗੀਰ ਕੌਰ ਜੀ ਵੱਲੋਂ ਰੱਖੇ ਗਏ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> "ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ-
>
> "ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਮਾਰਚ, 2015 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਬੀਬੀ ਜਗੀਰ ਕੌਰ ਜੀ ਨੂੰ ਬਹਿਸ ਲਈ ਕਹਾਂ, ਮੈਂ ਪਾਰਟੀ-ਵਾਈਜ਼ ਟਾਈਮ ਬਾਰੇ ਦੱਸ ਦਿੰਦਾ ਹਾਂ ਜਿਹੜਾ ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਲਈ ਦੇਣਾ ਹੈ, ਉਹ ਹੇਠ ਲਿਖੇ ਅਨੁਸਾਰ ਹੈ:-

ਸ਼੍ਰੋਮਣੀ ਅਕਾਲੀ ਦਲ	1 ਘੰਟਾ 30 ਮਿੰਟ
ਭਾਰਤੀ ਜਨਤਾ ਪਾਰਟੀ	19 ਮਿੰਟ
ਇੰਡੀਅਨ ਨੈਸ਼ਨਲ ਕਾਂਗਰਸ	1 ਘੰਟਾ 06 ਮਿੰਟ
ਅਜ਼ਾਦ	05 ਮਿੰਟ

ਬੀਬੀ ਜਗੀਰ ਕੌਰ (ਭੁਲੱਥ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਮਤਾ ਪੇਸ਼ ਕਰਕੇ ਉਸ ਉਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਗਵਰਨਰ ਸਾਹਿਬ ਨੇ ਜੋ ਮਿਤੀ 12 ਮਾਰਚ ਨੂੰ ਇਸ ਸਦਨ ਵਿਚ ਭਾਸ਼ਣ ਦਿੱਤਾ ਹੈ, ਮੈਂ ਉਸ ਸਬੰਧ ਵਿਚ ਕੁਝ ਸ਼ਬਦਾਂ ਵਿਚ ਕਹਿ ਕੇ ਉਨ੍ਹਾਂ ਦਾ ਧੰਨਵਾਦ ਕਰਨਾ ਚਾਹਾਂਗੀ। ਸਪੀਕਰ ਸਾਹਿਬ, ਦੇਸ਼ ਵਿਚ ਪਿਛਲੇ ਸਮੇਂ ਵਿਚ ਬੜੇ ਮਹੱਤਵਪੂਰਨ ਬਦਲਾਅ ਆਏ ਹਨ ਅਤੇ ਤਬਦੀਲੀਆਂ ਆਈਆਂ ਹਨ। ਦੇਸ਼ ਅੰਦਰ ਨਵੀਂ ਸਰਕਾਰ ਆਈ ਹੈ। ਲੋਕਾਂ ਨੂੰ ਬਹੁਤ ਆਸਾਂ ਸਨ ਅਤੇ ਉਨ੍ਹਾਂ ਆਸਾਂ ਨੂੰ ਪੂਰਾ ਕਰਨ ਵਾਸਤੇ ਦੇਸ਼ ਦੀ ਸਰਕਾਰ ਨੇ ਕਾਰਜਭਾਰ ਸੰਭਾਲਣ ਤੋਂ ਬਾਅਦ ਵੱਡੇ ਨਵੇਂ ਏਜੰਡੇ ਦੇਸ਼ ਦੇ ਸਾਹਮਣੇ ਲਿਆਂਦੇ ਜਿਸ ਤਰ੍ਹਾਂ

[ਬੀਬੀ ਜਗੀਰ ਕੌਰ]

ਰਾਜਾਂ ਨੂੰ ਤਰਜੀਹ ਦੇਣਾ, ਦੇਸ਼ ਵਿਚ ਆਰਥਿਕ ਸੁਧਾਰ ਅਤੇ ਵਿਕਾਸ ਪ੍ਰਕ੍ਰਿਆਵਾਂ ਤੇ ਜ਼ੋਰ ਦੇਣਾ ਆਦਿ। ਸਭ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਰਾਜਪਾਲ ਜੀ ਦੇ ਭਾਸ਼ਣ ਵਿਚ ਸ਼ਾਮਲ ਕਰਕੇ ਸਵਾਗਤ ਕੀਤਾ ਹੈ, ਇਹ ਇਕ ਬਹੁਤ ਹੀ ਸ਼ਲਾਘਾਯੋਗ ਸਟੈੱਪ ਚੁੱਕਿਆ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਦੂਸਰੇ ਪਾਸੇ ਗਵਰਨਰ ਸਾਹਿਬ ਨੇ ਤਸੱਲੀ ਪ੍ਰਗਟਾਈ ਹੈ ਕਿਉਂ ਜੋ ਆਮ ਕਰਕੇ ਚੋਣਾਂ ਵਿਚ ਲੋਕਾਂ ਦੀ ਬੜੀ ਸ਼ਿਕਾਇਤ ਹੁੰਦੀ ਹੈ ਕਿ ਕਿਧਰੇ ਝਗੜੇ ਹੋ ਗਏ, ਕਿਧਰੇ ਹੇਰਾਫੇਰੀ ਹੋ ਗਈ ਤੇ ਕਿਧਰੇ ਧੱਕਾ ਹੋ ਗਿਆ, ਪਿਛਲੇ ਮਹੀਨੇ ਰਾਜ ਦੀਆਂ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਹੋਈਆਂ ਹਨ ਜਾਂ ਕਾਰਪੋਰੇਸ਼ਨਾਂ ਦੀਆਂ ਚੋਣਾਂ ਹੋਈਆਂ ਹਨ, ਇਹ ਚੋਣਾਂ ਨਿਰਪੱਖ ਕਰਵਾਈਆਂ ਗਈਆਂ ਹਨ ਅਤੇ ਇਨ੍ਹਾਂ ਵਿਚ ਬਹੁਤ ਵਧੀਆ ਢੰਗ ਨਾਲ ਕਾਮਯਾਬੀ ਪ੍ਰਾਪਤ ਕੀਤੀ ਗਈ ਹੈ। ਗਵਰਨਰ ਸਾਹਿਬ ਨੇ ਜੋ ਪੰਜਾਬ ਸਰਕਾਰ ਨੇ ਜਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬੜੇ ਸੁਹਣੇ ਢੰਗ ਨਾਲ ਇਹ ਚੋਣਾਂ ਕਰਵਾਈਆਂ ਹਨ, ਉਨ੍ਹਾਂ ਲਈ ਮੁਬਾਰਕਬਾਦ ਦਿੱਤੀ ਹੈ, ਮੈਂ ਉਸ ਲਈ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਇਸ ਦੇ ਨਾਲ ਹੀ ਜਿਹੜੇ ਸਰਕਾਰ ਦੇ ਵਿਕਾਸ ਦੇ ਏਜੰਡੇ ਦਿੱਤੇ ਔਰ ਵਿਕਾਸ ਦੇ ਕੰਮ ਕੀਤੇ ਜਾਂ ਪਾਲਿਸੀਆਂ ਬਣਾਈਆਂ ਹਨ, ਗਵਰਨਰ ਸਾਹਿਬ ਨੇ ਉਨ੍ਹਾਂ ਉਤੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ ਹੈ। ਸਪੀਕਰ ਸਾਹਿਬ, ਨਾਲ ਹੀ ਜਿਹੜੀਆਂ ਪੰਜਾਬ ਸਰਕਾਰ ਦੀਆਂ ਬਹੁਤ ਲੰਮੇ ਸਮੇਂ ਦੀਆਂ ਗੱਲਾਂ ਸਨ ਜਾਂ ਸਮੱਸਿਆਵਾਂ ਲਟਕਦੀਆਂ ਆ ਰਹੀਆਂ ਸਨ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਉਨ੍ਹਾਂ ਨੂੰ ਫਿਰ ਦੁਹਰਾਇਆ ਹੈ। ਸਾਲ 1947 ਤੋਂ ਲੈ ਕੇ ਹੁਣ ਤੱਕ ਤਕਰੀਬਨ 67 ਸਾਲਾਂ ਦੇ ਸਮੇਂ ਤੱਕ ਦੀਆਂ ਜਿਹੜੀਆਂ ਸਮੱਸਿਆਵਾਂ ਸਨ ਅਤੇ ਉਹ ਹਰ ਵਾਰ ਇਥੇ ਸਦਨ ਵਿਚ ਪੇਸ਼ ਕੀਤੀਆਂ ਜਾਂਦੀਆਂ ਸਨ, ਜਿਸ ਤਰ੍ਹਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸ਼ਹਿਰ ਨੂੰ ਪੰਜਾਬ ਦੇ ਹਵਾਲੇ ਕਰਨਾ ਜਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ ਬਾਰੇ ਹੁੰਦਾ ਸੀ ਫਿਰ ਉਹ ਅੱਗੇ ਕੇਂਦਰ ਨੂੰ ਭੇਜੀਆਂ ਜਾਂਦੀਆਂ ਸਨ। ਸਪੀਕਰ ਸਾਹਿਬ, 1966 ਵਿਚ ਪੰਜਾਬੀ ਸੂਬਾ ਬਣਿਆ ਉਦੋਂ ਤੋਂ ਲੈ ਕੇ ਇਹ ਮੰਗ ਜਾਰੀ ਰਹੀ। ਇਸ ਦੇ ਨਾਲ ਹੀ 1986 ਵਿੱਚ ਭਾਰਤ ਸਰਕਾਰ ਵੱਲੋਂ ਇਹ ਯਕੀਨ ਦਿਵਾਇਆ ਗਿਆ ਸੀ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣਗੇ ਪਰ ਇਹ ਯਕੀਨ ਹਾਲੇ ਤੱਕ ਮੁਕੰਮਲ ਨਹੀਂ ਹੋ ਸਕਿਆ । ਗਵਰਨਰ ਸਾਹਿਬ ਨੇ ਇਸ ਅਵਾਜ਼ ਨੂੰ ਸਦਨ ਵੱਲੋਂ ਉਠਾਉਣ ਵਾਸਤੇ ਆਪਣੇ ਭਾਸ਼ਣ ਵਿੱਚ ਕਿਹਾ

ਹੈ, ਮੈਂ ਸਮਝਦੀ ਹਾਂ ਕਿ ਇਹ ਸਾਡਾ ਬਹੁਤ ਹੀ ਵੱਡਾ ਤੇ ਮਹੱਤਵਪੂਰਨ ਮੁੱਦਾ ਸੀ । ਮੈਂ ਇਸ ਵਾਸਤੇ ਗਵਰਨਰ ਸਾਹਿਬ ਦਾ ਧੰਨਵਾਦ ਕਰਦੀ ਹਾਂ ।

ਸਪੀਕਰ ਸਾਹਿਬ, ਪਾਣੀਆਂ ਦੀ ਗੱਲ ਬੜੀ ਵਾਰੀ ਤੇ ਖਾਸ ਕਰਕੇ ਹਾਊਸ ਵਿੱਚ ਹਰ ਵਾਰੀ ਹੁੰਦੀ ਹੈ । ਪੰਜਾਬ ਖੇਤੀ ਪ੍ਰਧਾਨ ਸੂਬਾ ਹੈ । ਇਸ ਨੂੰ ਅੰਨਦਾਤਾ ਕਿਹਾ ਜਾਂਦਾ ਹੈ ਤੇ ਨਾਲ ਹੀ ਜਦੋਂ ਵੀ ਕਦੇ ਮਾਰ ਪੈਂਦੀ ਹੈ ਤਾਂ ਉਸ ਦੀ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਵੱਡੀ ਮਾਰ ਪੈਂਦੀ ਹੈ, ਭਾਵੇਂ ਸੋਕਾ ਹੋਵੇ, ਭਾਵੇਂ ਪਾਣੀ ਦੀ ਮਾਰ ਹੋ ਜਾਵੇ । ਕਿਸਾਨ ਕਦੀ ਵੀ ਤਰੱਕੀ ਨਹੀਂ ਕਰ ਸਕਦਾ ਜਦ ਤੱਕ ਉਸ ਦੀ ਫਸਲ ਕਾਮਯਾਬ ਨਾ ਹੋਵੇ । ਇਸ ਗੱਲ ਦਾ ਵੀ ਸਾਨੂੰ ਗਿਆਨ ਹੈ ਕਿ ਪੰਜਾਬ ਦੇ ਸਾਰੇ ਕਿਸਾਨਾਂ ਨੇ, ਕਿਰਤੀ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰ ਵਿੱਚ ਤਕਰੀਬਨ 45 ਤੋਂ 50 ਪਰਸੈਂਟ ਜਿਹੜਾ ਅੰਨ ਹੈ, ਅਨਾਜ ਹੈ, ਉਸ ਵਿੱਚ ਹਮੇਸ਼ਾ ਆਪਣਾ ਹਿੱਸਾ ਪਾਇਆ ਹੈ ਤੇ ਹਮੇਸ਼ਾ ਆਪਣੇ ਆਪ ਨੂੰ ਅੰਨਦਾਤਾ ਕਹਾਉਣ ਦਾ ਮਾਣ ਪ੍ਰਾਪਤ ਕੀਤਾ ਹੈ। ਬਾਦਲ ਸਾਹਿਬ ਵੱਲੋਂ ਤੇ ਇਸ ਹਾਊਸ ਵੱਲੋਂ ਇਹ ਗੱਲ ਹਰ ਸਟੇਜ ਤੇ ਦੁਹਰਾਈ ਗਈ ਹੈ ਕਿ ਰਿਪੇਰੀਅਨ ਸਿਧਾਂਤ ਅਨੁਸਾਰ ਜਿਹੜੀ ਪਾਣੀ ਦੀ ਵੰਡ ਕੀਤੀ ਹੈ, ਉਹ ਕੀਤੀ ਜਾਵੇ ।ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦੀ ਹੈ ਕਿ ਉਨ੍ਹਾਂ ਨੇ ਇਸ ਮੰਗ ਨੂੰ, ਇਸ ਮੁਸ਼ਕਲ ਨੂੰ ਹੱਲ ਕਰਨ ਵਾਸਤੇ ਫਿਰ ਦੁਬਾਰਾ ਆਪਣੇ ਭਾਸ਼ਣ ਵਿੱਚ ਬੜੇ ਵੇਰਵੇ ਨਾਲ ਕਿਹਾ ਹੈ ।

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬੀ ਭਾਸ਼ਾ ਸਾਰੇ ਦੇਸ਼ ਵਿੱਚ ਲਾਗੂ ਕੀਤੀ ਜਾਵੇ । ਪੰਜਾਬੀ ਸਾਰੇ ਦੇਸ਼ ਵਿੱਚ ਫੈਲੇ ਹੋਏ ਹਨ, ਹਰ ਸਟੇਟ ਵਿੱਚ ਰਹਿੰਦੇ ਹਨ । ਇਸ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ ਭਾਸ਼ਾ ਸਾਰੀਆਂ ਥਾਵਾਂ ਤੇ ਪ੍ਰਵਾਨ ਕੀਤੀ ਜਾਵੇ ।

ਸਪੀਕਰ ਸਾਹਿਬ, ਮੈਂ ਇਸ ਗੱਲ ਵਾਸਤੇ ਵੀ ਗਵਰਨਰ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਬੜੀ ਚਿੰਤਾ ਕੀਤੀ ਹੈ ਕਿ ਅੱਜ ਪੰਜਾਬ ਵਿੱਚ ਜਿਹੜੀ ਇੰਡਸਟਰੀ ਸੀ, ਉਹ ਮਾਰ ਖਾ ਗਈ । ਸਾਡੇ ਗੁਆਂਢੀ ਰਾਜਾਂ ਨੂੰ ਬਹੁਤ ਸਾਰੀਆਂ ਰਿਆਇਤਾਂ ਪਿਛਲੀਆਂ ਕੇਂਦਰ ਸਰਕਾਰਾਂ ਵੱਲੋਂ ਦਿੱਤੀਆਂ ਗਈਆਂ ਸਨ। ਇਸ ਕਰਕੇ ਸਾਡੀ ਜਿਹੜੀ ਇੰਡਸਟਰੀ ਸੀ, ਉਹ ਉਸ ਪਾਸੇ ਚਲੀ ਗਈ ਅਤੇ ਇੱਥੇ ਨਿਵੇਸ਼ ਬੰਦ ਹੋ ਗਿਆ । ਇੱਥੇ ਨਵੀਆਂ ਇੰਡਸਟਰੀਆਂ ਲੱਗਣੀਆਂ ਬੰਦ ਹੋ ਗਈਆਂ ਤੇ ਜਿਹੜੀ ਮੌਜੂਦਾ ਪੂੰਜੀ ਸੀ, ਉਹ ਪੰਜਾਬ ਤੋਂ

[ਬੀਬੀ ਜਗੀਰ ਕੌਰ]

ਬਾਹਰ ਲੱਗਣ ਲੱਗ ਪਈ । ਗਵਰਨਰ ਸਾਹਿਬ ਨੇ ਜਿਹੜੀ ਚਿੰਤਾ ਪ੍ਰਗਟ ਕੀਤੀ ਹੈ ਤੇ ਉਨ੍ਹਾਂ ਨੇ ਨਾਲ ਹੀ ਆਪਣੇ ਭਾਸ਼ਣ ਵਿੱਚ ਇਹ ਵੀ ਮੰਗ ਕੀਤੀ ਹੈ ਕਿ ਭਾਰਤ ਸਰਕਾਰ ਤੋਂ ਸਾਰਾ ਘਾਟਾ ਪੂਰਾ ਕਰਨ ਵਾਸਤੇ ਪੰਜਾਬ ਨੂੰ ਸਾਰੀਆਂ ਰਿਆਇਤਾਂ ਦਿੱਤੀਆਂ ਜਾਣ । ਉਨ੍ਹਾਂ ਨੇ ਪੰਜਾਬ ਲਈ ਚੌਖਾ ਮੁਆਵਜ਼ਾ ਵੀ ਮੰਗਿਆ ਹੈ ਕਿ ਪੰਜਾਬ ਵਿੱਚ ਇੰਡਸਟਰੀ ਨੂੰ, ਪੰਜਾਬ ਦੇ ਵਿਕਾਸ ਨੂੰ ਜਾਰੀ ਰੱਖਣ ਵਾਸਤੇ ਇਹ ਜਿਹੜਾ ਘਾਟਾ ਹੈ, ਉਹ ਭਾਰਤ ਸਰਕਾਰ ਪੂਰਾ ਕਰੇ । ਮੈਂ ਸਮਝਦੀ ਹਾਂ ਕਿ ਗਵਰਨਰ ਸਾਹਿਬ ਦਾ ਇਹ ਪੁਆਇੰਟ ਬਹੁਤ ਹੀ ਸ਼ਲਾਘਾਯੋਗ ਹੈ । ਇਸ ਵਾਸਤੇ ਮੈਂ ਗਵਰਨਰ ਸਾਹਿਬ ਦਾ ਬਹੁਤ ਧੰਨਵਾਦ ਕਰਦੀ ਹਾਂ ।

ਸਪੀਕਰ ਸਾਹਿਬ, ਸਭ ਤੋਂ ਅਨਹੋਣੀ ਤੇ ਕਲੰਕਿਤ ਦੇਸ਼ ਵਿੱਚ ਘਟਨਾ ਵਾਪਰੀ ਸੀ, ਉਹ ਸੀ, ਨਵੰਬਰ 1984 ਦਾ ਕਤਲੇਆਮ । ਮੇਰਾ ਖਿਆਲ ਹੈ ਕਿ ਕੋਈ ਹਾਊਸ ਇਸ ਵਿਸ਼ੇ ਤੋਂ ਬਗੈਰ, ਇਸ ਮੁੱਦੇ ਤੋਂ ਬਗੈਰ ਨਾ ਰਿਹਾ ਹੋਵੇ ਜਦੋਂ ਇਹ ਅਵਾਜ਼ ਨਾ ਉਠੀ ਹੋਵੇ । ਗਵਰਨਰ ਸਾਹਿਬ ਨੇ ਇਨਸਾਫ ਮੰਗਣ ਦੀ ਗੱਲ ਕੀਤੀ ਹੈ । ਸਾਡੇ ਦੇਸ਼ ਨੇ ਬਹੁਤ ਵੱਡੀਆਂ ਕੁਰਬਾਨੀਆਂ ਨਾਲ ਅਜ਼ਾਦੀ ਪ੍ਰਾਪਤ ਕੀਤੀ ਹੈ। ਸਾਡੇ ਦੇਸ਼ ਵਿੱਚ ਹਰ ਧਰਮ ਦੇ ਲੋਕ ਰਹਿ ਰਹੇ ਹਨ, ਸਾਡੇ ਸੱਭਿਆਚਾਰ ਵਿੱਚ ਬਹੁਤ ਵੱਡੀਆਂ ਕਦਰਾਂ-ਕੀਮਤਾਂ ਹਨ। ਮੈਂ ਕਹਿਣਾ ਚਾਹੁੰਦੀ ਹਾਂ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਕੇਂਦਰ ਸਰਕਾਰ ਵਿੱਚ ਲੰਬੇ ਸਮੇਂ ਤੋਂ ਲੈ ਕੇ ਬੜੀਆਂ ਕਮੇਟੀਆਂ ਬਣੀਆਂ, ਬੜੀਆਂ ਕਾਰਵਾਈਆਂ ਹੋਈਆਂ ਪਰ ਅਪਰਾਧੀਆਂ ਨੂੰ ਅਜੇ ਤੱਕ ਫੜਿਆ ਨਹੀਂ ਗਿਆ । ਬੜਾ ਅਫਸੋਸ ਹੈ ਕਿ ਦੇਸ਼ ਵਿੱਚ ਦੋਹਰੇ ਮਾਪਦੰਡ ਅਪਣਾਏ ਜਾਂਦੇ ਹਨ ਅਤੇ ਦੋਹਰਾ ਕਾਨੂੰਨ ਵਰਤਿਆ ਜਾਂਦਾ ਹੈ । ਇੱਕ ਪਾਸੇ ਕਤਲ ਦਾ ਮਾਮਲਾ ਹੋਵੇ ਤਾਂ ਉਸ ਵਾਸਤੇ ਸਜ਼ਾ ਵੀ ਹੈ ਅਤੇ ਫਾਂਸੀ ਦੀ ਸਜ਼ਾ ਵੀ ਹੈ ਪਰ ਅਫਸੋਸ ਕਿ ਜਦੋਂ 1984 ਵਿੱਚ ਕਤਲੇਆਮ ਹੋਇਆ, ਨਿਰਦੋਸ਼ਾਂ ਦਾ ਕਤਲ ਹੋਇਆ, ਮਾਸੂਮਾਂ ਦਾ ਕਤਲ ਹੋਇਆ, ਬੱਚਿਆਂ ਦਾ ਕਤਲ ਹੋਇਆ, ਉਦੋਂ ਜਿਨ੍ਹਾਂ ਅਪਰਾਧੀਆਂ ਨੇ ਕੀਤਾ, ਉਨ੍ਹਾਂ ਨੂੰ ਉਚੇ ਅਹੁਦੇ ਦਿੱਤੇ ਗਏ ਤੇ ਸਰਕਾਰ ਵਿੱਚ ਕੈਬਨਿਟ ਮੰਤਰੀ ਦੇ ਦਰਜੇ ਦਿੱਤੇ ਗਏ ਪਰ ਕਾਂਗਰਸ ਸਰਕਾਰ ਨੇ ਅੱਜ ਤੱਕ ਇਨਸਾਫ ਨਹੀਂ ਦਿੱਤਾ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ ਦਾ ਜ਼ਿਕਰ ਕਰ ਕੇ ਸਕੂਨ ਦਿੱਤਾ ਹੈ ਕਿ ਇਸ ਵੇਲੇ ਕੇਂਦਰ ਵਿੱਚ ਜੋ ਸਰਕਾਰ ਆਈ ਹੈ, ਉਨ੍ਹਾਂ ਵੱਲੋਂ ਵਿਸ਼ੇਸ਼ ਪੜਤਾਲ ਟੀਮ (SIT) ਦਾ ਗਠਨ ਕੀਤਾ ਗਿਆ ਹੈ ਤੇ ਉਨ੍ਹਾਂ ਨੇ ਆਸ ਪ੍ਰਗਟਾਈ ਹੈ ਕਿ ਇਸ ਨਾਲ ਛੇਤੀ ਹੀ ਇਨਸਾਫ ਮਿਲੇਗਾ । ਇਸ ਦਾ ਅਸੀਂ ਪੰਜਾਬ

ਸਰਕਾਰ ਵੱਲੋਂ ਸਵਾਗਤ ਕਰਦੇ ਹਾਂ ਕਿਉਂਕਿ ਹੁਣ ਕਰੜੀ ਸਜ਼ਾ ਦੇਣ ਵਾਸਤੇ ਆਸ ਬੱਝੀ ਹੈ । ਇਸ ਬਾਰੇ ਗਵਰਨਰ ਸਾਹਿਬ ਵੱਲੋਂ ਆਪਣੇ ਭਾਸ਼ਣ ਵਿੱਚ ਮੰਗ ਕੀਤੀ ਗਈ ਹੈ । ਮੈਂ ਕੇਂਦਰ ਦੇ ਵਜ਼ੀਰ ਬੀਬੀ ਹਰਸਿਮਰਤ ਕੌਰ ਬਾਦਲ ਜੀ ਤੇ ਪ੍ਰਧਾਨ ਮੰਤਰੀ ਜੀ ਦਾ ਵੀ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਪੰਜ ਲੱਖ ਰੁਪਿਆ ਸਟਾਰਟਿੰਗ ਵਿੱਚ ਹੀ ਹਰ ਪਰਿਵਾਰ ਨੂੰ ਮੁਆਵਜ਼ੇ ਵਜੋਂ ਦੇ ਕੇ ਸਾਡੀ ਇੱਕ ਮੰਗ ਨੂੰ ਪੂਰਾ ਕੀਤਾ ਹੈ। ਮੈਂ ਆਸ ਹੀ ਨਹੀਂ ਵਿਸ਼ਵਾਸ ਕਰਦੀ ਹਾਂ ਕਿ ਕੇਂਦਰ ਸਰਕਾਰ ਵਿਚੋਂ ਹੋਰ ਬਹੁਤ ਸਾਰੀਆਂ ਤਕਲੀਫਾਂ ਹੱਲ ਕਰਕੇ ਇਨਸਾਫ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਸ਼ੁਰੂ ਦੇ ਵਿੱਚ ਹੀ ਹਰ ਰਾਜ ਦੀਆਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਾਸਤੇ ਰਾਜ ਸਰਕਾਰਾਂ ਨੂੰ ਹੀ ਮਾਣ ਬਖਸ਼ਿਆ ਹੈ ਕਿ ਹਰ ਰਾਜ ਸਰਕਾਰ ਆਪਣੀਆਂ ਸਮੱਸਿਆਵਾਂ ਆਪ ਹੱਲ ਕਰੇ। ਰਾਜ ਸਰਕਾਰਾਂ ਹੀ ਉਨ੍ਹਾਂ ਨੂੰ ਸਮਝਣ ਤੇ ਨਿਪਟਣ ਵਿੱਚ ਸਮਰੱਥ ਹਨ, ਉਨ੍ਹਾਂ ਨੇ ਤੁਰੰਤ ਅਮਲ ਕਰਦਿਆਂ ਯੋਜਨਾ ਕਮਿਸ਼ਨ ਦਾ ਖਾਤਮਾ ਕੀਤਾ ਹੈ ਅਤੇ ਨੀਤੀ ਆਯੋਗ ਦਾ ਗਠਨ ਕੀਤਾ ਹੈ। ਮੈਂ ਸਮਝਦੀ ਹਾਂ ਕਿ ਇਹ ਵੀ ਸਾਡਾ ਬੜਾ ਮੁਬਾਰਕ ਦਾ ਸਮਾਂ ਹੈ, ਜਿਹੜਾ ਗਵਰਨਰ ਸਾਹਿਬ ਨੇ ਇਸ ਗੱਲ ਤੇ ਉਚੇਚੇ ਤੌਰ ਤੇ ਧਿਆਨ ਦੇ ਕੇ ਧੰਨਵਾਦ ਕੀਤਾ ਹੈ ਅਤੇ ਦੇਸ਼ ਨੂੰ ਉਸ ਕੇਂਦਰੀਕਰਨ ਤੋਂ ਛੁਟਕਾਰਾ ਮਿਲਣ ਵਾਲੇ ਹਾਲਾਤ ਬਣੇ ਹਨ, ਮੈਂ ਸਮਝਦੀ ਹਾਂ ਕਿ ਪਹਿਲੀਆਂ ਸਰਕਾਰਾਂ ਨੇ

*4.00 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸ਼੍ਰੀ ਮਨੋਰੰਜਨ ਕਾਲੀਆ ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਜੋ ਬੜਾ ਹੀ ਗਲਤ ਤਰੀਕੇ ਨਾਲ ਕੇਂਦਰੀਕਰਨ ਕੀਤਾ ਹੋਇਆ ਸੀ। ਉਨ੍ਹਾਂ ਸਾਰੀਆਂ ਨੀਤੀਆਂ ਸਬੰਧੀ ਅੱਜ ਨੀਤੀ ਆਯੋਗ ਵਿੱਚ ਆ ਕੇ ਸਾਨੂੰ ਇਨ੍ਹਾਂ ਦਾ ਹੱਲ ਮਿਲੇਗਾ। ਕੇਂਦਰੀ ਵਿੱਤ ਮੰਤਰੀ, ਸ਼੍ਰੀ ਅਰੁਣ ਜੇਤਲੀ ਜੀ ਦਾ ਇਸ ਵਿੱਚ ਧੰਨਵਾਦ ਕੀਤਾ ਗਿਆ ਹੈ ਕਿਉਂਕ ਇਹ ਸਾਡੀ ਬਹੁਤ ਲੰਬੀ ਮੰਗ ਸੀ, ਸਾਡੀ ਸਰਕਾਰ ਵੱਲੋਂ ਆਮ ਤੌਰ ਤੇ ਇਹ ਮੰਗ ਕੀਤੀ ਜਾਂਦੀ ਸੀ ਕਿ ਜਿੰਨੇ ਵੀ ਸਟੇਟ ਵਿਚੋਂ ਕਰ ਜਾਂਦੇ ਹਨ, ਜਿੰਨਾ ਵੀ ਦੇਸ਼ ਦਾ ਕਰ ਹੈ, ਉਸ ਦੇ ਵਿਚੋਂ ਸਾਨੂੰ ਵੱਧ ਹਿੱਸਾ ਮਿਲੇ ਕਿਉਂਕਿ ਸਾਨੂੰ ਉਸ ਵਿਚੋਂ ਬਹੁਤ ਘੱਟ ਹਿੱਸਾ ਮਿਲਦਾ ਸੀ । ਕੇਂਦਰੀ ਵਿੱਤ ਮੰਤਰੀ ਜੀ ਨੇ ਅੱਜ ਪਹਿਲੇ ਬਜਟ ਵਿੱਚ ਹੀ, ਜੋ ਦੇਸ਼ ਦੇ ਕਰਾਂ ਵਿਚੋਂ ਸਟੇਟਾਂ ਨੂੰ 10% ਵਾਧੂ ਕਰ ਦੇਣ ਦਾ ਫੈਸਲਾ ਕੀਤਾ ਹੈ, ਇਹ ਜੋ ਵੱਡਾ ਮਾਣ

[ਬੀਬੀ ਜਗੀਰ ਕੌਰ]

ਦਿੱਤਾ ਹੈ, ਉਹ ਵੀ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਸ਼ਾਮਲ ਕਰਕੇ ਬਹੁਤ ਵੱਡਾ ਜੋ ਇਹ ਸ਼ਲਾਘਾਯੋਗ ਕਦਮ ਚੁੱਕਿਆ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਕੇਂਦਰੀ ਵਿੱਤ ਮੰਤਰੀ ਜੀ ਨੇ ਜਿਥੇ ਸਾਡੀਆਂ ਜੋ ਬੜੀਆਂ ਲੰਬੀਆਂ ਮੰਗਾਂ ਸਨ, ਸਾਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਸਿਹਤ ਦੇ ਪੱਖ ਤੋਂ ਹੁਣੇ ਗੱਲ ਕਰ ਰਹੇ ਸਨ, ਕੈਂਸਰ ਦੀ ਨਾ-ਮੁਰਾਦ ਬਿਮਾਰੀ ਹੈ, ਅੱਜ ਬੜੀਆਂ ਭਿਆਨਕ ਬਿਮਾਰੀਆਂ ਸਾਡੇ ਪੰਜਾਬ ਵਿੱਚ ਵੀ ਅਤੇ ਦੇਸ਼ ਵਿੱਚ ਵੀ ਫੈਲੀਆਂ ਹੋਈਆਂ ਹਨ, ਉਨ੍ਹਾਂ ਦਾ ਮੁਕਾਬਲਾ ਕਰਨ ਵਾਸਤੇ ਉਚ ਦਰਜੇ ਦੇ ਹਸਪਤਾਲਾਂ ਦੀ ਲੋੜ ਸੀ। ਮੈਂ ਜਿਥੇ ਗਵਰਨਰ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ ਹੈ, ਉਥੇ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ, ਸਰਦਾਰ ਸੁਖਬੀਰ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ, ਪੰਜਾਬ ਅਤੇ ਆਪਣੇ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਲਗਾਤਾਰ ਇਸ ਮੰਗ ਨੂੰ ਲੈ ਕੇ ਵਿੱਤ ਮੰਤਰੀ ਜੀ ਦੇ ਕੋਲ, ਪ੍ਰਧਾਨ ਮੰਤਰੀ ਜੀ ਦੇ ਕੋਲ ਜਾ ਕੇ ਫਰਿਆਦ ਕੀਤੀ, ਇਹ ਮੰਗ ਉਠਾਈ ਅਤੇ ਉਨ੍ਹਾਂ ਨੇ ਬੜੇ ਸਤਿਕਾਰ ਨਾਲ ਇਸ ਸਾਡੀ ਮੰਗ ਨੂੰ ਪ੍ਰਵਾਨ ਕੀਤਾ ਅਤੇ ਉਨ੍ਹਾਂ ਨੇ ਸਾਡੇ ਪੰਜਾਬ ਵਿੱਚ ਏਮਜ਼ ਵਰਗਾ ਹਸਪਤਾਲ, ਜਿਹੜਾ ਕਿ ਪੀ.ਜੀ.ਆਈ. ਤੋਂ ਵੀ ਵੱਡਾ ਹਸਪਤਾਲ ਬਣੇਗਾ ਅਤੇ ਇਸ ਵਿੱਚ ਐਜੂਕੇਸ਼ਨ ਅਦਾਰੇ ਵੀ ਬਣਨਗੇ, ਉਹ ਪ੍ਰਵਾਨ ਕੀਤਾ ਹੈ। (ਥੰਪਿੰਗ) ਮੈਂ ਸਾਰੇ ਹਾਊਸ ਵੱਲੋਂ, ਆਪਣੇ ਵੱਲੋਂ ਅਤੇ ਆਪਣੀ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜੀ ਦਾ ਅਤੇ ਨਾਲ ਫਾਈਨਾਂਸ ਮਨਿਸਟਰ ਦਾ ਵੀ ਧੰਨਵਾਦ ਕਰਦੀ ਹਾਂ। ਦੂਸਰੀ ਸਾਡੀ ਇੱਕ ਬੜੀ ਵੱਡੀ ਮੰਗ ਸੀ ਕਿ ਹੈਰੀਟੇਜ ਸਿਟੀ ਡਿਵੈਲਪਮੈਂਟ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅੱਜ ਉਨ੍ਹਾਂ ਨੇ ਇਸ ਮੰਗ ਨੂੰ ਵੀ ਪ੍ਰਵਾਨ ਕੀਤਾ ਹੈ ਅਤੇ ਹੈਰੀਟੇਜ ਸਿਟੀ ਡਿਵੈਲਪਮੈਂਟ ਸਕੀਮ ਅਧੀਨ ਸ਼੍ਰੀ ਅੰਮ੍ਰਿਤਸਰ ਸਾਹਿਬ ਨੂੰ ਵਿਰਾਸਤੀ ਸ਼ਹਿਰ ਵਜੋਂ ਚੁਣਿਆ ਗਿਆ ਹੈ, (ਥੰਪਿੰਗ) ਇਕੱਲਾ ਚੁਣਿਆ ਨਹੀਂ ਗਿਆ, ਇਸ ਵਾਸਤੇ 69.31 ਕਰੋੜ ਰੁਪਿਆ ਪਹਿਲਾਂ ਹੀ ਦਿੱਤਾ ਜਾ ਚੁੱਕਿਆ ਹੈ, ਜਾਰੀ ਕਰ ਦਿੱਤਾ ਗਿਆ ਹੈ। ਤੀਸਰੀ ਗੱਲ, ਜੋ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੈ, ਇਤਿਹਾਸਕ ਤੌਰ ਦੇ ਉਤੇ ਅਸੀਂ ਹਮੇਸ਼ਾ ਉਥੇ ਸੀਸ ਨਿਵਾਉਂਦੇ ਹਾਂ, ਜਿਨ੍ਹਾਂ ਲੋਕਾਂ ਨੇ ਉਥੇ ਕੁਰਬਾਨੀਆਂ ਕੀਤੀਆਂ ਹਨ, ਜਨਰਲ ਡਾਇਰ ਵੇਲੇ, ਅੰਗਰੇਜ਼ਾਂ

ਵੇਲੇ ਸਾਡੇ ਬਹੁਤ ਸਾਰੇ ਯੋਧਿਆਂ ਨੂੰ ਉਥੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਅੱਜ ਵੀ ਜਦੋਂ ਅਸੀਂ ਉਥੇ ਜਾਂਦੇ ਹਾਂ ਤਾਂ ਸਾਡਾ ਸ਼ਹੀਦਾਂ ਲਈ ਸੀਸ ਝੁਕਦਾ ਹੈ। ਉਸ ਜਲ੍ਹਿਆਂ ਵਾਲੇ ਬਾਗ ਨੂੰ ਸਭਿਆਚਾਰਕ ਵਿਸ਼ਵ ਵਿਰਾਸਤੀ ਅਸਥਾਨਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ, ਮੈਂ ਸਮਝਦੀ ਹਾਂ ਕਿ ਇਨ੍ਹਾਂ ਸਾਰੇ ਕੰਮਾਂ ਦੇ ਨਾਲ ਜਦੋਂ ਦੇਸ਼ ਦੇ ਕਿਸੇ ਕੋਨੇ ਵਿੱਚੋਂ, ਵਿਦੇਸ਼ ਦੇ ਕਿਸੇ ਕੋਨੇ ਵਿੱਚੋਂ ਇਥੇ ਲੋਕ ਪਹੁੰਚਣਗੇ ਤਾਂ ਉਹ ਦੇਖਣਗੇ ਕਿ ਸਾਡਾ ਇਤਿਹਾਸ ਕਿੰਨਾ ਲਹੂ ਭਰਿਆ ਇਤਿਹਾਸ ਹੈ। ਸਾਡੇ ਜਵਾਨਾਂ ਨੇ, ਸਾਡੇ ਬਜ਼ੁਰਗਾਂ ਨੇ ਕਿੰਨੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਉਨ੍ਹਾਂ ਨੇ ਸਾਡੇ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਵਾਸਤੇ ਕਿਹੜਾ ਕਿਹੜਾ ਰੋਲ ਰਿਹਾ ਹੈ ਤਾਂ ਉਹ ਇਸ ਇਤਿਹਾਸ ਨਾਲ ਆ ਕੇ ਜੁੜਨਗੇ। ਇਸ ਨੂੰ ਉਚੇਚੇ ਤੌਰ ਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਸ਼ਾਮਿਲ ਕੀਤਾ ਹੈ, ਮੈਂ ਉਸ ਵਾਸਤੇ ਧੰਨਵਾਦ ਕਰਦੀ ਹਾਂ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੋਸਟ ਗਰੈਜੂਏਟ ਬਾਗਬਾਨੀ ਖੋਜ ਅਤੇ ਵਿਦਿਅਕ ਕੇਂਦਰ ਵੀ ਸਥਾਪਿਤ ਕੀਤਾ ਜਾਵੇਗਾ, ਇਹ ਜੋ ਸਾਨੂੰ ਬਹੁਤ ਵੱਡਾ ਤੋਹਫਾ ਦਿੱਤਾ ਹੈ, ਮੈਂ ਸਮਝਦੀ ਹਾਂ ਕਿ ਇਸ ਨਾਲ ਬਹੁਤ ਵੱਡੀ ਤਰੱਕੀ ਹੋਵੇਗੀ ਅਤੇ ਜਿਹੜੀ ਸਾਡੀ ਨੌਜਵਾਨੀ ਹੈ ਉਹ ਚੰਗੇ ਪਾਸੇ ਲੱਗੇਗੀ ਔਰ ਸਾਨੂੰ ਸੁਖਾਲੀਆਂ ਖੋਜਾਂ ਪ੍ਰਾਪਤ ਕਰਨ ਵਾਸਤੇ ਸਮਾਂ ਪ੍ਰਾਪਤ ਹੋਵੇਗਾ।ਆਈ. ਆਈ. ਐਮ. ਦੀ ਸਥਾਪਨਾ ਜੋ ਵਪਾਰਕ ਖੇਤਰ ਦੇ ਪ੍ਰਬੰਧ ਵਿਚ ਰਾਜ ਨੂੰ ਜਾਗਰੂਕਤਾ ਤੇ ਵਿਕਾਸ ਦੇ ਮਾਰਗ ਤੇ ਲਿਆਵੇਗੀ, ਇਸ ਵਾਸਤੇ ਜੋ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਸ਼ਾਮਲ ਕੀਤਾ ਹੈ। ਮੈਂ ਸਮਝਦੀ ਹਾਂ ਕਿ ਇਹ ਸਾਡੇ ਵਾਸਤੇ ਬੜੇ ਗੌਰਵ ਦੀ ਗੱਲ ਹੈ। ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਸੀ.ਐਮ.ਸਾਹਿਬ ਨੇ ਪੰਜਾਬ ਵਿੱਚ ਇਕ ਨਵਾਂ ਇਤਿਹਾਸ ਸਿਰਜਿਆ ਹੈ। ਜਦੋਂ 1997 ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਉਸ ਵੇਲੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸਟੇਜਾਂ ਉਤੇ ਵੀ, ਲੋਕਾਂ ਵਿੱਚ ਵੀ ਅਵਾਜ਼ ਦਿੱਤੀ ਸੀ ਕਿ 'ਰਾਜ ਨਹੀਂ ਸੇਵਾ'। ਅਸੀਂ ਹਰ ਬੰਦੇ ਦੀ, ਹਰ ਨਾਗਰਿਕ ਦੀ ਅਵਾਜ਼ ਸੁਣ ਕੇ ਆਪਣੇ ਪੰਜਾਬ ਦੀ ਤਰੱਕੀ ਕਰਾਂਗੇ। ਚੇਅਰਮੈਨ ਸਾਹਿਬ, ਲੋਕਤੰਤਰ ਵਿਚ ਨਾਗਰਿਕ ਬਾਦਸ਼ਾਹ ਹੁੰਦਾ ਹੈ ਤੇ ਉਸ ਦਾ ਅਧਿਕਾਰ ਹੈ ਕਿ ਉਹ ਉਮੀਦ ਕਰੇ ਕਿ ਸਰਕਾਰ 24 ਘੰਟੇ ਪਹੁੰਚਯੋਗ ਹੋਵੇ, ਜਵਾਬਦੇਹ ਹੋਵੇ, ਸੁਚੱਜੀ ਹੋਵੇ, ਉਦਾਰ ਤੇ ਪਾਰਦਰਸ਼ੀ ਹੋਵੇ। ਇਹ ਹਰ ਨਾਗਰਿਕ ਚਾਹੁੰਦਾ ਹੈ। ਮੈਂ ਸਮਝਦੀ ਹਾਂ ਕਿ ਸਾਡੀ ਖੁਸ਼ਕਿਸਮਤੀ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ

[ਬੀਬੀ ਜਗੀਰ ਕੌਰ]

ਮੰਤਰੀ, ਪੰਜਾਬ ਜੀ ਵਰਗਾ ਸਾਡੇ ਕੋਲ ਆਗੂ ਹੈ । ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਹਿੰਦੁਸਤਾਨ ਦੇ ਕਿਸੇ ਸਟੇਟ ਕੋਲ ਚਲੇ ਜਾਉ, ਕੋਈ ਸਟੇਟ ਅਜਿਹਾ ਇਹ ਮਾਣ ਨਹੀਂ ਕਰ ਸਕਦੀ ਕਿ ਉਨ੍ਹਾਂ ਦੀ ਸਰਕਾਰ ਵਲੋਂ ਕਦੇ ਕੋਈ ਇਹੋ ਜਿਹਾ ਸਟੈੱਪ ਚੁੱਕਿਆ ਗਿਆ ਹੋਵੇ ਪਰ ਸਾਡੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ 24 ਘੰਟੇ ਪਹੁੰਚਯੋਗ ਵੀ ਹਨ ਅਤੇ ਜਵਾਬਦੇਹ ਵੀ ਹਨ ਅਤੇ ਨਾਲ ਹੀ ਸੁਚੱਜੀ, ਉਦਾਰ ਤੇ ਪਾਰਦਰਸ਼ੀ ਸੇਵਾ ਵੀ ਉਹ ਪ੍ਰਦਾਨ ਕਰ ਰਹੇ ਹਨ। 1997 ਤੋਂ ਲੈ ਕੇ ਬਾਦਲ ਸਾਹਿਬ ਨੇ ਨਵਾਂ ਰਾਜਨੀਤਕ ਤੌਰ ਉਤੇ ਲੋਕਾਂ ਵਿਚ ਇਕ ਮੋੜ ਲਿਆਂਦਾ, ਇਕ ਸੇਧ ਵਜੋਂ ਕੰਮ ਕੀਤਾ ਹੈ। ਮੈਂ ਗਵਰਨਰ ਸਾਹਿਬ ਦੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀਆਂ ਸੇਵਾਵਾਂ ਨੂੰ ਸਲਾਹਿਆ ਹੈ ਤੇ ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਇਸ ਨੂੰ ਸ਼ਾਮਲ ਕੀਤਾ ਹੈ। ਜੋ ਸ਼ਾਸਨ ਪ੍ਰਬੰਧ ਹੈ ਇਸ ਵਿਚ ਵੀ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੇ ਬੜੀਆਂ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ ਔਰ ਲੋਕਾਂ ਨੂੰ ਘਰ ਬੈਠਿਆਂ ਹੀ ਬਿਨਾਂ ਕਿਸੇ ਰੁਕਾਵਟ ਤੋਂ ਆਪਣੇ ਕੰਮਾਂ ਦਾ ਨਿਪਟਾਰਾ ਮਿਲਦਾ ਹੈ। ਇਹ ਮਾਣ ਵਾਲੀ ਗੱਲ ਹੈ ਕਿ ਬਹੁਤ ਸਾਰੇ ਰਾਜਾਂ ਵਿੱਚ ਵੀ ਤੇ ਭਾਰਤ ਸਰਕਾਰ ਨੇ ਵੀ ਇਸ ਵਿਚ ਦਿਲਚਸਪੀ ਵਿਖਾਈ ਤੇ ਇਹ ਜਿਹੜੀਆਂ ਸਾਰੀਆਂ ਪਾਲਿਸੀਆਂ ਬਣੀਆਂ ਹਨ, ਉਨ੍ਹਾਂ ਨੂੰ ਆਪਣੇ ਰਾਜਾਂ ਵਿਚ ਲਾਗੂ ਕਰਨ ਵਾਸਤੇ ਇਹ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਜੋ ਇਸ ਦੀ ਰੀਸ ਕਰਕੇ ਹਰ ਸਟੇਟ ਆਪਣੇ ਰਾਜ ਸ਼ਾਸਨ ਪ੍ਰਬੰਧ ਵਿਚ ਸੁਧਾਰ ਕਰ ਸਕੇ। ਮੈਂ ਸਮਝਦੀ ਹਾਂ ਕਿ ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ ਜੀ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਜਿਹੜੀ ਇਹ ਸੁਚੱਜੀ ਅਤੇ ਡਾਇਨਾਮਿਕ ਸੋਚ ਹੈ, ਉਸ ਨਾਲ ਅੱਜ ਪੰਜਾਬ ਵਿਚ ਬਹੁਤ ਵੱਡਾ ਸਕੂਨ, ਬਹੁਤ ਵੱਡੀ ਰਾਹਤ ਤੇ ਬਹੁਤ ਵੱਡਾ ਵਿਕਾਸ ਚੱਲ ਰਿਹਾ ਹੈ। ਇਸ ਦਾ ਗਵਰਨਰ ਸਾਹਿਬ ਦਾ ਉਚੇ ਚੇ ਤੌਰ ਤੇ ਧੰਨਵਾਦ ਹੈ ਕਿ ਉਨ੍ਹਾਂ ਨੇ ਸਲਾਹਿਆ ਵੀ ਹੈ ਤੇ ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਸ਼ਾਮਲ ਵੀ ਕੀਤਾ ਹੈ। ਲਗਭਗ ਅੱਠ ਸਾਲ ਪਹਿਲਾਂ 2007 ਵਿਚ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਰਕਾਰ ਬਣਾਈ ਸੀ ਤਾਂ ਸਰਕਾਰ ਦਾ ਕਾਰਜਭਾਗ ਸੰਭਾਲਦਿਆਂ ਹੀ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਸਮਾਜ ਦੇ ਸਭਿਆਚਾਰ ਨੂੰ, ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ, ਸਾਡੇ ਲੋਕਤੰਤਰਕ ਤੌਰ ਉਤੇ ਏਕਤਾ ਬਣਾਈ ਰੱਖਣ ਵਾਸਤੇ ਸਾਨੂੰ ਕਿਹੜੇ ਕਿਹੜੇ ਕੰਮ ਕਰਨੇ ਚਾਹੀਦੇ ਹਨ। ਉਸ ਵੇਲੇ ਹਾਲਾਤ ਕੀ ਸੀ, ਰਾਜਨੀਤਕ ਬਦਲਾਖੋਰੀ ਜਾਂ

ਘਿਨਾਉਣੀ ਅਣਉਚਿਤ ਰਾਜ ਦੀ ਸਥਿਤੀ ਬਣੀ ਹੋਈ ਸੀ ਤੇ ਮਾਹੌਲ ਜਿਹੜਾ ਸੀ, ਉਹ ਬੜਾ ਗ੍ਰਸਿਆ ਹੋਇਆ ਸੀ । ਉਦੋਂ ਸਾਡੇ ਬਹੁਤ ਸਾਰੇ ਮੰਤਰੀਆਂ ਉਤੇ ਝੂਠੇ ਪਰਚੇ ਵੀ ਹੋਏ, ਇੱਥੋਂ ਤੱਕ ਕਿ ਮੁੱਖ ਮੰਤਰੀ, ਮੁੱਖ ਮੰਤਰੀ ਜੀ ਦੀ ਧਰਮ ਪਤਨੀ, ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ ਹੁਰਾਂ ਉਤੇ ਵੀ ਝੂਠੇ ਪਰਚੇ ਹੋਏ ਲੇਕਿਨ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਾਰਿਆਂ ਨੂੰ ਸਤਿਕਾਰ ਤੇ ਮਾਣ ਦੇਣ ਤੇ ਨਵਾਂ ਮਾਹੌਲ ਬਣਾਉਣ ਵਾਸਤੇ ਉਨ੍ਹਾਂ ਨੇ ਵਿਰੋਧੀ ਧਿਰ ਨੂੰ ਵੀ ਬਹੁਤ ਮਾਣ ਦਿੱਤਾ ਹੈ। ਇਥੋਂ ਤੱਕ ਕਿ ਹਮੇਸ਼ਾਂ ਹੀ ਵਿਰੋਧੀ ਧਿਰ ਵਲੋਂ ਜੋ ਵੀ ਗੱਲ ਆਉਂਦੀ ਹੈ ਤਾਂ ਉਸ ਨੂੰ ਸਵੀਕਾਰ ਕੀਤਾ ਹੈ। ਉਸ ਨੂੰ ਚੁਣੌਤੀ ਵਜੋਂ ਸਮਝਿਆ ਹੈ ਕਿ ਇਹ ਜਿਹੜੀ ਸਾਡੀ ਅੱਜ ਮਾੜੀ ਰਵਾਇਤ ਪਈ ਹੈ, ਇਸ ਨੂੰ ਅਸੀਂ ਕਿਸ ਤਰ੍ਹਾਂ ਠੀਕ ਕਰਨਾ ਹੈ ਤੇ ਬੜੀ ਤਰਜੀਹ ਦੇ ਕੇ ਸਾਰੀ ਵਿਰੋਧੀ ਧਿਰ ਦਾ ਵੀ ਉਚ ਸਤਿਕਾਰ ਕੀਤਾ ਜਾ ਰਿਹਾ ਔਰ ਹੈ ਉਨ੍ਹਾਂ ਦੀ ਉਸਾਰੂ ਭੂਮਿਕਾ ਦੇ ਨਾਲ ਨਾਲ ਉਨ੍ਹਾਂ ਵੱਲੋਂ ਜਿਹੜੀ ਵੀ ਕੋਈ ਉਸਾਰੂ ਸੋਚ ਆਉਂਦੀ ਹੈ ਤਾਂ ਉਸ ਵਾਸਤੇ ਵੀ ਉਨ੍ਹਾਂ ਦਾ ਵੈਲਕਮ ਕੀਤਾ ਜਾਂਦਾ ਹੈ।

ਚੇਅਰਮੈਨ ਸਾਹਿਬ, ਪੰਜਾਬ ਖੇਤੀਬਾੜੀ ਪੱਖੋਂ ਅੰਨਦਾਤਾ ਕਹਾਉਂਦਾ ਹੈ। ਪੰਜਾਬ ਦੇ ਲੋਕ ਬਹੁਤ ਮਿਹਨਤ ਕਰਦੇ ਹਨ। ਸੱਪਾਂ ਦੀਆਂ ਸਿਰੀਆਂ ਮਿੱਧ ਕੇ ਖੇਤਾਂ ਵਿੱਚ ਕੰਮ ਕਰਦੇ ਹਨ। ਜੇਕਰ ਸੋਕਾ ਪੈ ਜਾਵੇ ਤਾਂ ਵੀ ਪੰਜਾਬ ਦੇ ਲੋਕਾਂ ਨੂੰ ਮਾਰ ਪੈਂਦੀ ਹੈ। ਜੇ ਹੜ੍ਹ ਆ ਜਾਣ ਜਾਂ ਗੜ੍ਹੇ ਪੈ ਜਾਣ ਤਾਂ ਵੀ ਕਿਸਾਨ ਮਰ ਜਾਂਦਾ ਹੈ। ਦੇਸ਼ ਦੇ ਅੰਨ ਭੰਡਾਰ ਵਿੱਚ 45-50% ਸਾਡਾ ਕਿਸਾਨ ਆਪਣਾ ਯੋਗਦਾਨ ਪਾਉਂਦਾ ਹੈ। ਪਿਛਲੇ ਸਮੇਂ ਵਿੱਚ ਜੇਕਰ ਦੇਖੀਏ ਤਾਂ 2013-14 ਦੀ ਹਾੜ੍ਹੀ ਦੌਰਾਨ ਪੰਜਾਬ ਦੇ ਕਿਸਾਨ ਨੇ ਇੰਨੀ ਫ਼ਸਲ ਪੈਦਾ ਕੀਤੀ ਕਿ 176.20 ਲੱਖ ਟਨ ਕਣਕ ਪੈਦਾ ਕਰਕੇ ਆਪਣੇ ਦੇਸ਼ ਦੇ ਅੰਨ ਭੰਡਾਰ ਵਿੱਚ ਪਾਇਆ ਹੈ। 2013-14 ਦੀ ਸਾਉਣੀ ਦੌਰਾਨ 169.62 ਲੱਖ ਟਨ ਝੋਨਾ ਪੈਦਾ ਕਰਕੇ ਆਪਣੇ ਦੇਸ਼ ਦੇ ਅੰਨ ਭੰਡਾਰ ਵਿੱਚ ਪਾਇਆ ਹੈ। ਇਹ ਜਿਹੜਾ ਇਨ੍ਹਾਂ ਦੋ ਸਾਲਾਂ ਵਿੱਚ ਵਾਧਾ ਕੀਤਾ ਗਿਆ ਹੈ, ਮੈਂ ਸਮਝਦੀ ਹਾਂ ਕਿ ਇਹ ਬੜਾ ਸ਼ਲਾਘਾਯੋਗ ਕੰਮ ਹੋਇਆ ਹੈ ਅਤੇ ਇਸ ਵਾਧੇ ਕਾਰਨ ਪ੍ਰਧਾਨ ਮੰਤਰੀ ਜੀ ਵੱਲੋਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਜੀ ਨੂੰ ਅਤੇ ਇਸ ਸਰਕਾਰ ਨੂੰ ਕ੍ਰਿਸ਼ੀ ਕਰਮਨ ਦਾ ਸਨਮਾਨ ਦਿੱਤਾ ਗਿਆ ਹੈ । ਖੇਤੀਬਾੜੀ ਵਿੱਚ ਇਹੋ ਜਿਹੇ ਸਮਿਆਂ ਵਿੱਚ ਜੋ ਵਾਧੇ ਕੀਤੇ ਗਏ ਹਨ, ਉਹ ਬਹੁਤ ਸ਼ਲਾਘਾਯੋਗ ਕਦਮ ਹਨ ਅਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ ਨੂੰ ਸ਼ਾਮਲ ਕਰਕੇ ਪੰਜਾਬ

[ਬੀਬੀ ਜਗੀਰ ਕੌਰ]

ਸਰਕਾਰ ਨੂੰ ਇਹ ਸ਼ਾਬਾਸ਼ ਦਿੱਤੀ ਹੈ।

ਚੇਅਰਮੈਨ ਸਾਹਿਬ, ਖੇਤੀਬਾੜੀ ਦੇ ਖੇਤਰ ਵਿੱਚ ਬੜੀਆਂ ਮੁਸ਼ਕਲਾਂ ਹਨ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਸਮੇਂ ਦੇ ਨਾਲ ਨਾਲ ਖ਼ਤਮ ਕੀਤਾ ਹੈ ਜਾਂ ਸੁਧਾਰਿਆ ਹੈ। ਭੂਮੀ ਵਿੱਚ ਆ ਰਿਹਾ ਨਿਘਾਰ ਬੜੀ ਗੰਭੀਰ ਚਿੰਤਾ ਦਾ ਵਿਸ਼ਾ ਹੈ ਭਾਵੇਂ ਉਹ ਖਾਦਾਂ ਕਰਕੇ ਹੈ ਜਾਂ ਆਰਗੈਨਿਕ ਸਮੱਗਰੀ ਦੀ ਘਾਟ ਕਰਕੇ ਹੈ। ਡੀਪਲਿਟਿਡ ਮਾਈਕ੍ਰੋ ਕੋਸ਼ਿਕਾ ਦੀ ਅਸੰਤੁਲਿਤ ਵਰਤੋਂ ਨੇ ਉਤਪਾਦਿਕਤਾ ਵਿੱਚ ਊਣਤਾਈਆਂ ਪੈਦਾ ਕਰ ਦਿੱਤੀਆਂ ਹਨ, ਇਸ ਵਿਚ ਸੁਧਾਰਾਂ ਦੀ ਲੋੜ ਹੈ। ਇਨ੍ਹਾਂ ਵਿੱਚ ਸੁਧਾਰ ਕਰਨ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ ਬੜੇ ਹੱਲ ਕੱਢੇ ਗਏ ਹਨ। 50 ਲੈਬਾਰਟਰੀਆਂ ਦਾ ਨੈੱਟਵਰਕ ਭੂਮੀ ਦੀ ਪਰਖ ਕਰਨ ਵਾਸਤੇ ਤਿਆਰ ਕੀਤਾ ਗਿਆ ਹੈ। ਸਾਲ 2014-15 ਵਿੱਚ 305 ਲੱਖ ਕਿਸਾਨਾਂ ਨੂੰ ਭੂਮੀ ਦੀ ਸਿਹਤ ਠੀਕ ਕਰਨ ਵਾਸਤੇ ਕਾਰਡ ਦਿੱਤੇ ਗਏ ਤਾਂ ਕਿ ਉਹ ਆਪਣੀ ਭੂਮੀ ਦੀ ਪਰਖ ਕਰਵਾ ਕੇ ਇਸ ਨੂੰ ਮਜ਼ਬੂਤ ਕਰ ਸਕਣ ਅਤੇ ਅਸੀਂ ਦੇਸ਼ ਦੇ ਅੰਨ ਭੰਡਾਰ ਵਿੱਚ ਵੱਧ ਤੋਂ ਵੱਧ ਹਿੱਸਾ ਪਾ ਸਕੀਏ। ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੇ ਦੇਖਿਆ ਕਿ ਕਣਕ ਅਤੇ ਝੋਨੇ ਨਾਲ ਕਿਸਾਨ ਕਦੇ ਤਰੱਕੀ ਨਹੀਂ ਕਰ ਸਕਦਾ ਕਿਉਂਕਿ ਜਦੋਂ ਤੱਕ ਅਸੀਂ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਨਹੀਂ ਤੁਰਦੇ, ਕਿਸੇ ਹੋਰ ਤਰੀਕੇ ਨਾਲ ਆਪਣੀ ਉਪਜ ਵਿੱਚ ਵਾਧਾ ਨਹੀਂ ਕਰ ਸਕਦੇ ਉਤਨੀ ਦੇਰ ਤੱਕ ਅਸੀਂ ਮਜ਼ਬੂਤ ਨਹੀਂ ਹੋ ਸਕਦੇ ਅਤੇ ਕਿਸਾਨ ਤਰੱਕੀ ਨਹੀਂ ਕਰ ਸਕਦਾ। ਬਾਸਮਤੀ, ਮੱਕੀ, ਫਲ ਅਤੇ ਸਬਜ਼ੀਆਂ ਲਈ ਐਗਰੋ ਇੰਡਸਟਰੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨ ਆਪਣੀ ਜ਼ਿੰਦਗੀ ਸੁਖਾਲੀ ਬਤੀਤ ਕਰ ਸਕੇ। ਕਿਸਾਨ ਪੰਜਾਬ ਦੀ ਰੀੜ ਦੀ ਹੱਡੀ ਹੈ। ਤਕਰੀਬਨ 60 ਤੋਂ 70 ਪ੍ਰਤੀਸ਼ਤ ਲੋਕ ਪੰਜਾਬ ਵਿੱਚ ਕਿਸਾਨੀ ਕਰਦੇ ਹਨ। ਸਾਡਾ ਸਾਰਿਆਂ ਦਾ ਕਿਸਾਨੀ ਨਾਲ ਸਿੱਧਾ ਸਬੰਧ ਹੈ। ਇੱਥੇ ਹੀ ਬਸ ਨਹੀਂ, ਇਸ ਨੂੰ ਸੰਭਾਲਣ ਵਾਸਤੇ ਮੁੱਖ ਮੰਤਰੀ, ਪੰਜਾਬ ਵੱਲੋਂ ਕਰਤਾਰਪੁਰ, ਜਲੰਧਰ ਵਿਖੇ ਸਬਜ਼ੀਆਂ ਲਈ, ਖਨੌੜਾ ਹੁਸ਼ਿਆਰਪੁਰ ਵਿਖੇ ਖੱਟਾ ਪ੍ਰਜਾਤੀ ਅਤੇ ਐਗਰੋ ਜੂਸਿੰਗ ਲਈ, ਜਲੰਧਰ ਵਿਖੇ ਆਲੂਆਂ ਲਈ ਅਤੇ ਲੁਧਿਆਣਾ ਵਿਖੇ ਫੁੱਲਾਂ ਦੀ ਕਾਸ਼ਤ ਲਈ ਉਚ ਦਰਜੇ ਦੇ ਕੇਂਦਰ ਤਿਆਰ ਕੀਤੇ ਗਏ ਹਨ ਤਾਂ ਜੋ ਕਿਸਾਨ ਡਾਈਵਰਸੀਫਿਕੇਸ਼ਨ ਵਾਲੇ ਪਾਸੇ ਤੁਰ ਕੇ ਖਾਦ ਤਿਆਰ ਕਰੇ, ਫੁੱਲ ਤਿਆਰ ਕਰੇ, ਸਬਜ਼ੀਆਂ ਤਿਆਰ ਕਰੇ। ਉਸ ਦੀ

ਫਸਲ ਸਾਂਭਣ ਲਈ ਉੱਚ ਦਰਜੇ ਦੇ ਨਵੇਂ ਕੇਂਦਰ ਤਿਆਰ ਕੀਤੇ ਗਏ ਹਨ। ਰਾਜ ਵਿਚ 76.5 ਕਰੋੜ ਰੁਪਏ ਦੀ ਲਾਗਤ ਵਾਲੀ ਬਾਗਬਾਨੀ ਖੋਜ ਅਤੇ ਸਿੱਖਿਆ ਨਾਲ ਸਬੰਧਿਤ ਪੋਸਟ ਗ੍ਰੈਜੂਏਟ ਸੰਸਥਾ ਦਾ ਪ੍ਰਾਜੈਕਟ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ ਤਾਂ ਜੋ ਕਿਸਾਨ ਨਵੀਆਂ ਖੋਜਾਂ ਨਾਲ ਆਪਣੀ ਕਿਸਾਨੀ ਨੂੰ ਉੱਤਮ ਦਰਜੇ ਤੇ ਲਿਜਾ ਸਕੇ ਅਤੇ ਵਧੀਆ ਢੰਗ ਨਾਲ ਆਪਣੀ ਫ਼ਸਲ ਵਿੱਚ ਵਾਧਾ ਕਰ ਸਕੇ।

ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੀ ਧੰਨਵਾਦੀ ਹਾਂ। ਉਨ੍ਹਾਂ ਨੇ ਪੰਜਾਬ ਦੇ ਕੀਤੇ ਹੋਏ ਵਿਕਾਸ ਦੇ ਕੰਮਾਂ ਨੂੰ ਸਰਾਹਿਆ ਹੈ। ਬਿਜਲੀ ਸਾਡੇ ਲਈ ਬਹੁਤ ਵੱਡੀ ਜ਼ਰੂਰਤ ਹੈ। ਜੇਕਰ ਅਸੀਂ ਬਿਜਲੀ ਦੀ ਸਪਲਾਈ ਪੰਜਾਬ ਵਿੱਚ ਪੂਰੀ ਨਾ ਦੇ ਸਕੀਏ ਤਾਂ ਨਾ ਅਸੀਂ ਖੇਤੀ ਵਧੀਆ ਤਰੀਕੇ ਨਾਲ ਕਰ ਸਕਦੇ ਹਾਂ ਅਤੇ ਨਾ ਹੀ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਦੇ ਹਾਂ। ਇਥੋਂ ਤੱਕ ਕਿ ਘਰਾਂ ਵਿੱਚ ਕੰਮ ਕਰਨਾ ਹੋਵੇ, ਕੱਪੜੇ ਧੋਣੇ ਹੋਣ, ਮਸ਼ੀਨਾਂ ਨਾਲ ਦੁੱਧ ਰਿੜਕਣਾ ਹੋਵੇ ਤਾਂ ਵੀ ਬਿਜਲੀ ਦੀ ਲੋੜ ਹੈ। ਇਸ ਕਰਕੇ ਇਸ ਬਿਜਲੀ ਨੂੰ ਨਿਰੰਤਰ ਜਾਰੀ ਰੱਖਣ ਵਾਸਤੇ, ਇਸ ਦੀ ਪੂਰੀ ਸਪਲਾਈ ਦੇਣ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵਲੋਂ ਅੱਜ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਜਿਥੇ ਵੱਡੇ ਵੱਡੇ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਗਏ, ਉਥੇ ਬਿਜਲੀ ਦੇ ਕੰਮਾਂ ਵਿੱਚ ਬਹੁਤ ਸੁਧਾਰ ਕੀਤਾ ਗਿਆ ਹੈ। ਇਕੱਲੇ ਇਕੱਲੇ ਟਰਾਂਸਫਾਰਮਰ ਤੋਂ ਲੈ ਕੇ ਜਾਂ ਘਰਾਂ ਤੋਂ ਮੀਟਰ ਬਾਹਰ ਕੱਢਣੇ, ਇਸ ਸਾਰੇ ਸਿਸਟਮ ਵਿੱਚ ਸੁਧਾਰ ਹੋਣ ਕਰਕੇ ਅੱਜ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ ਜਿਸ ਕਰਕੇ ਸਾਡੇ ਬਿਜਲੀ ਅੱਗੇ ਤੋਂ ਵਧੀਆ ਢੰਗ ਨਾਲ ਚੱਲ ਰਹੀ ਹੈ ਅਤੇ ਸਾਲ 2014-15 ਵਿੱਚ 1360 ਮੈਗਾਵਾਟ ਵਾਧੂ ਬਿਜਲੀ ਪੈਦਾ ਕੀਤੀ ਗਈ ਹੈ। ਅੱਜ ਪੰਜਾਬ ਦੇ ਹਾਲਾਤ ਬਣ ਚੁੱਕੇ ਹਨ ਕਿ ਪੰਜਾਬ ਦੇਸ਼ ਵਿੱਚੋਂ ਸਾਰੇ ਰਾਜਾਂ ਨਾਲੋਂ ਵਾਧੂ ਬਿਜਲੀ ਵਾਲਾ ਸੂਬਾ ਕਿਹਾ ਜਾਵੇਗਾ। ਇਹ ਇੰਨਾ ਮਹੱਤਵਪੂਰਨ ਕੰਮ ਸਰਕਾਰ ਨੇ ਕੀਤਾ ਹੈ। ਗਵਰਨਰ ਸਾਹਿਬ ਨੇ ਜਿਥੇ ਸ਼ਲਾਘਾ ਕੀਤੀ ਹੈ, ਉਥੇ ਇਸ ਚੀਜ਼ ਨੂੰ ਆਪਣੇ ਭਾਸ਼ਣ ਵਿੱਚ ਸ਼ਾਮਲ ਕਰਕੇ ਇਸ ਕੀਤੀ ਹੋਈ ਸੇਵਾ ਨੂੰ ਉਨ੍ਹਾਂ ਨੇ ਬਹੁਤ ਵੱਡੀ ਵਡਿਆਈ ਤੇ ਸਤਿਕਾਰ ਦਿੱਤਾ ਹੈ। ਮੈਂ ਇਸ ਵਾਸਤੇ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਸਾਲ 2015-16 ਵਿੱਚ ਜਿਹੜੇ ਨਵੇਂ ਪ੍ਰੋਜੈਕਟ ਹਨ, ਉਨ੍ਹਾਂ ਰਾਹੀਂ ਵੀ 1320 ਮੈਗਾਵਾਟ ਬਿਜਲੀ ਦਾ ਵਾਧੂ

[ਬੀਬੀ ਜਗੀਰ ਕੌਰ]

ਉਤਪਾਦਨ ਹੋਵੇਗਾ। ਇਸ ਗੱਲ ਦਾ ਵੀ ਸਰਕਾਰ ਵੱਲੋਂ ਵਿਸ਼ਵਾਸ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 13,000 ਕਰੋੜ ਰੁਪਏ ਹੋਰ ਖਰਚ ਕੇ ਬਿਜਲੀ ਵੰਡ ਪ੍ਰਣਾਲੀ ਨੂੰ ਜੋ ਮਜ਼ਬੂਤੀਬੱਧ ਕਰਨ ਦੀ ਤਜਵੀਜ਼ ਰੱਖੀ ਗਈ ਹੈ, ਇਹ ਇਕ ਬੜਾ ਸ਼ਲਾਘਾਯੋਗ ਸਟੈੱਪ ਹੈ। ਮੈਂ ਸਮਝਦੀ ਹਾਂ ਕਿ ਅੱਜ ਪੰਜਾਬ ਵਿੱਚ ਲੋਕ ਬੜੀ ਸੁਖਾਲੀ ਜ਼ਿੰਦਗੀ ਜਿਊਂਦੇ ਹਨ। ਪੰਜਾਬ ਦੇ ਕਿਸੇ ਵੀ ਪਿੰਡ ਵਿੱਚ ਚਲੇ ਜਾਵੋ, ਹਰ ਘਰ ਵਿੱਚ ਏ.ਸੀ., ਟੈਲੀਵਿਜ਼ਨ ਅਤੇ ਸੁਖ ਸਹੂਲਤਾਂ ਦੇ ਹੋਰ ਮਸ਼ੀਨੀਕਰਨ ਯੰਤਰ ਉਪਲਬਧ ਹਨ। ਇਸ ਦਾ ਕਾਰਨ ਹੈ ਕਿ ਇਹ ਬਿਜਲੀ ਉਤਪਾਦਨ ਦੀ ਲੋੜ ਪੂਰੀ ਕਰਨੀ ਬੜੀ ਜ਼ਰੂਰੀ ਸੀ।

ਹੁਣੇ ਇਥੇ ਗੱਲ ਚੱਲ ਰਹੀ ਸੀ ਕਿ ਕੈਂਸਰ ਨਾਮੁਰਾਦ ਬਿਮਾਰੀ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਸ ਦਾ ਜੋਖਮ ਵੀ ਝੱਲਿਆ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਵਾਕਿਆ ਹੀ ਜਦੋਂ ਘਰ ਦੇ ਕਿਸੇ ਜੀਅ ਨੂੰ ਕੈਂਸਰ ਹੋ ਜਾਵੇ, ਮੇਰਾ ਖਿਆਲ ਹੈ ਕਿ ਡਾਕਟਰ ਜਦੋਂ ਹੀ ਕੈਂਸਰ ਹੋਣ ਬਾਰੇ ਦੱਸਦੇ ਹਨ, ਮਨੁੱਖ ਦੀ ਜ਼ਿੰਦਗੀ ਇਸ ਪਾਸੇ ਵੱਲ ਨੂੰ ਤੁਰ ਜਾਂਦੀ ਹੈ ਕਿ ਪਤਾ ਨਹੀਂ ਅਸੀਂ ਕਦੋਂ ਰੱਬ ਨੂੰ ਪਿਆਰੇ ਹੋ ਜਾਣਾ ਹੈ। ਉਸ ਮਰੀਜ਼ ਅਤੇ ਉਸ ਦੇ ਘਰ ਵਾਲਿਆਂ ਦੀ ਅੱਧੀ ਜਾਨ ਤਾਂ ਉਦੋਂ ਹੀ ਨਿਕਲ ਜਾਂਦੀ ਹੈ ਜਦੋਂ ਇਸ ਦੇ ਹੋਣ ਦਾ ਪਤਾ ਚਲਦਾ ਹੈ ਕਿਉਂਕਿ ਇਹ ਇੱਕ ਨਾਮੁਰਾਦ ਬਿਮਾਰੀ ਹੈ। ਪੰਜਾਬ ਸੂਬਾ ਜੇਕਰ ਅੱਜ ਇਸ ਪੀੜਾ ਵਿੱਚ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਸ ਨੂੰ ਬਹੁਤ ਹੀ ਸ਼ਿੱਦਤ ਨਾਲ ਅਤੇ ਸੀਰੀਅਸ ਹੋ ਕੇ ਲਿਆ ਹੈ। ਉਨ੍ਹਾਂ ਨੇ ਮਨ ਬਣਾਇਆ ਹੈ ਕਿ 100 ਬੈੱਡਾਂ ਦੇ ਹਸਪਤਾਲ ਮੁਹਾਲੀ, ਬਠਿੰਡਾ ਅਤੇ ਸੰਗਰੂਰ ਵਿਖੇ ਸਥਾਪਿਤ ਕੀਤੇ ਜਾਣ। ਇਸ ਦੇ ਨਾਲ ਹੀ ਜਿਸ ਤਰ੍ਹਾਂ ਹੁਣੇ ਹੀ ਦੱਸਿਆ ਗਿਆ ਹੈ ਕਿ ਕੈਂਸਰ ਦੇ ਹਰ ਮਰੀਜ਼ ਦੇ ਇਲਾਜ ਵਾਸਤੇ ਡੇਢ ਲੱਖ ਰੁਪਿਆ ਦਿੱਤਾ ਜਾਂਦਾ ਹੈ ਤਾਂ ਜੋ ਮਰੀਜ਼ ਦੇ ਮੁੱਢਲੇ ਖਰਚ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਉਠਾ ਸਕੇ।

ਚੇਅਰਮੈਨ ਸਾਹਿਬ, ਨਸ਼ਿਆਂ ਦੇ ਖਿਲਾਫ ਗੱਲ ਆਉਂਦੀ ਹੈ। ਨਸ਼ੇ ਬੜੇ ਕੋਹੜ ਹਨ। ਇਹ ਸਾਰੇ ਦੇਸ਼ ਵਾਸਤੇ ਇੱਕ ਮੁਸੀਬਤ ਬਣੇ ਹੋਏ ਹਨ। ਸੰਸਾਰ ਪੱਧਰ ਤੇ ਇਹ ਮੁਸੀਬਤ ਹੈ ਔਰ ਨਸ਼ਿਆਂ ਤੋਂ ਬਚਾਉਣ ਵਾਸਤੇ ਸਰਕਾਰ ਨੇ ਜੋ ਕਦਮ ਚੁੱਕੇ ਹਨ, ਮੇਰਾ ਖਿਆਲ ਹੈ ਕਿ ਸ਼ਾਇਦ ਪਿਛਲੇ 60 ਸਾਲ ਦਾ ਇਤਿਹਾਸ ਕੱਢ ਲਵੋ, ਕਿਸੇ ਸਰਕਾਰ ਨੇ ਇੰਨਾ ਸੀਰੀਅਸ ਹੋ ਕੇ ਨਸ਼ਿਆਂ ਦੇ

ਮਸਲੇ ਨੂੰ ਨਹੀਂ ਲਿਆ। ਪਿਛਲੇ ਦੋ-ਤਿੰਨ ਸਾਲ ਤੋਂ ਵੇਖ ਲਵੋ। ਕਰੋੜਾਂ ਰੁਪਏ ਦੇ ਨਸ਼ੇ ਫੜੇ ਗਏ, ਭਾਵੇਂ ਹੈਰੋਇਨ ਸੀ, ਭਾਵੇਂ ਅਫੀਮ, ਪੋਸਤ, ਚੂਰਾ ਜਾਂ ਗਾਂਜਾ-ਚਰਸ ਆਦਿਕ ਸੀ, ਇਨ੍ਹਾਂ ਸਾਰੇ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ। ਅਫਸੋਸ ਹੈ ਕਈ ਵਾਰੀ ਇਨ੍ਹਾਂ ਨਸ਼ਿਆਂ ਦੀ ਸਰਪ੍ਰਸਤੀ ਕਰਨ ਵਾਲੇ ਸਾਡੇ ਕਈ ਆਗੂ ਐਸੇ ਹਨ, ਜਿਹੜੇ ਇਨ੍ਹਾਂ ਨਸ਼ਿਆਂ ਨੂੰ ਸਰਪ੍ਰਸਤੀ ਵੀ ਦਿੰਦੇ ਹਨ ਜਿਸ ਕਾਰਨ ਸਾਡਾ ਨੁਕਸਾਨ ਵੀ ਹੁੰਦਾ ਹੈ। ਚੇਅਰਮੈਨ ਸਾਹਿਬ, ਸਾਨੂੰ ਇਹ ਮੁੱਦੇ ਬੜੇ ਸੀਰੀਅਸ ਹੋ ਕੇ ਲੈਣੇ ਚਾਹੀਦੇ ਹਨ। ਮੈਂ ਕੱਲ੍ਹ ਵੀ ਪੜ੍ਹ ਰਹੀ ਸੀ ਤਾਂ ਮੈਂ ਇਸ ਗੱਲ ਦੀ ਕੱਲ੍ਹ ਚਰਚਾ ਵੀ ਕੀਤੀ ਸੀ ਅਤੇ ਮੈਂ ਦੋ ਮਿੰਟ ਦਾ ਸਮਾਂ ਵੀ ਮੰਗਿਆ ਸੀ ਕਿ ਇਹ ਜਿਹੜੀ ਬਿਮਾਰੀ ਹੈ, ਇਹ ਘਰ ਘਰ ਫੈਲ ਗਈ ਹੈ। ਖਾਸ ਕਰਕੇ ਸਾਡੇ ਇਲਾਕੇ ਵਿੱਚ ਤਾਜ਼ੀ ਤਾਜ਼ੀ ਗੱਲ ਹੋਈ ਹੈ। ਇਕ ** ਬੰਦੇ ਨੂੰ ਦੋ ਕਿਲੋ ਹੈਰੋਇਨ, 24 ਸੋਨੇ ਦੇ ਬਿਸਕੁਟ ਤੇ ਨਜਾਇਜ਼ ਅਸਲੇ ਸਮੇਤ ਫਾਜ਼ਿਲਕਾ ਪੁਲਿਸ ਨੇ ਫੜਿਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਉਹ ਅੱਜ ਹੀ ਨਹੀਂ ਸਗੋਂ ਬੜੇ ਪੁਰਾਣੇ ਸਮੇਂ ਤੋਂ ਕੰਮ ਕਰਦਾ ਆ ਰਿਹਾ ਹੈ। ਜਦੋਂ ਕੋਈ ਗੱਲ ਕਰਦਾ ਹੈ ਤਾਂ ਲੋਕ ਕਹਿੰਦੇ ਹਨ ਕਿ ਇਹ ਸਿਆਸੀ ਬਦਲਾਖੋਰੀ ਦੀ ਗੱਲ ਹੈ ਜਾਂ ਸਿਆਸੀ ਸਾਜ਼ਿਸ਼ ਹੈ, ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਪਿੰਡਾਂ ਵਿੱਚ ਹਰ ਇੱਕ ਨੂੰ ਪਤਾ ਸੀ ਕਿ ਇਹ ਜਿਹੜਾ ਬੰਦਾ ਹੈ ਇਹ ਨਸ਼ੇ ਦੇ ਕੰਮ ਕਰਦਾ ਹੈ। ਉਸ ਬਾਰੇ ਹਰ ਇੱਕ ਨੂੰ ਪਤਾ ਸੀ ਕਿ ਇਸ ਦੀ ਸਰਪ੍ਰਸਤੀ ਕਿਸ ਦੇ ਕੋਲ ਹੈ। ਅੱਜ ਜਦੋਂ ਉਹ ਫੜਿਆ ਗਿਆ ਹੈ, ਉਸ ਦੇ ਸਰਪ੍ਰਸਤਾਂ ਦਾ ਨਾਮ ਵੀ ਸਾਹਮਣੇ ਆ ਗਿਆ ਹੈ, ਇਹ ਮੇਰੇ ਵੀਰ ਬੈਠੇ ਹਨ, ਇਨ੍ਹਾਂ ਨੂੰ ਪਤਾ ਹੋਵੇਗਾ ਕਿ ਉਹ ਇਨ੍ਹਾਂ ਦਾ ਮੁੱਖ ਬੁਲਾਰਾ ਹੈ ਔਰ ਉਸ ਮੁੱਖ ਬੁਲਾਰੇ ਨੇ ਜਿੰਨਾ ਸਾਡੇ ਇਲਾਕੇ ਵਿਚ ***ਪਾਇਆ ਹੈ, ਜਿੰਨਾ ਨੁਕਸਾਨ ਸਾਡੇ ਇਲਾਕੇ ਦਾ ਕੀਤਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

ਸ਼੍ਰੀ ਸਭਾਪਤੀ : ਹਾਂ ਜੀ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਚੇਅਰਮੈਨ ਸਾਹਿਬ, **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

ਬੀਬੀ ਜਗੀਰ ਕੌਰ : ਤੁਸੀਂ ਉਸ ਨੂੰ ਕੱਢ ਦਿੱਤਾ। ਹੁਣ ਉਹ ਤੁਹਾਡਾ ਮੁੱਖ ਬੁਲਾਰਾ ਨਹੀਂ ਹੈ। ਤੁਸੀਂ ਹਮੇਸ਼ਾ ਹੀ ਉਸ ਨੂੰ ਆਪਣਾ ਮੁੱਖ ਬੁਲਾਰਾ ਲਿਖਿਆ ਹੈ, ਇਸ ਲਈ ਮੈਂ ਕਿਹਾ ਹੈ (ਵਿਘਨ)(ਸ਼ੋਰ) ਮੈਂ ਉਸ ਦਾ ਨਾਂ ਨਹੀਂ ਲਿਆ। ਫਿਰ ਤਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਆਪਣੀ ਪਾਰਟੀ ਵਿਚੋਂ ** ਕੱਢ ਦਿੱਤਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ, ਸਰਦਾਰ ਅਜੀਤ ਇੰਦਰ ਸਿੰਘ ਮੋਫਰ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਸਰਦਾਰ ਸੁਖਜਿੰਦਰ ਸਿੰਘ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ** ਹੈ। ਜੇ ਇਨ੍ਹਾਂ ਨੂੰ ਇੰਨੀ ਦੇਰ ਦਾ ਪਤਾ ਸੀ ਕਿ ** ਅਜਿਹੇ ਕੰਮ ਕਰਦਾ ਸੀ ਤਾਂ ਫਿਰ ਪਹਿਲਾਂ ਉਸ ਨੂੰ ਕਿਉਂ ਨਹੀਂ ਫੜਿਆ?

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) (ਬੈਠੇ ਬੈਠੇ): ਫੜਨਾ ਪੁਲਿਸ ਨੇ ਹੁੰਦਾ ਹੈ ਕਿ ਲੋਕਾਂ ਨੇ ਹੁੰਦਾ ਹੈ?

ਸਰਦਾਰ ਸੁਖਜਿੰਦਰ ਸਿੰਘ : ਪੁਲਿਸ ਵੀ ਤੁਹਾਡੀ ਹੈ (ਵਿਘਨ)(ਸ਼ੋਰ)

ਸ਼੍ਰੀ ਸਭਾਪਤੀ : ਮੈਂਬਰ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਸੁਖਜਿੰਦਰ ਸਿੰਘ : ਇਹ ਪੰਜਾਬ ਪੁਲਿਸ ਦੀ ਅਣਗਹਿਲੀ ਹੈ।

ਸਿੱਖਿਆ ਮੰਤਰੀ (ਬੈਠੇ ਬੈਠੇ) : ਤੁਸੀਂ ਤਾਂ ਉਸ ਨੂੰ ਅਹੁਦੇ ਦਿੱਤੇ ਹੋਏ ਸੀ... (ਵਿਘਨ)(ਸ਼ੋਰ)

ਬੀਬੀ ਜਗੀਰ ਕੌਰ : ਚੇਅਰਮੈਨ ਸਾਹਿਬ, ਇਨ੍ਹਾਂ ਦੀ ਤਾਂ ਹਰ ਗੱਲ ਨੂੰ ਸਿਆਸੀ ਸਾਜ਼ਿਸ਼ ਕਹਿਣ ਦੀ ਆਦਤ ਹੈ। ਇਨ੍ਹਾਂ ਨੂੰ ਸਚਾਈ ਦਾ ਪਤਾ ਹੈ, ਜੇ ਮੈਂ ਕੋਈ ਗਲਤ ਗੱਲ ਕੀਤੀ ਹੈ ਤਾਂ ਦੱਸੋ? (ਵਿਘਨ..ਸ਼ੋਰ)

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

ਸ਼੍ਰੀ ਸਭਾਪਤੀ : ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, **

**Expunged as ordered by the Chair.

ਸ਼੍ਰੀ ਸਭਾਪਤੀ : ਨੋ ਪੁਆਇੰਟ ਆਫ ਆਰਡਰ।

ਬੀਬੀ ਜਗੀਰ ਕੌਰ : ਚੇਅਰਮੈਨ ਸਾਹਿਬ, ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਸ ਬਾਰੇ ਮੈਂ ਸਦਨ ਵਿਚ ਹਰ ਵੇਲੇ ਜਵਾਬ ਦੇਣ ਲਈ ਤਿਆਰ ਹਾਂ ਪਰ ਮੇਰਾ ਕੇਸ ਕੋਰਟ ਵਿਚ ਚੱਲ ਰਿਹਾ ਹੈ। ਇਸ ਕਰਕੇ ਮੈਂ ਇਸ ਸਬੰਧ ਵਿਚ ਕੁਝ ਨਹੀਂ ਕਹਿਣਾ ਚਾਹੁੰਦੀ। ਮੈਂ ਨਸ਼ਿਆਂ ਦੇ ਖਿਲਾਫ ਗੱਲ ਕਰ ਰਹੀ ਸੀ। ਸਾਡੇ ਸੈਂਕੜੇ ਪਲੇਅਰ ਉਸ ਪਿੰਡ ਵਿਚੋਂ ਪੈਦਾ ਹੋਏ ਹਨ ਔਰ ਉਸ ਪਿੰਡ ਵਿੱਚ ** ਨਾਂ ਦਾ ਪਲੇਅਰ ਹੈ ਉਹ ਇੰਟਰਨੈਸ਼ਨਲ ਪਲੇਅਰ ਹੈ। ਇਹ ਵੀ ਜਾਣਦੇ ਹਨ। ਉਸ ਨੂੰ ਇੰਨੀ ਜ਼ਿਆਦਾ ਨਸ਼ੇ ਦੀ ਆਦਤ ਲਗਾ ਦਿੱਤੀ ਕਿ ਇਕੋ ਪਲੇਅਰ ਨੇ ਉਸ ਬੰਦੇ ਕੋਲੋਂ 1 ਕਰੋੜ ਰੁਪਏ ਤੋਂ ਵੱਧ ਦੀ ਹੈਰੋਇਨ ਲਈ ਹੈ। ਮੇਰੇ ਭਰਾ ਚੀਮਾ ਸਾਹਿਬ ਇਥੇ ਬੈਠੇ ਹਨ, ਰਾਣਾ ਜੀ ਇਥੇ ਬੈਠੇ ਨਹੀਂ, ਉਨਾਂ ਨੂੰ ਵੀ ਸਭ ਪਤਾ ਹੈ ਕਿ ਉਥੇ ਕੀ ਹੋ ਰਿਹਾ ਹੈ। ਤੁਸੀਂ ਇਹੋ ਜਿਹੀਆਂ ਗੱਲਾਂ ਕਰਦੇ ਹੋ, ਇਸੇ ਕਰਕੇ ਮੈਂ ਆਪਣੀ ਜ਼ਬਾਨ 15 ਸਾਲ ਬੰਦ ਰੱਖੀ ਹੈ। ਇਸ ਕਰਕੇ ਮੈਂ ਨਹੀਂ ਬੋਲੀ, ਕਿਉਂਕਿ ਇਹ ਲੋਕ ਹਮੇਸ਼ਾ ਹੀ ਉਸ ਪਾਸੇ ਨੂੰ ਤੁਰ ਪੈਂਦੇ ਹਨ। ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਕਿਸੇ ਬੰਦੇ ਤੇ ਸਿਆਸੀ ਦੋਸ਼ ਲੱਗ ਜਾਣ ਤਾਂ ਉਹ ਗਲਤ ਹੈ। ਸਿਆਸਤ ਵਿਚ ਸਾਨੂੰ ਬਹੁਤ ਲੋਕਾਂ ਨਾਲ ਮਿਲਣਾ ਪੈਂਦਾ ਹੈ। ਸਿਆਸਤ ਵਿੱਚ ਸਾਡੇ ਬਹੁਤ ਸਾਰੇ ਸਾਥੀ ਹੁੰਦੇ ਹਨ।(ਵਿਘਨ) ਤੁਸੀਂ ਕਿਉਂ ਬੋਲੀ ਜਾਂਦੇ ਹੋ। ਮੈਂ ਜਵਾਬ ਦੇ ਰਹੀ ਹਾਂ। ਚੇਅਰਮੈਨ ਸਾਹਿਬ, ਉਸ ਪਿੰਡ ਵਿੱਚ ਸੈਂਕੜੇ ਕਬੱਡੀ ਦੇ ਪਲੇਅਰ ਹੋਏ, ਅੱਜ ਸਾਰੇ ਹੀ ਪਲੇਅਰ ਜਿਹੜੇ ਹਨ ਉਹ ਖਤਮ ਹੋ ਚੁੱਕੇ ਹਨ, ਇਸ ਦਾ ਕਾਰਨ ਇਹੋ ਹੈ ਕਿ ਇੱਕੋ ਜਿਹੜਾ ਵੱਡਾ ਤਸਕਰ ਸੀ, ਉਹ ਰਿਕਾਰਡ ਵਿੱਚ ਵੀ ਆ ਗਿਆ, ਉਸ ਦੀ ਸਾਂਝ ਕਿਸ ਦੇ ਨਾਲ ਹੈ, ਉਸ ਨੇ ਕਿੰਨਾ ਪੈਸਾ ਕਮਾਇਆ ਹੈ ਔਰ ਉਹ ਕਿਥੇ ਕਿਥੇ ਗਿਆ ਹੈ, ਲਓ, ਇਸ ਬਾਰੇ ਮੈਂ ਸਬੂਤ ਦਿੰਦੀ ਹਾਂ। ਤੁਹਾਨੂੰ ਜਿਹੜਾ ਦੁੱਖ ਲੱਗ ਰਿਹਾ ਹੈ ਤਾਂ ਇਸ ਦਾ ਮੈਂ ਸਬੂਤ ਦੇ ਦਿੰਦੀ ਹਾਂ। ਤੁਹਾਡਾ ਜਿਹੜਾ ਇਹ ਸਾਬਕਾ ਐਮ.ਐਲ.ਏ ਹੈ, ਉਸ ਨੇ ਜਦੋਂ 2007 ਵਿੱਚ ਚੋਣ ਲੜੀ, ਤਾਂ ਉਦੋਂ ਉਸ ਨੇ ਆਪਣੇ ਐਸੇਟਸ ਦੋ ਕਰੋੜ ਰੁਪਏ ਦੇ ਦਿੱਤੇ ਔਰ ਉਹ ਐਸੇਟਸ ਜਿਹੜੇ 2007 ਤੋਂ..(ਵਿਘਨ)

ਸਰਦਾਰ ਜਗਮੋਹਨ ਸਿੰਘ ਕੰਗ : ਮੇਰੀ ਬੀਬੀ ਜੀ ਨੂੰ ਬੇਨਤੀ ਹੈ ਕਿ ਇਹ ਹਾਊਸ ਦਾ ਸਮਾਂ ਕਿਉਂ ਬਰਬਾਦ ਕਰ ਰਹੇ ਹਨ।

ਬੀਬੀ ਜਗੀਰ ਕੌਰ : ਤੁਹਾਨੂੰ ਕੋਈ ਦਿੱਕਤ ਹੋ ਗਈ ਹੈ। ਤੁਸੀਂ ਪ੍ਰਸੰਸਾ

[ਬੀਬੀ ਜਗੀਰ ਕੌਰ]

ਕਰ ਦਿਓ ਕਿ ਉਨ੍ਹਾਂ ਨੇ ਸੁਹਣਾ ਕੰਮ ਕੀਤਾ ਹੈ।ਕਰ ਦਿਓ ਪ੍ਰਸੰਸਾ, ਕਰ ਦਿਓ..(ਵਿਘਨ)

ਸ਼੍ਰੀ ਸਭਾਪਤੀ : ਭੈਣ ਜੀ, ਜਿਹੜਾ ਕੋਈ ਹਾਊਸ ਦਾ ਮੈਂਬਰ ਨਹੀਂ ਹੈ ਉਸ ਦਾ ਨਾਂ ਨਹੀਂ ਲੈਣਾ।

ਬੀਬੀ ਜਗੀਰ ਕੌਰ : ਮੈਂ ਤਾਂ ਨਾਂ ਲਿਆ ਹੀ ਨਹੀਂ ਹੈ। ਇਹ ਤਾਂ ਅਖਬਾਰਾਂ ਵਿੱਚ ਆ ਗਿਆ। ਇਹ ਤਾਂ ਕੇਸ ਰਜਿਸਟਰ ਹੋ ਗਿਆ ਹੈ। ਇਹ ਤਾਂ ਕਿਹਾ ਜਾ ਸਕਦਾ ਹੈ। ਉਹ 2012 ਤੱਕ ਪੰਜ ਸਾਲ ਐਮ.ਐਲ.ਏ ਰਿਹਾ ਹੈ ਅਤੇ ਉਸ ਨੇ ਸਾਲ 2007 ਵਿੱਚ 2 ਕਰੋੜ ਦੇ ਐਸੇਟਸ ਦਿੱਤੇ ਅਤੇ 2012 ਵਿੱਚ ਪੰਜ ਸਾਲਾਂ ਵਿੱਚ ਉਸ ਦੇ 52 ਕਰੋੜ ਰੁਪਏ ਦਾ ਐਸੇਟਸ ਹੋ ਗਏ । ਮੈਂ ਵੀ ਉਥੋਂ ਦੀ ਰਹਿਣ ਵਾਲੀ ਹਾਂ। ਮੇਰੀ ਜ਼ਮੀਨ ਦੀ ਕੀਮਤ ਘੱਟ ਗਈ ਹੈ। ਬੇਗੋਵਾਲ ਦੀ ਜ਼ਮੀਨ ਦੀ ਕੀਮਤ, ਰਾਣਾ ਜੀ ਚਲੇ ਗਏ ਹਨ ਜਾਂ ਇਥੇ ਬੈਠੇ ਹਨ? ਚੀਮਾ ਸਾਹਿਬ ਨੂੰ ਵੀ ਪਤਾ ਹੈ ਕਿ ਬੇਗੋਵਾਲ ਦੀ ਜ਼ਮੀਨ ਦੀ ਕੀਮਤ ਕਪੂਰਥਲਾ ਵਿਚ ਸਭ ਤੋਂ ਜ਼ਿਆਦਾ ਮਹਿੰਗੀ ਹੈ ਤੇ ਰਾਮਗੜ੍ਹ ਦੀ ਜ਼ਮੀਨ ਦੀ ਕੀਮਤ 12 ਲੱਖ ਰੁਪਏ ਕਿੱਲਾ ਹੈ (ਵਿਘਨ) ਤੁਸੀਂ ਬੈਠ ਜਾਓ ਜੀ, (ਸਰਦਾਰ ਸੁਖਜਿੰਦਰ ਸਿੰਘ ਵੱਲ ਇਸ਼ਾਰਾ) ਤੁਸੀਂ ਕਿਉਂ ਐਂਵੇਂ ਮੈਨੂੰ ਡਿਸਟਰਬ ਕਰੀ ਜਾਂਦੇ ਹੋ, ਨਾਲੇ ਕਹਿੰਦੇ ਕਿ ਨਸ਼ਿਆਂ ਦੀ ਗੱਲ ਹੈ, ਇਸ ਦਾ ਮਤਲਬ ਤੁਸੀਂ ਗਲਤ ਰੌਲਾ ਪਾਉਂਦੇ ਹੋ? ਤੁਸੀਂ ਨਸ਼ਿਆਂ ਦੇ ਖਿਲਾਫ ਝੂਠੀਆਂ ਗੱਲਾਂ ਕਰਦੇ ਹੋ, ਤੁਹਾਡਾ ਚਿਹਰਾ ਜਿਹੜਾ ਹੈ ਉਹ ਸੱਚਮੁਚ ਹੀ ਸਮਗਲਰਾਂ ਨਾਲ ਰਲਿਆ ਹੋਇਆ ਹੈ, ਕਿਉਂ ਤੁਸੀਂ ਰੌਲਾ ਪਾਉਂਦੇ ਹੋ? (ਵਿਘਨ)

ਸਰਦਾਰ ਸੁਖਜਿੰਦਰ ਸਿੰਘ : ਬੀਬੀ ਜੀ, ਤੁਸੀਂ ਇਸੇ ਗੱਲ ਤੇ ਸਟੈਂਡ ਕਰਨਾ ਜਦੋਂ ਅਸੀਂ ਬੋਲਾਂਗੇ।

ਬੀਬੀ ਜਗੀਰ ਕੌਰ : ਮੈਂ ਕਰਦੀ ਹਾਂ ਜੀ। ਮੈਂ ਹਮੇਸ਼ਾ ਸਟੈਂਡ ਕਰਦੀ ਹਾਂ ਜੀ। ਮੈਂ ਹਮੇਸ਼ਾਂ ਹੀ ਨਸ਼ਿਆਂ ਦੇ ਖਿਲਾਫ ਹਾਂ ਪਰ ਸੱਚ ਦੇ ਅਧਾਰ ਤੇ, ਤੱਥਾਂ ਦੇ ਆਧਾਰ ਉਤੇ ਬੋਲਦੀ ਹਾਂ। (ਵਿਘਨ)

ਸ਼੍ਰੀ ਸਭਾਪਤੀ : ਮੈਂਬਰ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ, ਆਪਸ ਵਿੱਚ ਗੱਲ ਨਾ ਕਰੋ। Don't Interrupt, ਭੈਣ ਜੀ, ਤੁਸੀਂ ਵੀ ਚੇਅਰ ਨੂੰ ਐਡਰੈਸ ਕਰੋ।

ਬੀਬੀ ਜਗੀਰ ਕੌਰ : ਮੈਂ ਤਾਂ ਹਮੇਸ਼ਾ ਸਟੇਜਾਂ ਤੇ ਨਸ਼ਿਆਂ ਦੇ ਖਿਲਾਫ ਬੋਲਦੀ ਹਾਂ, ਕੀ ਤੁਸੀਂ ਸੁਣਨ ਜਾਂਦੇ ਹੋ?

ਸ਼੍ਰੀ ਸਭਾਪਤੀ : ਭੈਣ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰਨਾ ਹੈ ਨਾ ਕਿ ਕਿਸੇ ਮੈਂਬਰ ਸਾਹਿਬਾਨ ਨੂੰ ਐਡਰੈਸ ਕਰਨਾ ਹੈ।

ਬੀਬੀ ਜਗੀਰ ਕੌਰ : ਚੇਅਰਮੈਨ ਸਾਹਿਬ, ਉਸ ਦੇ ਪੰਜ ਸਾਲ ਵਿਚ 52 ਕਰੋੜ ਰੁਪਏ ਦੇ ਐਸੇਟਸ ਹੋ ਗਏ ਹਨ। ਹੁਣ ਤੁਸੀਂ ਸਾਰੇ ਸਤਿਕਾਰਯੋਗ ਬੈਠੇ ਹੋ, ਮੈਨੂੰ ਦੱਸੋ, ਸਾਰਾ ਹਾਊਸ ਬੈਠਾ ਹੈ, ਉਨ੍ਹਾਂ ਦੀ 2082% ਜਾਇਦਾਦ ਵਧੀ ਹੈ। ਇਹ ਬੜੇ ਦੁੱਖ ਦੀ ਗੱਲ ਹੈ। ਸਾਡੀ ਤਾਂ ਘਰ ਦੀ ਆਮਦਨ ਨਹੀਂ ਵਧੀ, ਨਾ ਜਾਇਦਾਦ ਵਧੀ, ਉਸ ਨੇ ਆਪ ਲਿਖਿਆ ਹੈ, ਇਹ ਮੈਂ ਨਹੀਂ ਲਿਖੀ । ਇਸ ਸਬੰਧੀ ਐਫੀਡੇਵਿਟ ਤੁਹਾਡੇ ਕੋਲ ਆ ਜਾਏਗਾ ਕਿ 2 ਕਰੋੜ ਰੁਪਏ ਤੋਂ 52 ਕਰੋੜ ਰੁਪਏ ਦੇ ਐਸੇਟਸ ਹੋ ਗਏ। ਇਹ ਰਾਣਾ ਜੀ, ਮੈਂ ਤੁਹਾਨੂੰ ਕਹਿਣਾ ਚਾਹੁੰਦੀ ਹਾਂ ਤੁਸੀਂ ਮੇਰੇ ਸਾਥੀ ਹੋ, ਤੁਹਾਨੂੰ ਤਾਂ ਮੈਂ ਕਹਿ ਸਕਦੀ ਹਾਂ, ਤੁਸੀਂ ਤਾਂ ਮੇਰੇ ਨਾਲ ਦੇ ਸਾਥੀ ਹੋ। ਚੀਮਾ ਸਾਹਿਬ ਵੀ ਮੇਰੇ ਸਾਥੀ ਹਨ, ਸਿੱਕੀ ਸਾਹਿਬ ਵੀ ਮੇਰੀ ਸਾਥੀ ਹਨ। ਸਾਰੇ ਹੀ ਮੇਰੇ ਸਾਥੀ ਹਨ।

*4.28 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜ਼ਿਲ੍ਹਾ ਕਪੂਰਥਲਾ ਵਿੱਚ, ਇਸ ਨੇ ਇੱਕ ਵਾਰ ਬਿਆਨ ਦਿੱਤਾ ਕਿ ਉਸ ਨੇ ਡਿਸਟਿਲਰੀ ਲਾਈ ਹੈ, ਉਥੇ ਐਕਸਾਈਜ਼ ਦਾ ਕੰਮ ਹੈ, ਉਥੇ ਲੋਕੀ ਸ਼ਰਾਬ ਵੀ ਪੀਂਦੇ ਹਨ, ਸ਼ਰਾਬ ਵੇਚਦੇ ਵੀ ਹਨ, ਸ਼ਰਾਬ ਦਾ ਕਾਰੋਬਾਰ ਹੈ। ਉਹ ਸਰਕਾਰ ਤੋਂ ਪ੍ਰਵਾਨਿਤ ਹੈ, ਉਥੇ ਇੰਡਸਟਰੀਆਂ ਲੱਗੀਆਂ ਹਨ। ਉਨ੍ਹਾਂ ਨੇ ਇੱਕ ਬਿਆਨ ਦਿੱਤਾ ਹੈ ਕਿ ਰਾਣਾ ਸਾਹਿਬ ਡਿਸਟਿਲਰੀ ਬੰਦ ਕਰ ਦੇਣ, ਨਸ਼ਿਆਂ ਦੀ ਜਿਹੜੀ ਫੈਕਟਰੀ ਹੈ, ਉਹ ਬੰਦ ਕਰ ਦੇਣ। ਇਨ੍ਹਾਂ ਨੇ ਅੱਗੋਂ ਕਿਹਾ ਸੀ ਕਿ ਮੈਂ ਬੰਦ ਕਰ ਦੇਵਾਂਗਾ, ਤੁਸੀਂ ਪੀਣੀ ਛੱਡ ਦਿਓ। ਤੁਸੀਂ ਨਸ਼ੇ ਖਾਣੇ ਛੱਡ ਦਿਓ ਤਾਂ ਮੈਂ ਬੰਦ ਕਰ ਦਿਆਂਗਾ। ਇਹ ਰਾਣਾ ਸਾਹਿਬ ਦਾ ਬਿਆਨ ਸੀ। ਰਾਣਾ ਸਾਹਿਬ, ਉਹ ਅੱਜ ਤੱਕ ਖਾਂਦਾ ਵੀ ਹੈ, ਪੀਂਦਾ ਵੀ ਹੈ, ਵੇਚਦਾ ਵੀ ਹੈ, ਸਮਗਲਰ ਵੀ ਹੈ ਤੇ ਲੋਕਾਂ ਨੂੰ ਸਰਪ੍ਰਸਤੀ ਵੀ ਦਿੰਦਾ ਹੈ ਤਾਂ ਅੱਜ ਕਿਉਂ ਨਹੀਂ ਬੋਲਦੇ? ਹੁਣ ਵੀ ਬੋਲੋ ਕਿ ਤੁਹਾਡੇ ਇਲਾਕੇ ਵਿੱਚ ਕੀ ਹੋ ਰਿਹਾ ਹੈ। ਹੁਣ ਵੀ ਬੋਲੋ ਕਿ ਪੰਜਾਬ ਤਬਾਹ ਕਰ ਦਿੱਤਾ ਹੈ। ਮੈਂ ਸ਼ਰ੍ਹੇਆਮ ਇਸ ਹਾਊਸ ਵਿੱਚ ਇਹ

[ਬੀਬੀ ਜਗੀਰ ਕੌਰ]

ਕਹਿਣਾ ਚਾਹੁੰਦੀ ਹਾਂ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਬੈਂਸ ਜੀ ਬੈਠ ਜਾਓ, please sit down. ਬੀਬੀ ਜੀ, ਇੱਕ ਮਿੰਟ ਬੈਠ ਜਾਓ। (ਵਿਘਨ) ਮੈਂ ਸੁਣਿਆ ਨਹੀਂ ਕਿ ਬੀਬੀ ਜੀ ਨੇ ਨਾਂ ਲਿਆ ਹੈ ਕਿ ਨਹੀਂ ਲਿਆ ਹੈ।

ਬੀਬੀ ਜਗੀਰ ਕੌਰ : ਨਹੀਂ ਲਿਆ ਜੀ। (ਵਿਘਨ)

(ਆਵਾਜ਼ਾਂ : ਲਿਆ ਹੈ ਜੀ)

ਮਾਨਯੋਗ ਸਪੀਕਰ : ਕਿਉਂਕਿ ਬੀਬੀ ਜੀ ਮੇਰੇ ਆਉਣ ਤੋਂ ਪਹਿਲਾਂ ਬੋਲ ਰਹੇ ਸਨ, ਜੇਕਰ ਉਨ੍ਹਾਂ ਨੇ ਨਾਂ ਲਿਆ ਹੈ ਤਾਂ ਉਹ ਐਕਸਪੰਜ ਕਰ ਦਿੱਤਾ ਜਾਵੇ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਨਾਂ ਨਹੀਂ ਲਿਆ। ਇਹ ਸਵਾਦ ਲੈਣਾ ਚਾਹੁੰਦੇ ਸੀ। ਇਹ ਕਹਿੰਦੇ ਕਿ ਕਿਹੜਾ ਸਾਡਾ ਮੁੱਖ ਬੁਲਾਰਾ। ਮੈਂ ਨਾਂ ਨਹੀਂ ਲਿਆ। ਇਨ੍ਹਾਂ ਨੇ ਮੇਰੇ ਤੋਂ ਕਹਾਇਆ ਹੈ। (ਹਾਸਾ) ਮੈਨੂੰ ਭੁਲੇਖਾ ਲੱਗ ਗਿਆ।

ANNOUNCEMENT BY THE SPEAKER

ਮਾਨਯੋਗ ਸਪੀਕਰ : ਬੀਬੀ ਜੀ, ਇੱਕ ਮਿੰਟ ਜ਼ਰਾ ਬੈਠ ਜਾਉ। (ਵਿਘਨ) ਮੈਂ ਕੋਈ ਖਾਸ ਗੱਲ ਕਰਨੀ ਹੈ। ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅੱਜ ਸਾਡੀ ਗਵਰਨਰ ਗੈਲਰੀ ਵਿੱਚ ਹਰਿਆਣਾ ਦੇ ਸ਼੍ਰੀ ਅਭੈ ਚੌਟਾਲਾ ਜੀ, ਹਰਿਆਣਾ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ, ਸ਼੍ਰੀ ਜੈ ਪ੍ਰਕਾਸ਼, ਸ਼੍ਰੀ ਹਰਵਿੰਦਰ ਕਲਿਆਣ ਜੀ, ਸ਼੍ਰੀ ਰਵਿੰਦਰ ਮਸ਼ਰੌਲੀ ਜੀ, ਸ਼੍ਰੀ ਮਹੀਪਾਲ ਢਾਂਡਾ ਜੀ, ਸ਼੍ਰੀ ਜਸਵੀਰ ਦੇਸਵਾਲ, ਐਮ.ਐਲ.ਏ. ਅਤੇ ਸ਼੍ਰੀ ਭਾਗੀ ਰਾਜ, ਐਕਸ ਐਮ.ਐਲ.ਏ. ਅਤੇ ਡਾਕਟਰ ਕਾਸ਼ੀ ਬਾਂਗੜ ਜੀ, ਐਕਸ ਵਾਈਸ ਚਾਂਸਲਰ, ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ, ਇਹ ਸਾਰੇ ਆਏ ਹਨ (ਥੰਪਿੰਗ)। ਮੈਨੂੰ ਖੁਸ਼ੀ ਹੈ ਕਿ ਇਹ ਸਾਰੇ ਸਾਡੀ ਵਿਧਾਨ ਸਭਾ ਦੀ ਕਾਰਵਾਈ ਦੇਖਣ ਲਈ ਆਏ ਹਨ। ਮੈਂ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਜੀ ਆਇਆਂ ਆਖਦਾ ਹਾਂ। ਹਾਂ ਜੀ, ਬੀਬੀ ਜੀ।

MOTION OF THANKS AND DISCUSSION ON GOVERNOR'S ADDRESS *(Resumption)*

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਹ ਤਾਂ ਚਾਹੁੰਦੇ ਸੀ ਕਿ ਅਸੀਂ ਵੀ ਥੋੜ੍ਹਾ ਜਿਹਾ ਨਜ਼ਾਰਾ ਦੇਖ ਲਈਏ। ਇਨ੍ਹਾਂ ਨੂੰ ਪਤਾ ਸਭ ਕੁਝ ਹੈ। ਇਹ ਚਾਹੁੰਦੇ ਸੀ ਕਿ ਮੈਂ ਉਸ ਦਾ ਨਾਂ ਲਵਾਂ। ਇਨ੍ਹਾਂ ਨੇ ਕਿਹਾ ਇਸ ਲਈ ਮੈਂ ਨਾਂ ਲੈ ਲਿਆ, ਨਹੀਂ ਤਾਂ ਮੈਂ ਨਾਂ ਨਹੀਂ ਲੈਣਾ ਚਾਹੁੰਦੀ ਸੀ। ਮੈਂ ਤਾਂ ਉਸ ਦਾ ਨਾਂ ਲੈਣਾ ਪਸੰਦ ਹੀ ਨਹੀਂ ਕਰਦੀ, ਮੈਂ ਕਦੇ ਉਸ ਦਾ ਨਾਂ ਹੀ ਨਹੀਂ ਲਿਆ। ਮੈਂ ਬਾਹਰ ਭਾਸ਼ਣ ਦਿੰਦੀ ਹਾਂ ਉਸ ਵਿੱਚ ਵੀ ਨਾਂ ਨਹੀਂ ਲੈਂਦੀ। ਇਹ ਸਭ ਲੋਕਾਂ ਨੂੰ ਪਤਾ ਹੈ। ਮਾੜੇ ਬੰਦੇ ਦਾ ਨਾਂ ਜੀਭ ਤੇ ਲਿਆਉਣਾ ਹੀ ਮਾੜਾ ਹੁੰਦਾ ਹੈ। ਇਸ ਕਰਕੇ ਮੈਂ ਤਾਂ ਕਦੇ ਨਾਂ ਹੀ ਨਹੀਂ ਲਿਆ। ਮੈਂ ਸਮਝਦੀ ਹਾਂ ਕਿ ਉਸ ਦਾ ਨਾਂ ਲੈਣਾ ਹੀ ਮੇਰੇ ਵਾਸਤੇ ਬੜੀ ਮਾੜੀ ਗੱਲ ਹੈ। ਮੈਂ ਇਨ੍ਹਾਂ ਦੇ ਕਹਿਣ ਤੇ ਕਹਿ ਦਿੱਤਾ, ਬਾਕੀ ਇਨ੍ਹਾਂ ਦੀ ਮਰਜ਼ੀ ਹੈ ਕਿ ਲਿਖਵਾਉਣਾ ਹੈ ਤਾਂ ਲਿਖਵਾ ਲੈਣ, ਨਹੀਂ ਤਾਂ ਕਟਵਾ ਲੈਣ। ਮੈਂ ਸਬੂਤ ਦਿਖਾ ਰਹੀ ਹਾਂ ਕਿ ਸਾਡੇ ਇਲਾਕੇ ਵਿੱਚ ਕੀ ਹੋ ਰਿਹਾ ਹੈ, ਸਾਡੇ ਪੰਜਾਬ ਵਿੱਚ ਕੀ ਹੋ ਰਿਹਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇੰਨੇ ਵੱਡੇ ਯਤਨ ਕੀਤੇ ਕਿ ਪੀ.ਜੀ.ਆਈ. ਦੇ ਮਾਹਿਰਾਂ ਤੋਂ ਤਜਵੀਜ਼ ਲਈ ਅਤੇ ਢਾਂਚਾ ਤਿਆਰ ਕੀਤਾ ਗਿਆ। ਦੋ ਸਾਲਾਂ ਵਿੱਚ ਹੀ 27 ਕਾਰਜਸ਼ੀਲ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ। (ਥੰਪਿੰਗ) ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵੱਲੋਂ ਪੰਜ ਮਾਡਲ ਨਸ਼ਾ ਛੁਡਾਊ ਕੇਂਦਰ ਸਥਾਪਿਤ ਕੀਤੇ ਗਏ। ਇਹ ਜਲੰਧਰ, ਪਟਿਆਲਾ, ਬਠਿੰਡਾ ਅਤੇ ਬਾਕੀ ਥਾਵਾਂ ਤੇ ਹਨ।

(ਇੱਕ ਆਵਾਜ਼ : ਅੰਮ੍ਰਿਤਸਰ ਅਤੇ ਗੁਰਦਾਸਪੁਰ ਛੱਡ ਹੀ ਦਿੱਤਾ ਜਿੱਥੇ ਸਭ ਤੋਂ ਵੱਧ ਨਸ਼ਾ ਹੈ।)

ਬੀਬੀ ਜਗੀਰ ਕੌਰ : ਉਥੇ ਅਸੀਂ ਅੰਮ੍ਰਿਤ ਛਕਾਉਂਦੇ ਹਾਂ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰੰਧਾਵਾ ਜੀ, ਡਿਸਟ੍ਰਬ ਨਾ ਕਰੋ ਅਤੇ ਚੇਅਰ ਵੱਲ ਪਿੱਠ ਕਰ ਕੇ ਨਾ ਬੈਠੋ। ਜਦੋਂ ਵੀ ਕਿਸੇ ਨੇ ਬੋਲਣਾ ਹੈ ਤਾਂ ਮੈਨੂੰ ਪੁੱਛ ਲਉ। ਬੈਂਸ ਸਾਹਿਬ, ਤੁਸੀਂ ਵੀ ਉਠ ਕੇ ਮਨਜ਼ੂਰੀ ਲੈ ਕੇ ਬੋਲੋ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਦੀ ਨਿਗਰਾਨੀ ਹੇਠ ਪੰਜਾਬ ਰਾਜ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਬੋਰਡ ਦਾ ਗਠਨ

[ਬੀਬੀ ਜਗੀਰ ਕੌਰ]

ਕੀਤਾ ਗਿਆ ਹੈ ਤਾਂ ਜੋ ਜਿਹੜੇ ਵਿਅਕਤੀ ਨਸ਼ਿਆਂ ਵਿੱਚ ਫਸੇ ਹਨ ਉਨ੍ਹਾਂ ਦਾ ਨਸ਼ਾ ਛੁਡਾਇਆ ਜਾਵੇ ਅਤੇ ਨਸ਼ਾ ਛੁਡਾਉਣ ਤੋਂ ਬਾਅਦ ਉਨ੍ਹਾਂ ਨੂੰ ਵਿਹਲੇ ਨਾ ਛੱਡਿਆ ਜਾਵੇ ਕਿਉਂਕਿ ਜੇ ਉਹ ਘਰਾਂ ਵਿੱਚ ਜਾਣਗੇ ਤਾਂ ਫਿਰ ਨਸ਼ੇ ਕਰਨਗੇ। ਇਸ ਵਾਸਤੇ ਉਨ੍ਹਾਂ ਨੂੰ ਕੋਈ ਨਾ ਕੋਈ ਟਰੇਨਿੰਗ ਦਿੱਤੀ ਜਾਂਦੀ ਹੈ ਤਾਂ ਕਿ ਉਹ ਜਾ ਕੇ ਕੰਮ ਤੇ ਲੱਗਣ ਤੇ ਉਨ੍ਹਾਂ ਦਾ ਮੁੜ ਵਸੇਬਾ ਹੋ ਸਕੇ ਅਤੇ ਉਹ ਆਪਣੀ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਣ। ਮੈਂ ਸਮਝਦੀ ਹਾਂ ਕਿ ਜਿਹੜਾ ਇਨ੍ਹਾਂ ਨੇ ਸ਼ਲਾਘਾਯੋਗ ਕਦਮ ਉਠਾਇਆ ਹੈ, ਉਸ ਦੀ ਗਵਰਨਰ ਸਾਹਿਬ ਨੇ ਸ਼ਲਾਘਾ ਕੀਤੀ ਹੈ । ਇਸ ਦੇ ਨਾਲ ਹੀ ਜਿਹੜੀਆਂ ਜ਼ਿਲ੍ਹਾ ਲੈਵਲ ਉਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀਆਂ ਸਥਾਪਤ ਕੀਤੀਆਂ ਹਨ, ਉਹ ਵੀ ਬੜੀ ਸ਼ਲਾਘਾਯੋਗ ਗੱਲ ਹੈ। ਇਹ ਮੁਹਿੰਮ ਮੁੱਖ ਮੰਤਰੀ ਜੀ ਵੱਲੋਂ ਮਿਤੀ 19.6.2014 ਨੂੰ ਸ਼ੁਰੂ ਕੀਤੀ ਸੀ ਅਤੇ ਮਿਤੀ 28.6.2014 ਤੱਕ ਦੇ ਸਮੇਂ ਦੌਰਾਨ ਤੁਸੀਂ ਵੇਖੋ ਕਿ ਪੰਜਾਬ ਦੇ ਹਾਲਾਤ ਕੀ ਸਨ ਅਤੇ ਪੰਜਾਬ ਨੂੰ ਕਿਨ੍ਹਾਂ ਲੋਕਾਂ ਵੱਲੋਂ ਲੁੱਟਿਆ ਜਾ ਰਿਹਾ ਸੀ। ਹਾਲਾਤ ਕੀ ਬਣੇ ਸਨ ਅਤੇ ਕਿਨ੍ਹਾਂ ਲੋਕਾਂ ਨੇ ਤਬਾਹ ਕੀਤਾ ਸੀ। ਸਪੀਕਰ ਸਾਹਿਬ, 3,30,553 ਲੋਕ ਓ.ਪੀ.ਡੀ. ਵਿਚ ਆਏ, ਉਨ੍ਹਾਂ ਦਾ ਇਲਾਜ ਕੀਤਾ। 11,656 ਲੋਕਾਂ ਨੂੰ ਦਾਖਲ ਕੀਤਾ ਗਿਆ ਤੇ ਉਨ੍ਹਾਂ ਦਾ ਇਲਾਜ ਕੀਤਾ ਗਿਆ। 8 ਮਾਡਲ ਕੇਂਦਰੀ ਜੇਲ੍ਹਾਂ ਵਿਚ ਨਸ਼ਾ ਛੁਡਾਉ ਕੇਂਦਰ ਸਥਾਪਤ ਕੀਤੇ। ਇਸ ਸਾਰੇ ਵਾਸਤੇ ਗਵਰਨਰ ਸਾਹਿਬ ਨੇ ਸ਼ਾਬਾਸ਼ ਦਿੱਤੀ ਹੈ। ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ। ਇਕ ਪਛੜਿਆ ਵਰਗ ਜਾਂ ਜਿਸ ਨੂੰ ਦਲਿਤ ਵਰਗ ਕਹਿੰਦੇ ਹਨ ਅਤੇ ਜਿਨ੍ਹਾਂ ਬਾਰੇ ਆਮ ਤੌਰ ਤੇ ਅਵਾਜ਼ ਉਠਦੀ ਰਹਿੰਦੀ ਹੈ, ਉਸ ਵਰਗ ਵਾਸਤੇ ਸਰਕਾਰ ਹਮੇਸ਼ਾ ਹੀ ਸੀਰੀਅਸ ਰਹਿੰਦੀ ਹੈ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਰਗ ਦੀ ਭਲਾਈ ਵਾਸਤੇ ਪੰਜਾਬ ਸਰਕਾਰ ਨੇ ਸਾਲ 2014-15 ਵਿੱਚ ਮੁੱਖ ਮੰਤਰੀ, ਪੰਜਾਬ ਵੱਲੋਂ 938.06 ਕਰੋੜ ਰੁਪਏ ਰਾਖਵੇਂ ਰੱਖੇ ਗਏ ਸਨ ਜਿਸ ਵਿਚੋਂ ਦਲਿਤਾਂ ਦੀ ਭਲਾਈ ਵਾਸਤੇ, ਸਿੱਖਿਆ ਵਾਸਤੇ, ਸਮਾਜਿਕ ਤੌਰ ਤੇ ਉੱਚਾ ਚੁੱਕਣ ਵਾਸਤੇ 638.60 ਕਰੋੜ ਰੁਪਏ ਖਰਚ ਕੀਤੇ ਗਏ। ਸਾਲ 2014-15 ਵਿੱਚ ਪਹਿਲੀ ਕਲਾਸ ਤੋਂ ਲੈ ਕੇ 10ਵੀਂ ਕਲਾਸ ਤੱਕ ਪੜ੍ਹਦੇ 15.43 ਲੱਖ ਵਿਦਿਆਰਥੀਆਂ ਨੂੰ 44.33 ਕਰੋੜ ਰੁਪਏ ਦੀਆਂ ਮੁਫਤ ਕਿਤਾਬਾਂ ਵੰਡੀਆਂ ਗਈਆਂ ਹਨ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਜਦੋਂ ਪੈਨਸ਼ਨਾਂ ਦੀ ਗੱਲ ਹੋਈ ਹੈ, ਰਾਹਤ ਦੀ ਗੱਲ ਹੋਈ ਹੈ, ਸ਼ਗਨ ਸਕੀਮ ਦੀ ਗੱਲ ਹੋਈ ਹੈ, ਗਰੀਬਾਂ ਨੂੰ ਸੇਵਾ ਦੇਣ ਦੀ ਗੱਲ

ਹੋਈ ਹੈ, ਮੁਫਤ ਵਿੱਦਿਆ ਦੇਣ ਦੀ ਗੱਲ ਹੋਈ ਹੈ, ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੇ ਹਿੱਸੇ ਆਈ ਹੈ। ਜੇਕਰ ਅਸੀਂ ਪੈਨਸ਼ਨਾਂ ਦੀ ਗੱਲ ਕਰ ਲਈਏ, ਬਜ਼ੁਰਗਾਂ, ਹੈਂਡੀਕੈਪਡ, ਵਿਧਵਾਵਾਂ ਅਤੇ ਯਤੀਮ ਬੱਚਿਆਂ ਵਾਸਤੇ ਸਾਲ 2014-15 ਵਿਚ 550.37 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਤਾਂ ਜੋ ਬਜ਼ੁਰਗਾਂ, ਯਤੀਮ ਬੱਚਿਆਂ ਨੂੰ ਜਿਹੜਾ ਸਹਾਰਾ ਦਿੱਤਾ ਹੋਇਆ ਹੈ, ਉਹ ਉਸ ਤੋਂ ਵਾਂਝੇ ਨਾ ਰਹਿ ਜਾਣ। ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੇ ਜਿਹੜੀ ਬੇਟੀ ਪੜ੍ਹਾਓ, ਬੇਟੀ ਬਚਾਓ ਦੀ ਸਕੀਮ ਚਲਾਈ ਹੈ, ਉਸ ਦੇ ਤਹਿਤ ਸਰਦਾਰ ਪਰਕਾਸ਼ ਸਿੰਘ ਬਾਦਲ ਵੱਲੋਂ ਜਿਹੜੇ ਸਕੂਲਾਂ ਵਿਚ 45% ਲੜਕੀਆਂ ਦੀ ਹਾਜ਼ਰੀ ਹੈ, ਉਥੇ ਲਿੰਗ ਭੇਦਭਾਵ ਖਤਮ ਕਰਨ ਲਈ, ਚੰਗੀ ਵਿਦਿਆ ਦੇਣ ਲਈ 21 ਹੋਸਟਲ ਅਤੇ ....

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, **

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਬੀਬੀ ਜਗੀਰ ਕੌਰ : ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪਹਿਲਾਂ ਪੰਜ ਸਾਲ ਚੱਲੀ ਹੈ, ਪੰਜ ਸਾਲ ਹੁਣ ਚਲ ਰਹੀ ਹੈ ਅਤੇ ਅੱਗੇ ਨੂੰ ਵੀ ਪੰਜ ਸਾਲ ਲਈ ਫਿਰ ਆਵੇਗੀ। ਤੁਹਾਨੂੰ ਤਾਂ ਘੋਟਾ ਲੱਗ ਜਾਣਾ ਹੈ। (ਵਿਘਨ) ਸਾਰੀਆਂ ਕਮੇਟੀਆਂ, ਸਾਰੀਆਂ ਕਾਰਪੋਰੇਸ਼ਨਾਂ ਕਿਹੜੀਆਂ ਹਨ ਜਿਹੜੀਆਂ ਅਸੀਂ ਨਹੀਂ ਜਿੱਤੀਆਂ। ਐਵੇਂ ਹੀ ਗੱਲਾਂ ਨਾ ਕਰੋ। ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਜਦੋਂ (ਵਿਘਨ)(ਸ਼ੋਰ) ਜਿਵੇ ਨਿਹੰਗਾਂ ਦੇ ਭਾਂਡੇ ਮਾਂਜੇ ਜਾਂਦੇ ਹਨ, ਉਸ ਤਰ੍ਹਾਂ ਲੋਕਾਂ ਨੇ ਤੁਹਾਨੂੰ ਮਾਂਜਾ ਫੇਰਿਆ ਹੈ। ਪੰਜਾਬ ਨੇ ਫਤਵਾ ਦੇ ਦਿੱਤਾ ਕਿ ਪੰਜਾਬ ਸਰਕਾਰ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਹੈ, ਉਹ ਬਹੁਤ ਵਧੀਆ ਵਿਕਾਸ ਕਰ ਰਹੀ ਹੈ। ਇਸ ਕਰਕੇ ਵਿਕਾਸ ਨੂੰ ਵੋਟਾਂ ਪਈਆਂ ਹਨ, ਐਂਵੇਂ ਹੀ ਗਲਤ ਕਹਿਣ ਦਾ ਕੀ ਫਾਇਦਾ ਹੈ? ਚੀਮਾ ਜੀ, (ਸਰਦਾਰ ਨਵਤੇਜ ਸਿੰਘ ਚੀਮਾ ਵੱਲ ਇਸ਼ਾਰਾ) ਇਕ ਤੇਰਾ ਪ੍ਰਧਾਨ ਬਣ ਗਿਆ ਹੈ, ਉਹ ਵੀ ਲੋਕਾਂ ਨੂੰ ਲਾਲਚ ਦੇ ਕੇ ਬਣ ਗਿਆ ਹੈ, ਇਸ ਲਈ ਮੈਂ ਧੰਨਵਾਦ ਕਰਦੀ ਹਾਂ।

ਸਰਦਾਰ ਨਵਤੇਜ ਸਿੰਘ ਚੀਮਾ : **

Mr. Speaker : Nothing is going to be recorded. ਤੁਹਾਡਾ ਕੁਝ ਵੀ ਰਿਕਾਰਡ ਨਹੀਂ ਹੋ ਰਿਹਾ।

**Expunged/Not recorded as ordered by the Chair.

ਬੀਬੀ ਜਗੀਰ ਕੌਰ : ਗੱਲ ਇਹ ਹੈ ਕਿ ਪੂਰਾ ਪੰਜਾਬ ਦੇਖੋ ।

ਮਾਨਯੋਗ ਸਪੀਕਰ : ਬੀਬੀ ਜੀ, ਤੁਸੀਂ ਵੀ ਖਿਆਲ ਰੱਖੋ ।

ਬੀਬੀ ਜਗੀਰ ਕੌਰ : ਸਾਰੇ ਪੰਜਾਬ ਵਿੱਚ ਕਾਰਪੋਰੇਸ਼ਨਾਂ ਦੇ ਮੇਅਰ ਬਣੇ, ਨਗਰ ਪੰਚਾਇਤਾਂ ਬਣੀਆਂ, ਮਿਊਂਸਿਪਲ ਕਮੇਟੀਆਂ ਬਣੀਆਂ। ਹੁਣ ਤੁਸੀਂ ਬੋਲ ਨਹੀਂ ਸਕਦੇ, ਲੋਕਾਂ ਨੇ ਤੁਹਾਡੀ ਤੂਤੀ ਬੰਦ ਕਰ ਦਿੱਤੀ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਚੰਨੀ ਜੀ, ਤੁਹਾਡਾ ਰਿਕਾਰਡ ਨਹੀਂ ਹੋ ਰਿਹਾ । ਜਿਹੜਾ ਵੀ ਕੋਈ ਮੈਂਬਰ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਦਾ ਹੈ, ਉਹ ਰਿਕਾਰਡ ਨਹੀਂ ਕਰਨਾ । ਚੰਨੀ ਜੀ, ਤੁਸੀਂ ਬੈਠ ਜਾਓ ।ਹਾਂ ਜੀ,ਬੀਬੀ ਜੀ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਪਹਿਲੀ ਜਮਾਤ ਤੋਂ ਲੈ ਕੇ ਲੜਕੀਆਂ ਨੂੰ ਮੁਫਤ ਵਰਦੀਆਂ, ਨੌਵੀਂ ਅਤੇ ਦਸਵੀਂ ਜਮਾਤ ਦੀਆਂ ਬੱਚੀਆਂ ਨੂੰ ਸਵੈ-ਸੁਰੱਖਿਆ ਲਈ ਕਰਾਟੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਤੇ ਉਨ੍ਹਾਂ ਐਸ. ਸੀ. ਲੜਕੀਆਂ ਨੂੰ ਮੁਫਤ ਕਿਤਾਬਾਂ ਵੀ ਦਿੱਤੀਆਂ ਜਾ ਰਹੀਆਂ ਹਨ । ਸਪੀਕਰ ਸਾਹਿਬ, ਇੰਨਾ ਅੱਜ ਬੱਚੀਆਂ ਦਾ ਸਤਿਕਾਰ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਉਚਾ ਚੁੱਕਣ ਵਾਸਤੇ ਕੰਮ ਕੀਤੇ ਜਾ ਰਹੇ ਹਨ । ਬੇਬੇ ਨਾਨਕੀ ਬੇਟੀ ਲਾਡਲੀ ਸਕੀਮ ਲਾਗੂ ਕੀਤੀ ਗਈ ਹੈ ਜਿਸ ਨਾਲ ਭਰੂਣ ਹੱਤਿਆ ਤੇ ਕਾਬੂ ਪਾਇਆ ਗਿਆ ਹੈ ਅਤੇ ਇਸ ਵਾਸਤੇ ਪੰਜ ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ।

ਸਪੀਕਰ ਸਾਹਿਬ, ਸਾਡਾ ਜੀਵਨ ਸੁਖਾਲਾ ਤਾਂ ਹੋ ਸਕਦਾ ਹੈ ਕਿ ਜੇਕਰ ਸਾਡੀਆਂ ਸੜਕਾਂ ਬਹੁਤ ਵਧੀਆ ਅਤੇ ਚੌੜੀਆਂ ਹੋਣ। ਅੱਜਕੱਲ੍ਹ ਬਹੁਤ ਐਕਸੀਡੈਂਟ ਹੋ ਰਹੇ ਹਨ ਤੇ ਇਹ ਘੱਟ ਹੋਣ, ਇਸ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ । 8632 ਕਿਲੋਮੀਟਰ ਸੜਕਾਂ ਨੂੰ ਰਿਪੇਅਰ ਕੀਤਾ ਗਿਆ ਹੈ ਅਤੇ ਇਨ੍ਹਾਂ ਤੇ 1500 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ । ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਹੁਣੇ ਹੀ ਇੱਕ ਘੰਟਾ ਪਹਿਲਾਂ ਜਿਹੜਾ ਬਿਆਨ ਦਿੱਤਾ ਹੈ ਕਿ ਪੰਜਾਬ ਦੀਆਂ ਲਿੰਕ ਰੋਡਜ਼ ਵਾਸਤੇ 1500 ਕਰੋੜ ਰੁਪਿਆ ਹੋਰ ਖਰਚਿਆ ਜਾ ਰਿਹਾ ਹੈ ਤਾਂ ਜੋ ਪੰਜਾਬ ਦੇ ਲੋਕਾਂ ਦਾ ਜੀਵਨ ਸੁਖਾਲਾ ਤੇ ਵਧੀਆ ਹੋ ਸਕੇ ਅਤੇ ਅਸੀਂ ਐਕਸੀਡੈਂਟਾਂ ਤੋਂ ਮੁਕਤੀ ਪਾ ਸਕੀਏ । ਚਾਰ ਮਾਰਗੀ, ਛੇ ਮਾਰਗੀ

ਸੜਕਾਂ ਬਣਾਉਣੀਆਂ, ਨਵੀਆਂ ਸੜਕਾਂ ਮਨਜ਼ੂਰ ਕਰਵਾਉਣੀਆਂ ਆਦਿ ਇਹ ਸਾਰੇ ਕੰਮ ਬੜੇ ਹੀ ਤਰਤੀਬ ਨਾਲ ਕੀਤੇ ਜਾ ਰਹੇ ਹਨ। ਇਸ ਲੰਬੇ ਭਾਸ਼ਣ ਵਿੱਚ ਬਹੁਤ ਕੁਝ ਕਿਹਾ ਗਿਆ ਹੈ ਪਰ ਮੈਂ ਸਮੇਂ ਦਾ ਖਿਆਲ ਰੱਖਦੀ ਹਾਂ । ਮੈਨੂੰ ਲੱਗਦਾ ਹੈ ਕਿ ਤੁਸੀਂ ਹੁਣ ਕਹਿਣ ਲੱਗ ਪੈਣਾ ਹੈ । ਸਪੀਕਰ ਸਾਹਿਬ, ਜੇ ਤੁਸੀਂ ਅਲਾਓ ਕਰੋਗੇ ਤਾਂ ਮੈਂ ਬੋਲੀ ਜਾਵਾਂਗੀ। ਕੋਈ ਗੱਲ ਨਹੀਂ ।

ਮਾਨਯੋਗ ਸਪੀਕਰ : ਬੀਬੀ ਜੀ, ਟਾਈਮ ਓਵਰ ਹੋ ਰਿਹਾ ਹੈ। ਤੁਹਾਡਾ ਟਾਈਮ ਖਤਮ ਹੋ ਰਿਹਾ ਹੈ। ਤੁਹਾਨੂੰ ਇੱਕ ਘੰਟਾ ਹੋ ਗਿਆ ਹੈ । ਹੋਰਨਾਂ ਨੇ ਵੀ ਬੋਲਣਾ ਹੈ ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਸਾਲ 2013-14 ਵਿੱਚ ਜੋ ਯੋਜਨਾਬੰਦੀ ਸੀ, ਪਲਾਨਿੰਗ ਸੀ, ਉਹ 16125 ਕਰੋੜ ਰੁਪਏ ਦੀ ਸੀ ਪਰ ਮੈਂ ਬਾਦਲ ਸਾਹਿਬ ਦੇ ਸਾਰੇ ਪ੍ਰਬੰਧਾਂ ਦੀ ਸ਼ਲਾਘਾ ਕਰਦੀ ਹਾਂ ਕਿ ਜਿਨ੍ਹਾਂ ਨੇ ਇਸ ਨੂੰ ਸਾਲ 2014-15 ਵਿੱਚ 20100 ਕਰੋੜ ਰੁਪਿਆ ਕੀਤਾ ਹੈ ਤੇ ਇਸ ਨਾਲ ਸਾਡਾ ਬਹੁਤ ਵੱਡਾ ਵਿਕਾਸ ਹੋਇਆ ਹੈ ।

ਸਪੀਕਰ ਸਾਹਿਬ, ਪਰਵਾਸੀ ਭਾਰਤੀ ਮਾਮਲਿਆਂ ਬਾਰੇ ਆਮ ਲੋਕਾਂ ਨੂੰ ਸ਼ਿਕਾਇਤਾਂ ਰਹਿੰਦੀਆਂ ਹਨ ਕਿ ਜਿਹੜੇ ਪਰਵਾਸੀ ਹਨ, ਕਿਸੇ ਦੇ ਭਰਾ ਨੇ, ਕਿਸੇ ਦੀ ਭੈਣ ਨੇ, ਕਿਸੇ ਦੇ ਮਾਂ-ਪਿਓ ਨੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜਾਂ ਤਾਂ ਨੱਪ ਲਿਆ ਹੁੰਦਾ ਹੈ ਜਾਂ ਜਾਅਲੀ ਵੇਚ ਲਿਆ ਹੁੰਦਾ ਹੈ ਜਾਂ ਫਿਰ ਜਾਅਲੀ ਵਸੀਅਤਾਂ ਬਣਾ ਲਈਆਂ ਹੁੰਦੀਆਂ ਹਨ । ਲੋਕਾਂ ਦੀਆਂ ਇਸ ਨਾਲ ਲੜਾਈਆਂ ਪੈ ਗਈਆਂ ਹਨ। ਆਂਢੀ ਗੁਆਂਢੀ ਉਨ੍ਹਾਂ ਦੇ ਘਰ ਦੱਬ ਲੈਂਦੇ ਹਨ, ਇਹ ਬੜੀਆਂ ਮੁਸ਼ਕਲਾਂ ਸਾਹਮਣੇ ਆ ਰਹੀਆਂ ਸਨ । ਕਈ ਹੋਰ ਅਦਾਲਤਾਂ ਬਣਾਉਣੀਆਂ, ਥਾਣੇ ਬਣਾਉਣੇ, ਇਹ ਪਿਛਲੇ ਸਮੇਂ ਤੋਂ ਕੀਤਾ ਜਾ ਰਿਹਾ ਸੀ ਪਰ ਬਾਦਲ ਸਾਹਿਬ ਨੇ ਮਹਿਸੂਸ ਕੀਤਾ ਹੈ ਕਿ ਜੇ ਅਸੀਂ ਫੰਕਸ਼ਨ ਕਰਦੇ ਸੀ ਤਾਂ ਬਾਹਰੋਂ ਲੋਕੀਂ ਆ ਕੇ ਬੋਲ ਤਾਂ ਜਾਂਦੇ ਸਨ, ਅਸੀਂ ਸੁਣ ਵੀ ਲੈਂਦੇ ਸੀ, ਅਸੀਂ ਹਦਾਇਤਾਂ ਵੀ ਕਰ ਦਿੰਦੇ ਸੀ ਕਿ ਇਹ ਕੰਮ ਕੀਤੇ ਜਾਣ ਪਰ ਹੁਣ ਸੀ. ਐਮ. ਸਾਹਿਬ ਨੇ ਨਵਾਂ ਤਰੀਕਾ ਅਪਣਾਇਆ ਹੈ ਕਿ ਮੈਂ ਹੁਣ ਇਨ੍ਹਾਂ ਦੇ ਘਰ ਘਰ ਜਾਵਾਂਗਾ । ਸੀ.ਐਮ. ਸਾਹਿਬ ਇੱਕ ਥਾਂ ਤੇ ਬੈਠੇ, ਜਲੰਧਰ ਵਿੱਚ, ਮੋਗੇ ਵਿੱਚ, ਲੁਧਿਆਣੇ ਵਿੱਚ ਐਨ.ਆਰ.ਆਈ. ਬੁਲਾਏ। ਇਕੱਲੇ ਇਕੱਲੇ ਦੀ ਗੱਲ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਆਪ ਕੋਲ ਹੋ ਕੇ ਸੁਣੀ । ਸਪੀਕਰ ਸਾਹਿਬ, ਮੈਂ ਕਹਿਣਾ

[ਬੀਬੀ ਜਗੀਰ ਕੌਰ]

ਚਾਹੁੰਦੀ ਹਾਂ, ਲੋਕੀਂ ਕਹਿੰਦੇ ਹਨ, ਚੰਗਾ ਹੋ ਗਿਆ ਹੈ, ਚਲਾ ਗਿਆ ਹੈ । ਤੁਹਾਡੇ ਗਲੋਂ ਲਹਿ ਗਿਆ ਹੈ । ਲੋਕ ਕਹਿੰਦੇ ਹਨ ਕਿ ਆਮ ਪਾਰਟੀ ਹੈ ਪਰ ਮੈਂ ਸੋਚਦੀ ਹਾਂ ਕਿ ਆਮ ਪਾਰਟੀ ਵਿੱਚ ਕੀ ਕਰੇਗਾ, ਉਹ ਵਿਚਾਰਾ। ਉਹ ਤਾਂ ਮੇਰੇ ਇਲਾਕੇ ਦਾ ਖਾਸ ਸੀ । ਮੇਰੇ ਇਲਾਕੇ ਦਾ ਖਾਸ ਸੀ, ਪਾਰਟੀ ਦਾ ਵੀ ਖਾਸ ਸੀ ਤੇ ਪੰਜਾਬ ਦਾ ਵੀ ਖਾਸ ਸੀ। ਉਹ ਉਥੇ ਜਾ ਕੀ ਕਰੇਗਾ? ਆਮ ਬੰਦੇ ਦਾ ਮਤਲਬ ਹੈ (ਵਿਘਨ) (ਸ਼ੋਰ)। ਉਸ ਦਾ ਰਹਿਣਾ ਹਾਈ ਫਾਈ। ਉਸ ਦੀਆਂ ਗੱਡੀਆਂ ਹਾਈ ਫਾਈ। ਉਸ ਦੀਆਂ ਕੋਠੀਆਂ ਹਾਈ ਫਾਈ। ਉਸ ਦੀ ਸੋਚ ਹਾਈ ਫਾਈ । ਉਹ ਤਾਂ ਆਮ ਹੋ ਹੀ ਨਹੀਂ ਸਕਦਾ। ਉਹ ਤਾਂ ਹਮੇਸ਼ਾ ਫੇਸ ਬੁੱਕ ਤੇ ਚਲਦਾ ਹੈ, ਇੰਟਰਨੈੱਟ ਤੇ ਚਲਦਾ ਹੈ ਪਰੰਤੂ ਸਾਡੇ ਵਰਗੇ ਗਰੀਬ ਰਸਤਿਆਂ ਤੇ ਤੁਰਨ ਵਾਲੇ ਅਤੇ ਅਸੀਂ ਲੋਕਾਂ ਵਿੱਚ ਤੁਰਨ ਵਾਲੇ ਹਾਂ । ਅਸੀਂ ਲੋਕਾਂ ਦੇ ਬੰਦੇ ਹਾਂ । (ਵਿਘਨ) (ਸ਼ੋਰ) ਬਿਲਕੁਲ ਜੀ, ਸ਼ੈਲਰਾਂ ਵਾਲਿਓ, ਤੁਸੀਂ ਬੈਠ ਜਾਓ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੰਗਤ ਸਿੰਘ ਗਿਲਜੀਆਂ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਸਰਦਾਰ ਸਾਹਿਬ, ਬੈਠ ਜਾਓ ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਹ ਮੇਰਾ ਟਾਈਮ ਖਾਣਾ ਚਾਹੁੰਦੇ ਹਨ ਪਰ ਮੈਂ ਦੋ ਮਿੰਟ ਗੱਲ ਕਰਨੀ ਹੈ ।

ਮਾਨਯੋਗ ਸਪੀਕਰ : ਤੁਹਾਡਾ ਰਿਕਾਰਡ ਨਹੀਂ ਹੋ ਰਿਹਾ ਹੈ । Nothing is coming on record. ਤੁਸੀਂ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਣਾ ਸ਼ੁਰੂ ਕੀਤਾ ਹੈ, ਨਹੀਂ । Please sit down.

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਉਨ੍ਹਾਂ ਦੇ ਵਿੱਚ ਬੈਠ ਕੇ ਸੁਣੀਆਂ । ਉਨ੍ਹਾਂ ਨੂੰ ਹੱਲ ਕਰਨ ਵਾਸਤੇ ਮੌਕੇ ਤੇ ਹਦਾਇਤਾਂ ਦਿੱਤੀਆਂ। (ਵਿਘਨ) (ਸ਼ੋਰ) ਮੈਂ ਤੁਹਾਨੂੰ ਗਰੀਬ ਨਹੀਂ ਕਿਹਾ, ਮੈਂ ਆਪਣੇ ਆਪ ਨੂੰ ਗਰੀਬ ਕਿਹਾ ਹੈ, ਤੁਹਾਨੂੰ ਕੀ ਤਕਲੀਫ ਹੈ । ਇਹ ਸਾਰਾ ਕੁਝ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੇ ਹਿੱਸੇ ਆਇਆ ਹੈ। (ਵਿਘਨ)

ਮਾਨਯੋਗ ਸਪੀਕਰ : ਉਹ ਕਲੋਜ਼ ਕਰ ਰਹੇ ਹਨ । (ਵਿਘਨ) (ਸ਼ੋਰ)

ਬੀਬੀ ਜਗੀਰ ਕੌਰ : ਅੱਜ ਆਮ ਲੋਕਾਂ ਦੀ ਸਰਕਾਰ, ਆਮ ਵਿਅਕਤੀ

ਦੀ ਸਰਕਾਰ, ਜੇ ਕਿਸੇ ਨੇ ਕਿਹਾ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਨੂੰ ਕਿਹਾ ਹੈ । ਅੱਜ ਤੱਕ ਕੋਈ ਸਰਕਾਰ ਨਹੀਂ ਹੋਈ ਜਿਸ ਨੇ ਸੰਗਤ ਦਰਸ਼ਨ ਕੀਤੇ ਹੋਣ...

ਮਾਨਯੋਗ ਸਪੀਕਰ : ਬੀਬੀ ਜੀ, ਕਲੋਜ਼ ਕਰੋ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਥੋੜ੍ਹਾ ਰਹਿ ਗਿਆ ਹੈ।

ਮਾਨਯੋਗ ਸਪੀਕਰ : ਕਲੋਜ਼ ਕਰੋ, ਸਮਾਂ ਘੰਟੇ ਤੋਂ ਉਪਰ ਹੋ ਗਿਆ ਹੈ। ਇੱਕ ਮਿੰਟ ਬੀਬੀ ਜੀ, ਉਨ੍ਹਾਂ ਨੂੰ ਸੁਣ ਲਈਏ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਬੀਬੀ ਜੀ ...

ਮਾਨਯੋਗ ਸਪੀਕਰ : ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਬੋਲਣਾ ਹੈ ਤਾਂ ਪਰਮਿਸ਼ਨ ਲੈ ਕੇ ਬੋਲਣਾ ਹੈ। ਤੁਸੀਂ ਵਿਚੋਂ ਹੀ ਖੜ੍ਹੇ ਹੋ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ।

(ਇੱਕ ਆਵਾਜ਼ : ਹੁਣ ਤਾਂ ਪਰਮਿਸ਼ਨ ਲੈ ਲਈ ਹੈ।)

ਮਾਨਯੋਗ ਸਪੀਕਰ : ਮੈਂ ਵੀ ਬੋਲਣ ਲਈ ਅਲਾਓ ਕਰ ਦਿੱਤਾ ਹੈ। ਜਦੋਂ ਪੁੱਛਿਆ ਤਾਂ ਮੈਂ ਉਦੋਂ ਹੀ ਅਲਾਓ ਕਰ ਦਿੱਤਾ। ਜੇਕਰ ਕਹੋ ਕਿ ਬਗੈਰ ਪੁੱਛਿਆਂ ਅਲਾਓ ਕਰੀ ਜਾਈਏ, ਇਹ ਨਹੀਂ ਹੋ ਸਕਦਾ।ਹਾਂ ਜੀ, ਦੱਸੋ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, **

Mr. Speaker : This is no Point of order.

ਬੀਬੀ ਜਗੀਰ ਕੌਰ : ਜੇਕਰ ਤੁਹਾਨੂੰ ਤਕਲੀਫ ਹੈ ਤਾਂ ਤੁਹਾਡੇ ਨਾਮ ਤੇ ਲਗਾ ਦਿੰਦੀ ਹਾਂ।ਮੈਂ ਤਾਂ ਕੀਤਾ ਨਹੀਂ, ਜੇਕਰ ਤੁਹਾਨੂੰ ਤਕਲੀਫ ਹੈ ਤਾਂ ਤੁਹਾਡੇ ਨਾਮ ਤੇ ਅਸੀਂ ਕਰਵਾ ਦਿੰਦੇ ਹਾਂ।

ਮਾਨਯੋਗ ਸਪੀਕਰ : ਸਰਦਾਰ ਜੀ, ਬੈਠ ਜਾਓ। This is no Point of order. ਮੈਂ ਕਿਹਾ sit down.

ਬੀਬੀ ਜਗੀਰ ਕੌਰ : ਕਿਉਂਕਿ ਮੈਂ ਕਬਜ਼ਾ ਜੋ ਕਰ ਲਿਆ ਹੈ ਤਾਂ ਮੈਂ ਟਰਾਂਸਫਰ ਵੀ ਕਰਵਾ ਦਿੰਦੀ ਹਾਂ, ਤੁਸੀਂ ਆ ਜਾਓ, ਆ ਕੇ ਲੈ ਲਵੋ।

ਮਾਨਯੋਗ ਸਪੀਕਰ : ਬੀਬੀ ਜੀ, ਹੁਣ ਕਲੋਜ਼ ਕਰੋ।

**Expunged as ordered by the Chair.

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਕਿਉਂਕਿ ਇਹ ਮੇਰਾ ਸਮਾਂ ਖਾਂਦੇ ਹਨ। ਮੈਂ ਦੋ ਮਿੰਟ ਵਾਸਤੇ ਬੇਨਤੀ ਕਰਨੀ ਹੈ। ਅਨਾਜ ਉਤਪਾਦਨ ਵਿੱਚ ਹਰੀ ਕਰਾਂਤੀ ਤੋਂ ਬਾਅਦ ਹਰੀ ਅਤੇ ਸਵੱਛ ਊਰਜਾ ਵਿੱਚ ਪੰਜਾਬ ਮੋਹਰੀ ਰਿਹਾ ਹੈ। ਵਾਤਾਵਰਣ ਨਾਲ ਵਿਕਾਸ ਨੂੰ ਜੋੜ ਕੇ ਮੇਰੀ ਸਰਕਾਰ ਪੰਜਾਬ ਵਿੱਚ ਹਰੀ ਅਤੇ ਸਵੱਛ ਊਰਜਾ ਤੇ ਜ਼ੋਰ ਦਿੰਦੀ ਹੈ ਅਤੇ ਬਿਜਲੀ ਲਈ ਆਧੁਨਿਕ ਵਿਸ਼ਵੀ ਤਕਨੀਕਾਂ ਰਾਹੀਂ ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਵਿਧੀਆਂ ਦੇ ਨਾ ਕੇਵਲ ਬਰਾਬਰ ਚੱਲੇ ਸਗੋਂ ਇਸ ਤੋਂ ਅੱਗੇ ਰਹੇ। ਪੰਜਾਬ ਪਹਿਲਾ ਰਾਜ ਹੈ, ਜਿਸ ਨੇ 2012 ਵਿੱਚ ਸਵੱਛ ਅਤੇ ਹਰੀ ਊਰਜਾ ਲਈ ਵਿਸਤ੍ਰਿਤ ਨੀਤੀ ਤਿਆਰ ਕੀਤੀ। 2014 ਵਿੱਚ ਸਰਕਾਰ ਨੇ ਇੱਕ ਵਿਸ਼ੇਸ਼ ਨੈਟ ਮੀਟਰਿੰਗ ਸੋਲਰ ਰੂਫ ਟਾਪ ਨੀਤੀ ਵੀ ਲਾਗੂ ਕੀਤੀ, ਜਿਸ ਵਿੱਚ ਅਗਲੇ ਤਿੰਨ ਸਾਲਾਂ ਵਿੱਚ ਇੱਕ ਲੱਖ ਤੋਂ ਵੱਧ ਘਰਾਂ ਨੂੰ ਊਰਜਾ ਪ੍ਰਣਾਲੀ ਰਾਹੀਂ ਸੋਲਰ ਸਿਸਟਮ ਰਾਹੀਂ ਇਨ੍ਹਾਂ ਨੂੰ ਸੇਵਾ ਦਿੱਤੀ ਜਾਵੇਗੀ ਅਤੇ ਪੰਜਾਬ ਨੂੰ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਵਾਧੇ ਜਿਹੜੇ ਕੀਤੇ ਹਨ,

Mr. Speaker : Thank you.

ਬੀਬੀ ਜਗੀਰ ਕੌਰ : ਭਾਰਤ ਸਰਕਾਰ ਦੇ ਨਵੀਂ ਅਤੇ ਨਵਿਆਉਣ ਯੋਗ ਊਰਜਾ ਮੰਤਰਾਲੇ ਵੱਲੋਂ ਪੰਜਾਬ ਨੂੰ ਸਰਵੋਤਮ ਕਾਰਗੁਜ਼ਾਰੀ ਵਾਲਾ ਸੂਬਾ ਕਿਹਾ ਗਿਆ ਹੈ, ਮੈਂ ਸਮਝਦੀ ਹਾਂ ਕਿ ਗਵਰਨਰ ਸਾਹਿਬ,

Mr. Speaker : Thank you.

ਬੀਬੀ ਜਗੀਰ ਕੌਰ : ਸਿਰਫ ਇੱਕ ਮਿੰਟ, ਸਪੀਕਰ ਸਾਹਿਬ। ਮੈਂ ਇੱਕ ਮਿੰਟ ਹੀ ਲੈਣਾ ਹੈ, ਮੈਂ ਤੁਹਾਡੀ ਆਗਿਆ ਦੀ ਅਵੱਗਿਆ ਨਹੀਂ ਕਰਾਂਗੀ। ਮੈਂ ਕਲੋਜ਼ ਕਰ ਰਹੀ ਹਾਂ। ਸਰਦਾਰ ਬਿਕਰਮ ਸਿੰਘ ਜੀ ਮਜੀਠੀਆ, ਉਨ੍ਹਾਂ ਨੇ ਇਸ ਕੰਮ ਵਾਸਤੇ ਬੜੀ ਮਿਹਨਤ ਕੀਤੀ ਹੈ। ਉਹ ਇਸ ਦੇ ਮੰਤਰੀ ਹਨ। ਇਸ ਮੰਤਰਾਲੇ ਦੀ ਜਿਥੇ ਮੈਂ ਪ੍ਰਸੰਸਾ ਕਰਦੀ ਹਾਂ, ਉਥੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਜੋ ਇਹ ਬਹੁਤ ਹੀ ਆਧੁਨਿਕ ਢੰਗ ਦੇ ਨਾਲ ਊਰਜਾ ਪੈਦਾ ਕਰਨ ਵਾਸਤੇ ਨਵੇਂ ਉਪਰਾਲੇ ਕੀਤੇ ਹਨ, ਮੈਂ ਉਸ ਦੀ ਸ਼ਲਾਘਾ ਵੀ ਕਰਦੀ ਹਾਂ ਅਤੇ ਧੰਨਵਾਦ ਵੀ ਕਰਦੀ ਹਾਂ। ...(ਵਿਘਨ).... ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਦੇ ਨਾਲ.....

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ .....

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਸਭਿਆਚਾਰਕ ਮਾਮਲੇ ਦੇ ਸਬੰਧ ਵਿੱਚ ਵੀ..(ਵਿਘਨ).....

ਮਾਨਯੋਗ ਸਪੀਕਰ : ਰਾਣਾ ਜੀ, ਨਹੀਂ।

ਰਾਣਾ ਗੁਰਜੀਤ ਸਿੰਘ : ਸਰ, ਪਰਮਿਸ਼ਨ ਦੇ ਦਿਓ।

ਮਾਨਯੋਗ ਸਪੀਕਰ : ਬੀਬੀ ਜੀ, ਤੁਸੀਂ ਕਲੋਜ਼ ਕਰੋ। ਰਾਣਾ ਜੀ, ਕੋਈ ਪੁਆਇੰਟ ਹੈ? ...(ਵਿਘਨ).... ਮੇਰੀ ਗੱਲ ਤਾਂ ਸੁਣ ਲਵੋ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਉ। ਇਨ੍ਹਾਂ ਕੋਲ ਕੋਈ ਪੁਆਇੰਟ ਆਫ ਆਰਡਰ ਤਾਂ ਹੈ ਨਹੀਂ।

ਮਾਨਯੋਗ ਸਪੀਕਰ : ਰਾਣਾ ਜੀ, ਇਵੇਂ ਨਹੀਂ ਜਦੋਂ ਮਰਜ਼ੀ ਖੜ੍ਹੇ ਹੋ ਗਏ, ਇਹ ਕੋਈ ਗੱਲ ਹੈ? Please sit down. ਮੇਰੀ ਗੱਲ ਸੁਣ ਲਵੋ ਕਿ ਤੁਹਾਡੀ ਜਦੋਂ ਬੋਲਣ ਵਾਲਿਆਂ ਦੀ ਲਿਸਟ ਆਏਗੀ, ਤੁਸੀਂ ਉਦੋਂ ਬੋਲ ਲੈਣਾ।

ਬੀਬੀ ਜਗੀਰ ਕੌਰ : ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਸਾਹਮਣੇ ਪਲਾਜ਼ੇ ਦੀ ਪਹਿਲਾ ਪੜਾਅ ਪੂਰਾ ਕਰ ਲਿਆ ਹੈ ..(ਵਿਘਨ) 200 ਕਰੋੜ ਰੁਪਏ ਦੀ ਲਾਗਤ ਨਾਲ ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਯਾਦਗਾਰ ਸਮਾਰਕ ਦੀ ਉਸਾਰੀ, 181.30 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ ਵਿਖੇ ਭਗਵਾਨ ਬਾਲਮੀਕ ਜੀ ਦੇ ਤੀਰਥ ਅਸਥਾਨ ਸਥਾਨ ਤੇ ਵਿਕਾਸ ਕਾਰਜਾਂ ਨੂੰ ਹੱਥ ਵਿਚ ਲਿਆ ਹੈ...(ਵਿਘਨ).... ਰਾਣਾ ਜੀ, ਛੱਡੋ ਪਰ੍ਹੇ, ਆਪਾਂ ਬਾਹਰ ਜਾ ਕੇ ਗੱਲ ਕਰ ਲਵਾਂਗੇ ....(ਵਿਘਨ)....

ਮਾਨਯੋਗ ਸਪੀਕਰ : ਹਾਂ ਜੀ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ। ...(ਵਿਘਨ).... ਬੀਬੀ ਜੀ, ਕਲੋਜ਼ ਕਰੋ। ਅਸ਼ਵਨੀ ਕੁਮਾਰ ਸ਼ਰਮਾ ਜੀ।

ਰਾਣਾ ਗੁਰਜੀਤ ਸਿੰਘ : **

Mr. Speaker : Nothing is going to be recorded. ਰਾਣਾ ਜੀ, ਕੋਈ ਰਿਕਾਰਡ ਨਹੀਂ ਹੋ ਰਿਹਾ। ਜਦੋਂ ਤੁਹਾਡੀ ਪਾਰਟੀ ਦਾ ਟਾਈਮ ਆਏਗਾ, ਉਦੋਂ ਬੋਲ ਲੈਣਾ। ....(ਵਿਘਨ)....

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਜੋ ਉਨ੍ਹਾਂ ਨੇ ਪੰਜਾਬ ਦੇ ਵਿਕਾਸ ਤੇ, ਪੰਜਾਬ ਦੀ ਖੁਸ਼ਹਾਲੀ ਤੇ, ਪੰਜਾਬ ਵਿੱਚ ਸ਼ਾਂਤੀ ਅਤੇ ਅਮਨ ਨਾਲ ਚੱਲ ਰਹੇ ਭਾਈਚਾਰਕ

**Not recorded as ordered by the Chair.

[ਬੀਬੀ ਜਗੀਰ ਕੌਰ]

ਸਾਂਝ ਤੇ ਤਸੱਲੀ ਪ੍ਰਗਟ ਕੀਤੀ, ਮੈਨੂੰ ਉਨ੍ਹਾਂ ਦਾ ਅੱਜ ਧੰਨਵਾਦ ਦਾ ਮਤਾ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਹੈ, ਮੈਂ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ। ਮੈਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਪੰਜਾਬ ਅਤੇ ਸਾਰੇ ਹਾਊਸ ਨੂੰ ਇਸ ਗੱਲ ਦੀ ਵਧਾਈ ਦਿੰਦੀ ਹਾਂ। (ਥੰਪਿੰਗ)

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਦਨ ਦੇ ਅੰਦਰ ਰਾਜਪਾਲ ਜੀ ਦੁਆਰਾ ਦਿੱਤੇ ਗਏ ਭਾਸ਼ਣ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਰਾਜਪਾਲ ਜੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਕਰਦੇ ਹੋਏ ਦੇਸ਼ ਦੇ ਅੰਦਰ ਆਏ ਬਦਲਾਵ ਦਾ ਜ਼ਿਕਰ ਕੀਤਾ ਹੈ ਔਰ ਉਹ ਬਦਲਾਵ ਇਕ ਰਾਜਨਤੀਕ ਬਦਲਾਵ ਹੀ ਨਹੀਂ ਸਗੋਂ ਇਕ ਨਵੀਂ ਸੋਚ ਦਾ ਵੀ ਬਦਲਾਵ ਸੀ। ਉਸ ਤੋਂ ਬਾਅਦ ਆਪਣੇ ਆਪ ਹੀ ਇਹ ਕਿਹਾ ਜਾਂਦਾ ਹੈ ਕਿ ਯਥਾ ਰਾਜਾ ਤਥਾ ਪਰਜਾ। ਜਿਸ ਤਰੀਕੇ ਦਾ ਕਿਸੇ ਦੇਸ਼ ਦਾ ਰਾਜਾ ਹੁੰਦਾ ਹੈ ਉਸ ਦੀ ਪਰਜਾ ਦੇ ਅੰਦਰ ਵਿਚ ਵੀ ਉਸੇ ਤਰ੍ਹਾਂ ਦਾ ਉਤਸ਼ਾਹ ਪੈਦਾ ਹੁੰਦਾ ਹੈ। ਅਗਰ ਰਾਜਾ, ਅਗਰ ਸਰਕਾਰ ਉਸਾਰੂਵਾਨ ਹੈ ਤਾਂ ਜਨਤਾ ਦੇ ਅੰਦਰ ਉਤਸ਼ਾਹ ਦਾ ਵਾਤਾਵਰਣ ਪੈਦਾ ਹੁੰਦਾ ਹੈ । ਇਸ ਤਰ੍ਹਾਂ ਅੱਜ ਕੇਵਲ ਰਾਜਨੀਤਕ ਪਰਿਵਰਤਨ ਨਹੀਂ ਹੋਇਆ, ਸੱਤਾ ਦਾ ਪਰਿਵਰਤਨ ਨਹੀਂ ਹੋਇਆ, ਦੇਸ਼ ਦੀ ਜਨਤਾ ਦੀ ਸੋਚ ਅੰਦਰ ਵੀ ਇਕ ਨਵਾਂ ਪਰਿਵਰਤਨ ਆਇਆ ਹੈ। ਦੇਸ਼ ਨੇ ਇਹ ਮਹਿਸੂਸ ਕੀਤਾ ਕਿ ਇਸ ਦੇਸ਼ ਦੇ ਅੰਦਰ ਪ੍ਰਧਾਨ ਮੰਤਰੀ ਨਾਂ ਦੀ ਕੋਈ ਚੀਜ਼ ਹੈ, ਉਸਦਾ ਇੰਸਟੀਚਿਊਸ਼ਨ ਹੈ, ਉਸ ਦੀ ਜਿਹੜੀ ਗਰਿਮਾ ਭ੍ਰਿਸ਼ਟਾਚਾਰ ਦੇ ਰੂਪ ਦੇ ਅੰਦਰ ਗਿਰੀ ਹੋਈ ਸੀ ਜਾਂ ਕਿਸੇ ਹੋਰ ਕਾਰਨ ਗਿਰੀ ਹੋਈ ਸੀ ਉਹ ਜਿਹੜੀ ਆਸ ਹੈ ਉਹ ਇਕ ਵਾਰੀ ਫਿਰ ਸਰਕਾਰ ਦੇ ਉਤੇ ਬਣੀ ਹੈ। ਉਸ ਦਾ ਅਸਰ ਅੱਜ ਪੂਰਾ ਹਿੰਦੁਸਤਾਨ ਵੇਖ ਰਿਹਾ ਹੈ। ਐਨ.ਡੀ. ਏ. ਦੀ ਸਰਕਾਰ ਬਣਨ ਤੋਂ ਬਾਅਦ ਕਿਉਂਕਿ ਕੋਈ ਵੀ ਦੇਸ਼ ਰਾਜਿਆਂ ਦੇ ਬਣਨ ਦੇ ਨਾਲ ਹੀ ਬਣਦਾ ਹੈ, ਅਗਰ ਰਾਜ ਜਿਹੜਾ ਹੈ ਉਹ ਤਾਕਤਵਰ ਹੋਵੇਗਾ, ਰਾਜ ਸਮਰਿਧ ਹੋਵੇਗਾ ਤਾਂ ਦੇਸ਼ ਜਿਹੜਾ ਹੈ ਉਹ ਸ਼ਕਤੀਸ਼ਾਲੀ ਤੇ ਤਾਕਤਵਰ ਬਣੇਗਾ। ਉਨ੍ਹਾਂ ਨੇ ਸ਼੍ਰੀ ਨਰਿੰਦਰ ਮੋਦੀ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਦੇਸ਼ ਉਚਿਤ ਸੰਘੀ ਢਾਂਚੇ ਵੱਲ ਚਲੇ ਉਸ ਲਈ ਉਨ੍ਹਾਂ ਨੇ ਜਿਹੜਾ ਯੋਜਨਾ ਆਯੋਗ ਹੈ ਉਸ ਨੂੰ ਨੀਤੀ ਆਯੋਗ ਦੇ ਅੰਦਰ ਤਬਦੀਲ ਕੀਤਾ ਹੈ, ਇਹ ਸੋਚ ਦਾ ਹੀ ਪਰਿਣਾਮ ਹੈ ਕਿਉਂਕਿ ਉਨ੍ਹਾਂ ਨੇ ਕਿਹਾ ਕਿ ਹਰ ਰਾਜ ਦੀਆਂ ਆਪਣੀਆਂ

ਆਪਣੀਆਂ ਸਮੱਸਿਆਵਾਂ ਹਨ, ਆਪਣੀਆਂ ਆਪਣੀਆਂ ਜ਼ਰੂਰਤਾਂ ਹਨ ਤਾਂ ਫਿਰ ਇਹ ਰਾਜ ਹੀ ਤੈਅ ਕਰਨ ਕਿ ਉਨ੍ਹਾਂ ਨੂੰ ਕਿਸ ਗੱਲ ਦੇ ਲਈ ਕੀ ਜ਼ਰੂਰਤ ਹੈ। ਮੰਨ ਲਵੋ ਕੋਈ ਕ੍ਰਿਸ਼ੀ ਪ੍ਰਧਾਨ ਸਟੇਟ ਹੈ ਤਾਂ ਉਸ ਦੀਆਂ ਕ੍ਰਿਸ਼ੀ ਦੀਆਂ ਆਪਣੀਆਂ ਸਮੱਸਿਆਵਾਂ ਹੋਣਗੀਆਂ, ਹੋਰ ਅਲੱਗ ਤਰ੍ਹਾਂ ਦੀਆਂ ਸਮੱਸਿਆਵਾਂ ਜਿਵੇਂ ਕਿਤੇ ਰੋਡ ਨਹੀਂ ਹੈ, ਸਿੱਖਿਆ ਦਾ ਸਤਰ ਜਾਂ ਸਿਹਤ ਦੀਆਂ ਸਮੱਸਿਆਵਾਂ ਹਨ ਤਾਂ ਇਨ੍ਹਾਂ ਦੇ ਵਿਚ ਰਾਜਾਂ ਦੀ ਭਾਗੀਦਾਰੀ ਹੋਵੇ ਜਿਹੜੀ ਕਿ ਬਹੁਤ ਦੇਰ ਤੋਂ ਮੰਗ ਚਲਦੀ ਆ ਰਹੀ ਸੀ ਉਸ ਵੱਲ ਪੂਰੇ ਦੇਸ਼ ਨੂੰ ਜੋੜਿਆ ਹੈ। ਇੱਕ ਗੱਲ ਬਾਦਲ ਸਾਹਿਬ ਇਥੇ ਕਹਿੰਦੇ ਹੁੰਦੇ ਹਨ ਕਿ ਇਹ ਰਾਜ ਨਹੀਂ ਸੇਵਾ ਹੈ। ਉਹ ਪੂਰੇ ਦੇਸ਼ ਨੇ ਵੀ ਵੇਖਿਆ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਲਾਲ ਕਿਲੇ ਤੋਂ ਆਪਣੇ ਆਪ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਕਹਿੰਦਾ, ਉਹ ਕਹਿੰਦਾ ਹੈ ਕਿ ਮੈਂ ਪ੍ਰਧਾਨ ਸੇਵਕ ਹਾਂ। ਇਸ ਦਾ ਮਤਲਬ ਕੀ ਹੈ ਕਿ ਜਿਹੜੀ ਸੋਚ ਦੇਸ਼ ਦੇ ਅੰਦਰ ਚਾਹੀਦੀ ਹੈ ਕਿ ਮੈਂ ਦੇਸ਼ ਦਾ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਮੈਂ ਇਸ ਦੇਸ਼ ਲਈ ਜ਼ਿਆਦਾ ਕੰਮ ਕਰਾਂਗਾ।

(ਇਕ ਆਵਾਜ਼ : ਇਹ ਪਾਰਲੀਮੈਂਟ ਵਿਚ ਬੋਲ ਰਹੇ ਹਨ?)

Mr.Speaker : Don't disturb.

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਤੁਹਾਡਾ ਤਾਂ ਅੱਜ ਮੈਂ ਵੈਸੇ ਹੀ ਧੰਨਵਾਦ ਕਰਦਾ ਹਾਂ ਕਿ ਸ਼ੁਕਰ ਹੈ ਕਿ ਅੱਜ ਤੁਸੀਂ ਬੈਠੇ ਤਾਂ ਹੋ।(ਵਿਘਨ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ...

ਮਾਨਯੋਗ ਸਪੀਕਰ : ਹਾਂ ਜੀ, ਦੱਸੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, **

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹਾਂ ਜੀ, ਸ਼ਰਮਾ ਜੀ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ: ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੇ ਗਵਰਨਰ ਸਾਹਿਬ ਦਾ ਭਾਸ਼ਣ ਸੁਣਿਆ ਨਹੀਂ ਲੱਗਦਾ । (ਵਿਘਨ) ਮੈਨੂੰ ਅੱਜ ਇਸ ਗੱਲ ਉਤੇ ਖੁਸ਼ੀ ਹੋਈ ਹੈ ਕਿ ਬੜੀ ਦੇਰ ਤੋਂ ਬਾਅਦ ਕੋਈ ਸੁਣਨ ਵਾਲਾ ਤਾਂ ਹੈ,

**Expunged as ordered by the Chair.

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਪਹਿਲਾਂ ਤਾਂ ਖਾਲੀ ਬੈਂਚਾਂ ਦੇ ਅੱਗੇ ਹੀ ਬੋਲਦੇ ਪਏ ਸੀ। ਨਾਗਰਾ ਜੀ ਅੱਜ ਬੈਠੇ ਹਨ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਤੁਹਾਨੂੰ ਜ਼ਰੂਰ ਸੁਣ ਕੇ ਜਾਵਾਂਗਾ। ਇਹ ਜਿਹੜਾ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇਕ ਮੰਤਵ ਦਿੱਤਾ, ਇਕ ਤਾਂ ਉਨ੍ਹਾਂ ਨੇ ਸਵੱਛਤਾ ਅਭਿਆਨ ਦਾ ਜ਼ਿਕਰ ਕੀਤਾ । (ਵਿਘਨ)

ਮਾਨਯੋਗ ਸਪੀਕਰ : ਡਿਸਟਰਬ ਨਾ ਕਰੋ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਇਹ ਜਿਹੜਾ ਸਵੱਛਤਾ ਅਭਿਆਨ ਹੈ ਇਹ ਕੇਵਲ ਬਾਹਰੀ ਸਵੱਛਤਾ ਹੈ। ਤੁਸੀਂ ਇਸ ਦਾ ਕਦੇ ਚਿੰਤਨ ਕਰਕੇ ਵੇਖ ਲਵੋ ਔਰ ਪੰਜਾਬ ਸਰਕਾਰ ਨੇ ਇਸ ਨੂੰ ਬਾਖੂਬੀ ਨਾਲ, ਬਾਦਲ ਸਾਹਿਬ ਨੇ ਅੱਗੇ ਵਧਾਇਆ ਹੈ। ਜਦੋਂ ਸਵੱਛਤਾ ਦੀ ਗੱਲ ਆਉਂਦੀ ਹੈ ਤਾਂ ਉਹ ਇਕੱਲੀ ਬਾਹਰੀ ਸਵੱਛਤਾ ਨਹੀਂ ਹੈ ਕਿ ਗਲੀਆਂ ਸਾਫ ਕਰ ਦਿਉ, ਨਾਲੀਆਂ ਸਾਫ ਕਰ ਦਿਉ, ਸੜਕਾਂ ਸਾਫ ਕਰ ਦਿਉ ਸਗੋਂ ਇਸ ਦੇਸ਼ ਦੇ ਅੰਦਰ ਮਨ ਦੀ ਸਵੱਛਤਾ ਦੀ ਵੀ ਗੱਲ ਹੈ। (ਵਿਘਨ)

Mr. Speaker: Not to be recorded.

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਨਸ਼ਾ ਮੁਕਤੀ ਦੀ ਗੱਲ ਉਸ ਵਿੱਚ ਹੈ। ਮਨ ਸਾਫ਼ ਹੋਵੇ, ਆਤਮਾ ਸਾਫ਼ ਹੋਵੇ ਅਤੇ ਇਹ ਦੇਸ਼ ਇਕ ਸ਼ਕਤੀਸ਼ਾਲੀ ਦੇਸ਼ ਬਣੇ, ਇਸ ਵੱਲ ਧਿਆਨ ਕੇਂਦਰਿਤ ਕੀਤਾ ਹੈ। ਜਦੋਂ ਰਾਜਪਾਲ ਜੀ ਇੱਥੇ ਬੋਲ ਰਹੇ ਸੀ, ਅਸੀਂ ਇਸ ਸਦਨ ਵਿੱਚ ਕਹਿੰਦੇ ਸੀ ਕਿ ਕੇਂਦਰ ਦੀ ਸਰਕਾਰ ਰਾਜ ਦੇ ਨਾਲ ਵਿਤਕਰਾ ਕਰ ਰਹੀ ਹੈ, ਲਗਾਤਾਰ ਵਿਤਕਰਾ ਹੋ ਰਿਹਾ ਸੀ ਲੇਕਿਨ ਇਹ ਸਰਕਾਰ ਬਣਨ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ, ਦੇਸ਼ ਦੇ ਵਿੱਤ ਮੰਤਰੀ ਨੇ ਪੰਜਾਬ ਅੰਦਰ ਏਮਜ਼ ਖੋਲ੍ਹੇ। ਇਹ ਸੋਚ ਪਹਿਲਾਂ ਵੀ ਹੋ ਸਕਦੀ ਸੀ।

ਸਰਦਾਰ ਪਰਮਿੰਦਰ ਸਿੰਘ ਪਿੰਕੀ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। **

Mr. Speaker : This is no point of order. Please sit down. ਜਦੋਂ ਤੁਹਾਡੀ ਵਾਰੀ ਆਵੇਗੀ, ਉਦੋਂ ਬੋਲ ਲੈਣਾ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਇਨ੍ਹਾਂ ਨੇ ਦੇਸ਼ ਵਿੱਚ ਲਗਾਤਾਰ ਦਸ ਸਾਲ ਰਾਜ ਕੀਤਾ ਹੈ। ਕੀ ਦਸ ਸਾਲ ਸਕੀਮਾਂ ਹੀ ਬਣਦੀਆਂ ਰਹੀਆਂ? ਇਹ

**Expunged as ordered by the Chair

ਸਰਕਾਰ ਦੀ ਅੱਠ ਮਹੀਨਿਆਂ ਦੀ ਕਾਰਗੁਜ਼ਾਰੀ ਹੈ। (ਸਰਦਾਰ ਪਰਮਿੰਦਰ ਸਿੰਘ ਪਿੰਕੀ ਵੱਲੋਂ ਵਿਘਨ)

Mr. Speaker : Please. Nothing should be recorded. ਸਿਰਫ਼ ਸਪੀਚ ਹੀ ਰਿਕਾਰਡ ਕਰਨੀ ਹੈ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਅਗਰ ਪੰਜਾਬ ਨੂੰ ਏਮਜ਼ ਮਿਲੇ ਤਾਂ ਇਨ੍ਹਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। ਪੰਜਾਬ ਅੰਦਰ ਜਲ੍ਹਿਆਂ ਵਾਲੇ ਬਾਗ ਨੂੰ ਵਿਰਾਸਤੀ ਸਥਾਨ ਦਾ ਦਰਜਾ ਮਿਲੇ ਤਾਂ ਇਨ੍ਹਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। (ਸਰਦਾਰ ਪਰਮਿੰਦਰ ਸਿੰਘ ਪਿੰਕੀ ਵੱਲੋਂ ਵਿਘਨ)

Mr. Speaker : Please sit down. ਪਿੰਕੀ ਜੀ, ਜਦੋਂ ਤੁਹਾਡੀ ਪਾਰਟੀ ਦਾ ਟਾਈਮ ਆਵੇਗਾ, ਤੁਸੀਂ ਉਦੋਂ ਜੋ ਬੋਲਣਾ ਹੈ, ਉਹ ਬੋਲ ਲੈਣਾ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਸਪੀਕਰ ਸਾਹਿਬ, ਇਸ ਦਾ ਕਾਰਨ ਇਹ ਹੈ ਕਿ ਇਹ ਚੰਗੀਆਂ ਚੀਜ਼ਾਂ ਹੁੰਦੀਆਂ ਦੇਖ ਨਹੀਂ ਸਕਦੇ। ਮੈਨੂੰ ਇਹ ਦੱਸਣ ਕਿ ਜੇਕਰ ਪੰਜਾਬ ਵਿੱਚ ਏਮਜ਼ ਆ ਜਾਂਦਾ ਹੈ ਤਾਂ ਇਸ ਦਾ ਫਾਇਦਾ ਕਿਸ ਨੂੰ ਹੋਣ ਵਾਲਾ ਹੈ। ਇਕ ਪਾਸੇ ਇਹ ਗਰੀਬ ਦੀ ਗੱਲ ਕਰਦੇ ਹਨ, ਗਰੀਬੀ ਦੀ ਗੱਲ ਕਰਦੇ ਹਨ, ਕੀ ਇਹ ਸਾਰਾ ਡਰਾਮਾ ਨਹੀਂ ਹੈ। ਇਸ ਦਾ ਲਾਭ ਕਿਸ ਨੂੰ ਹੋਣ ਵਾਲਾ ਹੈ? ਮੈਨੂੰ ਕਈ ਵਾਰ ਇਹ ਲਗਦਾ ਹੈ ਕਿ ਕੇਵਲ ਰਾਜਨੀਤੀ ਲਈ ਰਾਜਨੀਤੀ ਕਰਨਾ ਇਹ ਕੋਈ ਅੱਛੀ ਪਰੰਪਰਾ ਨਹੀਂ ਹੈ। (ਸਰਦਾਰ ਪਰਮਿੰਦਰ ਸਿੰਘ ਪਿੰਕੀ ਵੱਲੋਂ ਵਿਘਨ)

Mr. Speaker : Please sit down. Nothing is going to be recorded. Please sit down otherwise I will show you the door.

ਸਰਦਾਰ ਪਰਮਿੰਦਰ ਸਿੰਘ ਪਿੰਕੀ : ਮੈਨੂੰ ਕੋਈ ਫਰਕ ਨਹੀਂ ਪੈਂਦਾ। ਤੁਸੀਂ ਆਪਣੀ ਮਰਜ਼ੀ ਨਹੀਂ ਕਰ ਸਕਦੇ। ਅਸੀਂ ਗਲਤ ਨੂੰ ਗਲਤ ਹੀ ਕਹਾਂਗੇ।

ਮਾਨਯੋਗ ਸਪੀਕਰ : ਜਦੋਂ ਤੁਹਾਡੀ ਵਾਰੀ ਆਵੇਗੀ ਤੁਸੀਂ ਜੋ ਮਰਜ਼ੀ ਬੋਲ ਲੈਣਾ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਰਾਜਪਾਲ ਜੀ ਦੇ ਆਪਣੇ ਭਾਸ਼ਣ ਵਿੱਚ ਸਰਕਾਰ ਦਾ ਦ੍ਰਿਸ਼ਟੀਕੋਣ, ਸਰਕਾਰ ਕਿਸ ਦਿਸ਼ਾ ਵੱਲ ਜਾ ਰਹੀ ਹੈ, ਕਿਸ ਸੋਚ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਨਾਲ ਚੱਲ ਰਹੀ ਹੈ ਇਸ ਦਾ ਪ੍ਰਤੀਬਿੰਬ ਪੂਰੀ ਤਰ੍ਹਾਂ ਦਿਖਾਇਆ ਹੈ। ਇਸ ਵਿੱਚ ਕੇਵਲ ਸ਼ਲਾਘਾ ਹੀ ਨਹੀਂ ਕੀਤੀ ਬਲਕਿ ਸਰਕਾਰ ਦੀਆਂ ਚਿੰਤਾਵਾਂ ਵੱਲ ਵੀ ਧਿਆਨ ਦਿਵਾਇਆ ਹੈ । ਨਸ਼ੇ ਨੂੰ ਲੈ ਕੇ ਬੜੀਆਂ ਗੱਲਾਂ ਹੁੰਦੀਆਂ ਹਨ। ਨਸ਼ਾ ਇਕ ਬੜੀ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਤੋਂ ਕੋਈ ਵੀ ਸੰਵੇਦਨਸ਼ੀਲ ਆਦਮੀ ਆਪਣੇ ਆਪ ਨੂੰ ਵਾਂਝਾ ਨਹੀਂ ਰੱਖ ਸਕਦਾ। ਇਸ ਵਾਸਤੇ ਸਰਕਾਰ ਪ੍ਰਸ਼ਾਸਨਿਕ ਪ੍ਰਯਾਸ ਵੀ ਕਰ ਰਹੀ ਹੈ ਪਰੰਤੂ ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਅੰਤਰਰਾਸ਼ਟਰੀ ਬਾਰਡਰ ਇਸ ਦੇ ਨਾਲ ਲਗਦਾ ਹੈ। ਇਸ ਵੱਲ ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਚਿੰਤਾ ਪ੍ਰਗਟਾਈ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਦੱਸਣਾ ਚਾਹੁੰਦਾ ਹਾਂ ਕਿ ਅੰਤਰਰਾਸ਼ਟਰੀ ਬਾਰਡਰ ਹੀ ਨਹੀਂ, ਜਿਸ ਇਲਾਕੇ ਤੋਂ ਮੈਂ ਆਉਂਦਾ ਹਾਂ, ਉਹ ਪਠਾਨਕੋਟ ਦਾ ਇਲਾਕਾ ਹੈ ਜਿਸ ਨਾਲ ਜੇ.ਐਂਡ ਕੇ. ਲਗਦਾ ਹੈ ਅਤੇ ਨਾਲ ਹੀ ਹਿਮਾਚਲ ਪ੍ਰਦੇਸ਼ ਲਗਦਾ ਹੈ। ਪੰਜਾਬ ਦਾ ਚੱਕੀ ਪੁਲ ਪਾਰ ਕਰ ਲਈਏ ਤਾਂ ਹਿਮਾਚਲ ਪ੍ਰਦੇਸ਼ ਆ ਜਾਂਦਾ ਹੈ ਤਾਂ ਇਸ ਬਾਰੇ ਪਤਾ ਹੈ ਕਿ ਇਥੇ ਨਸ਼ਾ ਵਿਕ ਰਿਹਾ ਹੈ ਪਰ ਪੰਜਾਬ ਪੁਲਿਸ ਉਥੇ ਐਂਟਰ ਨਹੀਂ ਕਰ ਸਕਦੀ। ਜੇਕਰ ਕੋਈ ਬੰਦਾ ਉਥੋਂ ਚੁੱਕ ਕੇ ਲੈ ਆਉਂਦਾ ਹੈ ਤਾਂ ਪੁਲਿਸ ਵਾਲਾ ਸਸਪੈਂਡ ਹੋ ਜਾਂਦਾ ਹੈ। ਸਾਹਮਣੇ ਨਸ਼ੇ ਦਾ ਵਪਾਰ ਹੋ ਰਿਹਾ ਹੈ। ਇਸ ਕਰਕੇ ਜਿਹੜਾ ਪੰਜਾਬ ਦਾ ਨਸ਼ੇ ਵਾਲਾ ਮਾਮਲਾ ਹੈ, ਇਹ ਪੂਰੇ ਦੇਸ਼ ਦਾ ਮਾਮਲਾ ਹੈ। ਇਹ ਇਕੱਲੇ ਪੰਜਾਬ ਦਾ ਮਾਮਲਾ ਨਹੀਂ, ਪੂਰੇ ਦੇਸ਼ ਦੀ ਜਵਾਨੀ ਦਾ ਮਾਮਲਾ ਹੈ। ਇਸ ਨੂੰ ਰਾਜਨੀਤਿਕ ਰੰਗ ਦੇਣ ਦੀ ਜਗ੍ਹਾ ਇਸ ਨਾਲ ਦੋ-ਤਿੰਨ ਤਰੀਕਿਆਂ ਨਾਲ ਸਰਕਾਰੀ ਪੱਧਰ ਤੇ, ਸਮਾਜਿਕ ਪੱਧਰ ਤੇ ਅਤੇ ਪਰਿਵਾਰਕ ਪੱਧਰ ਤੇ ਲੜਿਆ ਜਾ ਸਕਦਾ ਹੈ। ਸਰਕਾਰ ਨੇ ਸਮਾਜਿਕ ਪੱਧਰ ਤੇ ਸੈਮੀਨਾਰ ਵੀ ਕਰਵਾਏ ਹਨ। ਜਿਹੜਾ ਨਸ਼ਾ ਹੈ ਇਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਜਦੋਂ ਤੱਕ ਉਸ ਦੇ ਮੂਲ ਕਾਰਨ ਤੇ ਨਹੀਂ ਜਾਵਾਂਗੇ, ਇਸ ਵਿੱਚ ਸਮਾਜ ਦਾ ਟੁੱਟਣਾ, ਪਰਿਵਾਰਾਂ ਦਾ ਵਿਘਟਨ ਹੋਣਾ, ਇਕ-ਇਕ ਸੰਤਾਨ ਦਾ ਹੋਣਾ ਆਦਿ ਵਰਗੇ ਅਨੇਕ ਕਾਰਨ ਇਸ ਦੇ ਨਾਲ ਬਣਦੇ ਹਨ। ਸਰਕਾਰ ਦੀ ਸੰਵੇਦਨਸ਼ੀਲਤਾ, ਇਕ ਦੂਜੇ ਤੇ ਦੋਸ਼ ਲਗਾਵੇ ਕਿ ਤੇਰੀ ਚਾਦਰ ਬੜੀ ਗੰਦੀ ਹੈ, ਮੇਰੀ ਚਾਦਰ ਬੜੀ ਚਿੱਟੀ ਹੈ, ਤੇਰੀ ਗੰਦੀ ਹੈ, ਅਸੀਂ ਅਜਿਹਾ ਕਰਕੇ ਪੰਜਾਬ ਦੀ ਜਵਾਨੀ ਦਾ ਭਲਾ ਨਹੀਂ ਕਰਾਂਗੇ। ਅੱਜ ਇਹ ਮਾਮਲਾ ਘਰ ਘਰ ਦਾ ਮਾਮਲਾ ਹੈ। ਪੰਜਾਬ ਤਾਂ ਹੀ ਮਹਿਫੂਜ਼ ਰਹੇਗਾ, ਭਾਵੇਂ ਪਕਸ਼ ਹੈ, ਭਾਵੇਂ ਵਿਪਕਸ਼ ਹੈ ਪਰ ਸਾਨੂੰ ਸਭ ਨੂੰ ਮਿਲ ਕੇ ਸਾਂਝੇ ਤੌਰ ਤੇ ਇਸ

ਚੀਜ਼ ਦੇ ਖਿਲਾਫ ਖੜ੍ਹੇ ਹੋਣਾ ਪਵੇਗਾ। ਕੋਈ ਨਸ਼ਾ ਕਰਦਾ ਹੈ, ਕੌਣ ਕਹਿੰਦਾ ਹੈ ਕਿ ਇਹ ਕਰਨਾ ਚਾਹੀਦਾ ਹੈ । ਮੇਰਾ ਵੀ ਇਹ ਮੰਨਣਾ ਹੈ ਕਿ ਇਕੱਲੀ ਸਰਕਾਰ ਹੀ ਸਭ ਕੁਝ ਨਹੀਂ ਕਰ ਸਕਦੀ। ਸਰਕਾਰ ਇਲਾਜ ਕਰਵਾ ਸਕਦੀ ਹੈ, ਪੁਨਰਵਾਸ ਕਰਵਾ ਸਕਦੀ ਹੈ, ਲੇਕਿਨ ਇਸ ਸਮੱਸਿਆ ਦੇ ਵਿਰੁੱਧ ਜਦੋਂ ਤੱਕ ਸਾਰੇ ਪੰਜਾਬੀ ਖੜ੍ਹੇ ਨਹੀਂ ਹੋਣਗੇ, ਜਿਵੇਂ ਆਤੰਕਵਾਦ ਸਮਾਪਤ ਕਰਨ ਲਈ ਸਾਰੇ ਪੰਜਾਬੀ ਖੜ੍ਹੇ ਹੋਏ ਸਨ, ਇਹ ਆਤੰਕਵਾਦ ਤੋਂ ਵੀ ਖਤਰਨਾਕ ਬਿਮਾਰੀ ਹੈ, ਇਸ ਦੇ ਵਿਰੁੱਧ ਵੀ ਪੂਰੇ ਪੰਜਾਬ ਨੂੰ ਤੇ ਪੂਰੇ ਪੰਜਾਬੀਆਂ ਨੂੰ ਖੜ੍ਹੇ ਹੋਣਾ ਪਵੇਗਾ ਔਰ ਪੰਜਾਬੀ ਅਜਿਹਾ ਕਰ ਸਕਦੇ ਹਨ। ਲੇਕਿਨ ਇਸ ਦੇ ਪਿੱਛੇ ਇਕੋ ਹੀ ਗੱਲ ਹੈ ਕਿ ਰਾਜਨੀਤਕ ਪੈਂਤੜਾ ਛੱਡਣਾ ਪਵੇਗਾ।

ਰਾਜਪਾਲ ਜੀ ਦੇ ਭਾਸ਼ਣ ਵਿੱਚ ਜਿਥੇ ਸਰਕਾਰ ਦੁਆਰਾ ਕੀਤੇ ਜਾ ਰਹੇ ਕੰਮਾਂ ਦੀ ਪ੍ਰਸੰਸਾ ਹੋ ਰਹੀ ਸੀ, ਉਥੇ ਹੀ ਸਰਕਾਰ ਦੀਆਂ ਚਿੰਤਾਵਾਂ ਜਿਵੇਂ ਪੰਜਾਬ ਵਿੱਚ ਇੰਡਸਟਰੀ ਬਾਰੇ ਹੈ ਕਿ ਬਾਕੀ ਰਾਜਾਂ ਦੀ ਤਰ੍ਹਾਂ ਸਾਨੂੰ ਵੀ ਉਹ ਸਾਰੀਆਂ ਸੁਵਿਧਾਵਾਂ ਮਿਲਣ, ਇਸ ਬਾਰੇ ਇਸ ਭਾਸ਼ਣ ਵਿੱਚ ਸਰਕਾਰ ਦੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਹ ਜਿਹੜੀ ਸਰਕਾਰ ਹੈ, ਚਾਹੇ ਕਿਸਾਨ ਹੈ, ਚਾਹੇ ਵਪਾਰੀ ਹੈ, ਚਾਹੇ ਦੁਕਾਨਦਾਰ ਹੈ, ਚਾਹੇ ਸ਼ਹਿਰੀ ਹੈ ਜਾਂ ਪੇਂਡੂ ਹੈ, ਇਹ ਸਭ ਦੀ ਸਾਂਝੀ ਸਰਕਾਰ ਹੈ। ਅਗਰ ਰਾਜਪਾਲ ਜੀ ਦੇ ਭਾਸ਼ਣ ਦਾ ਇਕ ਇਕ ਪੁਆਇੰਟ ਦੇਖੀਏ ਤਾਂ ਰਾਜਪਾਲ ਜੀ ਨੇ ਸਾਰਿਆਂ ਦਾ ਜ਼ਿਕਰ ਕੀਤਾ ਹੈ ।ਜਿਵੇਂ ਵਪਾਰੀ ਵਰਗ ਹੈ, ਵਪਾਰੀਆਂ ਨੂੰ ਜਿਹੜੀ ਸਰਕਾਰ ਨੇ ਰਾਹਤ ਸਕੀਮ ਦਿੱਤੀ ਹੈ, ਉਸ ਦੀ ਸ਼ਲਾਘਾ ਹੋਣੀ ਚਾਹੀਦੀ ਹੈ। ਉਹ ਗਲਤ ਕੀ ਕਹਿ ਕੇ ਗਏ ਹਨ? ਚਾਹੇ ਵਪਾਰੀ ਹੈ, ਅਗਰ ਵਪਾਰੀ ਲਈ ਰਾਹਤ ਸਕੀਮ ਆਈ ਹੈ, ਉਹ ਚੋਣਾਂ ਤੋਂ ਪਹਿਲਾਂ ਆਈ ਹੈ ਔਰ ਉਸ ਦਾ ਪੂਰੇ ਪੰਜਾਬ ਅੰਦਰ ਹੁੰਗਾਰਾ ਭਰਿਆ ਗਿਆ ਹੈ। ਹੁਣ ਜਨ-ਧਨ ਯੋਜਨਾ ਸੀ ਇਹ ਪੂਰੇ ਦੇਸ਼ ਲਈ ਸੀ, ਇਸ ਯੋਜਨਾ ਦੇ ਤਹਿਤ ਪੰਜਾਬ ਨੇ ਜੋ ਕੰਟਰੀਬਿਊਸ਼ਨ ਪਾਈ ਹੈ, ਜਿਸ ਤਰੀਕੇ ਨਾਲ ਬਾਦਲ ਸਾਹਿਬ ਦੀ ਰਹਿਨੁਮਾਈ ਅੰਦਰ ਇੱਕ ਲੱਖ ਰੁਪਏ ਦਾ ਗਰੀਬ ਦਾ ਬੀਮਾ ਹੋ ਜਾਵੇ, ਇਸ ਵਿੱਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਦੁਰਘਟਨਾ ਬੀਮਾ ਇੱਕ ਲੱਖ ਰੁਪਏ ਦਾ ਹੋ ਰਿਹਾ ਹੈ, ਇਸ ਵਿੱਚ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ, ਤੀਹ ਹਜ਼ਾਰ ਰੁਪਏ ਦਾ ਜੀਵਨ ਬੀਮਾ ਜੇਕਰ ਕਿਸੇ ਦਾ ਹੋ ਜਾਂਦਾ ਹੈ ਤਾਂ ਇਸ ਵਿੱਚ ਵੀ ਕੋਈ ਹਰਜ਼ ਨਹੀਂ ਹੈ। ਪੰਜਾਬ ਸਰਕਾਰ ਨੇ ਇਸ ਸਕੀਮ ਦੇ ਅੰਦਰ ਬਹੁਤ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਅੱਜ ਬਿਜਲੀ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਦੇ ਮਾਮਲੇ ਵਿੱਚ ਸਵਾਬਲੰਭੀ ਵੱਲ ਵਧ ਰਿਹਾ ਹੈ, ਇਸ ਵਿੱਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਇਹ ਸਭ ਨੂੰ ਪਤਾ ਹੈ ਕਿ ਪੰਜਾਬ ਇਸ ਪਾਸੇ ਵੱਲ ਵੱਧ ਰਿਹਾ ਹੈ। ਲੋਕਾਂ ਨੂੰ ਉਹ ਦਿਨ ਯਾਦ ਆਉਂਦੇ ਹਨ ਜਦੋਂ ਛੇ ਵਜੇ ਸ਼ਾਮ ਨੂੰ ਦੁਕਾਨਾਂ ਬੰਦ ਕਰ ਦਿੰਦੇ ਸਨ, ਲੋਕਾਂ ਨੂੰ ਉਹ ਦਿਨ ਯਾਦ ਆਉਂਦੇ ਹਨ ਜਦੋਂ ਅਫਸਰਾਂ ਨੂੰ ਕਹਿ ਦਿੱਤਾ ਜਾਂਦਾ ਸੀ ਕਿ ਤੁਸੀਂ ਆਪਣਾ ਏ.ਸੀ. ਨਹੀਂ ਚਲਾ ਸਕਦੇ। ਅੱਜ ਪੰਜਾਬ ਅੰਦਰ ਗਰਮੀਆਂ ਵੀ ਰਹੀਆਂ ਹਨ ਤਾਂ ਵੀ ਬਿਜਲੀ ਦਾ ਕੱਟ ਨਹੀਂ ਲੱਗਿਆ, ਕਹਿਣ ਦੀ ਜ਼ਰੂਰਤ ਵੀ ਨਹੀਂ ਪਈ, ਸਭ ਨੂੰ ਪੂਰੀ ਬਿਜਲੀ ਮਿਲਦੀ ਰਹੀ। (ਵਿਘਨ) ਤੁਹਾਡੇ ਕਹਿਣ ਨਾਲ ਨਹੀਂ ਹੈ। ਸਪੀਕਰ ਸਾਹਿਬ, ਇਹ ਜਿਹੜੀਆਂ ਚੀਜ਼ਾਂ ਸਾਹਮਣੇ ਸਾਹਮਣੇ ਤੋਂ ਦਿਸਦੀਆਂ ਹਨ, ਇਨ੍ਹਾਂ ਨੂੰ ਕਹਿਣ ਤੋਂ ਕੌਣ ਰੋਕ ਸਕਦਾ ਹੈ? ਹੁਣ ਇਸ ਗੱਲ ਨੂੰ ਕੌਣ ਰੋਕ ਸਕਦਾ ਹੈ ਕਿ ਪੰਜਾਬ ਵਿੱਚ ਸਿੱਖਿਆ ਦਾ ਸਤੱਰ ਉੱਚਾ ਹੋ ਰਿਹਾ ਹੈ, ਇਸ ਵੇਲੇ 12 ਗੌਰਮਿੰਟ ਕਾਲਜ ਬਣ ਰਹੇ ਹਨ। ਮੇਰੇ ਸ਼ਹਿਰ ਵਿੱਚ ਵੀ ਗੌਰਮਿੰਟ ਕਾਲਜ ਬਣ ਰਿਹਾ ਹੈ। ਇੱਕ ਛੋਟਾ ਜਿਹਾ ਇਹ ਜ਼ਿਲ੍ਹਾ ਹੈ, ਉਥੇ ਦੋ-ਦੋ ਕਾਲਜ ਬਣ ਰਹੇ ਹਨ। ਇੱਕ ਸੁਜਾਨਪੁਰ ਵਿੱਚ ਅਤੇ ਇੱਕ ਪਠਾਨਕੋਟ ਵਿੱਚ ਬਣ ਰਿਹਾ ਹੈ। ਕੀ ਇਸ ਨੂੰ ਰੋਕਿਆ ਜਾ ਸਕਦਾ ਹੈ? ਇਹ ਸਰਕਾਰ ਦੀਆਂ ਜੋ ਉਪਲਬਧੀਆਂ ਹਨ, ਖੇਡ ਸਟੇਡੀਅਮ ਸਰਕਾਰ ਉਸਾਰ ਰਹੀ ਹੈ। ਬੱਚਿਆਂ ਦਾ ਧਿਆਨ ਖੇਡਾਂ ਵੱਲ ਜਾਵੇ, ਇਸ ਵਾਸਤੇ ਖੇਡ ਸਟੇਡੀਅਮ ਬਣ ਰਹੇ ਹਨ। ਇਸ ਨੂੰ ਕੌਣ ਰੋਕ ਸਕਦਾ ਹੈ? ਹੁਣ ਆਟਾ ਦਾਲ ਸਕੀਮ ਵੀ ਚੱਲ ਰਹੀ ਹੈ, ਕੀ ਲੋਕਾਂ ਨੂੰ ਇਸ ਸਕੀਮ ਤਹਿਤ ਸੁਵਿਧਾ ਨਹੀਂ ਮਿਲ ਰਹੀ? ਇਹ ਮਿਲ ਰਹੀ ਹੈ। ਇਹ ਜਿਹੜੇ ਸਰਕਾਰ ਦੇ ਚੰਗੇ ਕੰਮ ਹਨ, ਇਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਜੇਕਰ ਸਰਕਾਰ ਦੀਆਂ ਕੋਈ ਕਮੀਆਂ ਹਨ, ਕਮੀਆਂ ਦੀ ਤਰ੍ਹਾਂ ਦੱਸੋ, ਸਾਰੇ ਮਿਲ ਕੇ ਦੱਸਣ ਕਿ ਆਪਾਂ ਇਹ ਸੁਧਾਰ ਕਰ ਲਈਏ। ਫਿਰ ਲੋਕਾਂ ਨੂੰ ਲੱਗੇਗਾ ਕਿ ਜਿਨ੍ਹਾਂ ਨੂੰ ਆਪਾਂ ਰਹਿਨੁਮਾਈ ਦਿੱਤੀ ਹੈ, ਇਹ ਸਰਕਾਰ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾ ਰਹੇ ਹਨ।

ਇਸੇ ਤਰ੍ਹਾਂ ਬੇਟੀ ਪੜ੍ਹਾਓ, ਬੇਟੀ ਬਚਾਓ ਯੋਜਨਾ ਕੇਂਦਰ ਸਰਕਾਰ ਦੀ ਹੈ ਪਰ ਲਾਗੂ ਤਾਂ ਰਾਜਾਂ ਵਿਚ ਹੀ ਹੋਣੀ ਹੈ, ਕੇਂਦਰ ਵੀ ਤਾਂ ਰਾਜਾਂ ਤੋਂ ਹੀ ਬਣਦਾ ਹੈ। ਰਾਜਾਂ ਦੀ ਤਾਕਤ ਅੰਦਰ ਹੀ ਦੇਸ਼ ਅਤੇ ਕੇਂਦਰ ਦੀ ਤਾਕਤ ਹੈ। ਜੇਕਰ ਰਾਜਪਾਲ ਜੀ ਨੇ ਇਸ ਯੋਜਨਾ ਦੀ ਸ਼ਲਾਘਾ ਕੀਤੀ ਹੈ ਤਾਂ ਇਸ ਵਿਚ ਗਲਤ ਕੀ

ਹੈ? ਜੇਕਰ ਉਨ੍ਹਾਂ ਨੇ ਕਿਹਾ ਹੈ ਕਿ ਪੰਜ ਸਾਲ ਦੀਆਂ ਬੱਚੀਆਂ ਅੱਗੇ ਵੱਧ ਰਹੀਆਂ ਹਨ, ਉਨ੍ਹਾਂ ਨੂੰ ਹੈਲਥ ਸੇਵਾਵਾਂ ਮੁਫਤ ਮਿਲ ਰਹੀਆਂ ਹਨ। ਇਸ ਵਿਚ ਗਲਤ ਕੀ ਹੈ?

ਸ਼੍ਰੀ ਬ੍ਰਹਮ ਮਹਿੰਦਰਾ : ਕੀ ਮੁਫਤ ਮਿਲਣਾ ਹੈ? (ਵਿਘਨ)

ਮਾਨਯੋਗ ਸਪੀਕਰ : ਸ਼੍ਰੀ ਬ੍ਰਹਮ ਮਹਿੰਦਰਾ ਜੀ, ਇਸ ਤੋਂ ਬਾਅਦ ਤੁਹਾਡੀ ਵਾਰੀ ਹੈ, ਤੁਸੀਂ ਹੁਣ ਡਿਸਟਰਬ ਨਾ ਕਰੋ, ਤੁਸੀਂ ਆਪਣੀ ਵਾਰੀ ਤੇ ਬੋਲ ਲੈਣਾ।

ਸ਼੍ਰੀ ਬ੍ਰਹਮ ਮਹਿੰਦਰਾ : ਸੌਰੀ, ਸਰ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਕੈਂਸਰ ਦੀ ਬਿਮਾਰੀ ਵਾਸਤੇ ਜੋ ਪੈਸਾ ਸਰਕਾਰ ਦੇ ਰਹੀ ਹੈ, ਹੋ ਸਕਦਾ ਹੈ ਕਿ ਉਹ ਪੈਸਾ ਘੱਟ ਹੈ, ਇਸ ਤੇ ਚਰਚਾ ਹੋ ਸਕਦੀ ਹੈ। ਰਾਜਪਾਲ ਜੀ ਨੇ ਅਗਰ ਇਸ ਬਾਰੇ ਕਿਹਾ ਹੈ ਕਿ ਸਰਕਾਰ ਇਸ ਪਾਸੇ ਸੰਵੇਦਨਸ਼ੀਲ ਹੈ ਤਾਂ ਉਸ ਵਿਚ ਗਲਤ ਕੀ ਹੈ? ਜੇਕਰ ਕਿਸੇ ਮਰੀਜ਼ ਨੂੰ 1.5 ਲੱਖ ਰੁਪਿਆ ਮਿਲਦਾ ਹੈ, ਉਹ ਘੱਟ ਹੋਵੇ ਤਾਂ ਇਹ ਤਾਂ ਡਿਬੇਟ ਦਾ ਵਿਸ਼ਾ ਹੋ ਸਕਦਾ ਹੈ ਪਰ ਇਹ ਤਾਂ ਨਹੀਂ ਹੋਣਾ ਚਾਹੀਦਾ ਕਿ ਤੁਸੀਂ 1.5 ਲੱਖ ਰੁਪਿਆ ਦੇ ਕੇ ਗਲਤ ਕਰ ਰਹੇ ਹੋ। ਇਹ ਪੈਸਾ ਸਿੱਧਾ ਮਰੀਜ਼ ਨੂੰ ਦੇਣਾ ਹੈ ਜਾਂ ਹਸਪਤਾਲਾਂ ਨੂੰ ਦੇਣਾ ਹੈ ਇਸ਼ ਬਾਰੇ ਤਾਂ ਵਿਚਾਰ ਚਰਚਾ ਕੀਤੀ ਜਾ ਸਕਦੀ ਹੈ। ਇਹ ਜਿਹੜੇ ਵਿਸ਼ੇ ਰਾਜਪਾਲ ਜੀ ਨੇ ਧਿਆਨ ਵਿਚ ਲਿਆਂਦੇ ਹਨ। ਪੰਜਾਬ ਅਤੇ ਪੰਜਾਬੀਆਂ ਦਾ ਭਲਾ ਇਸੇ ਗੱਲ ਵਿਚ ਹੈ ਕਿ ਇਨ੍ਹਾਂ ਵਿਸ਼ਿਆਂ ਨੂੰ ਅੱਗੇ ਲੈ ਕੇ ਚੱਲੀਏ। ਇਸ ਵਿਚ ਕੀ ਝੂਠ ਹੈ ਕਿ ਚੋਣਾਂ ਅਮਨ ਸ਼ਾਂਤੀ ਨਾਲ ਹੋਈਆਂ ਹਨ। ਕੋਈ ਵੀ ਚੋਣਾਂ ਕਿਸੇ ਰਾਜ ਦੇ ਲੋਕਾਂ ਦੇ ਮਨਾਂ ਵਿਚ ਚੱਲ ਰਹੇ ਵਿਚਾਰਾਂ ਦਾ ਪ੍ਰਤੀਬਿੰਬ ਹੁੰਦੀਆਂ ਹਨ। ਹੁਣ ਇਹ ਚੋਣਾਂ ਅਮਨ ਸ਼ਾਂਤੀ ਨਾਲ ਹੋਈਆਂ ਹਨ। ਇਕ ਦੋ ਘਟਨਾਵਾਂ ਅਜਿਹੀਆਂ ਸਨ ਕਿ ਜੇਕਰ ਉਹ ਨਾ ਹੁੰਦੀਆਂ ਤਾਂ ਸੋਨੇ ਤੇ ਸੋਹਾਗਾ ਸੀ। ਜੇਕਰ ਇਹ ਘਟਨਾਵਾਂ ਨਾ ਹੁੰਦੀਆਂ ਤਾਂ ਅਸੀਂ ਆਪਣੀ ਪਿੱਠ ਪੂਰੀ ਤਰ੍ਹਾਂ ਥਪਥਪਾ ਸਕਦੇ ਸੀ। ਪਰ ਪੰਜਾਬ ਵਿਚ ਅਮਨ ਸ਼ਾਂਤੀ ਨਾਲ ਚੋਣਾਂ ਹੋ ਜਾਣਾ ਕਿੰਨੀ ਵੱਡੀ ਗੱਲ ਹੈ। ਆਪਣੀਆਂ ਆਪਣੀਆਂ ਪਾਰਟੀਆਂ ਦੀ ਦਸ਼ਾ ਦੇਖ ਲਓ। ਇਸ ਤੋਂ ਵੀ ਸ਼ੀਸ਼ਾ ਨਹੀਂ ਦੇਖ ਸਕਦੇ। ਇਨ੍ਹਾਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਨੂੰ ਪੂਰਨ ਬਹੁਮਤ ਪ੍ਰਾਪਤ ਹੋਇਆ ਹੈ। ਮੈਂ ਅਮਨ ਸ਼ਾਂਤੀ ਨਾਲ ਚੋਣਾਂ ਕਰਾਉਣ ਲਈ ਬਾਦਲ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਸਾਹਿਬ ਦਾ ਅਤੇ ਪੂਰੀ ਸਰਕਾਰ ਦਾ ਧੰਨਵਾਦ ਕਰਦਾ ਹਾਂ। ਇਸ ਵਿਚ ਗਲਤ ਕੀ ਹੈ? ਰਾਜਪਾਲ ਜੀ ਨੇ ਅਗਰ ਕਿਹਾ ਹੈ ਕਿ ਪੰਜਾਬ ਵਿਚ ਅਮਨ ਸ਼ਾਂਤੀ ਨਾਲ ਚੋਣਾਂ ਹੋਈਆਂ ਹਨ ਤਾਂ ਇਸ ਵਿਚ ਗਲਤ ਕੀ ਹੈ।

ਸਰਦਾਰ ਲਾਲ ਸਿੰਘ : **

ਮਾਨਯੋਗ ਸਪੀਕਰ : ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਸਿਰਫ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਦੀ ਸਪੀਚ ਹੀ ਰਿਕਾਰਡ ਕੀਤੀ ਜਾਵੇ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ : ਮੈਂ ਪਹਿਲਾਂ ਹੀ ਜ਼ਿਕਰ ਕਰ ਦਿੱਤਾ ਹੈ ਕਿ ਇਕ ਦੋ ਘਟਨਾਵਾਂ ਹੋਈਆਂ ਹਨ। ਪਰ ਇਨ੍ਹਾਂ ਚੋਣਾਂ ਤੋਂ ਜਿਹੜੀ ਤਸਵੀਰ ਨਿਕਲ ਕੇ ਆਈ ਹੈ ਕਿ ਉਹ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਲੋਕਾਂ ਨੇ ਪੂਰਨ ਬਹੁਮਤ ਦਿੱਤਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਜਿਸ ਸੋਚ ਨੂੰ, ਜਿਸ ਵਿਕਾਸ ਦੀ ਧਾਰਾ ਨੂੰ ਤੁਸੀਂ ਅੱਗੇ ਵਧਾਇਆ ਹੈ, ਉਸ ਲਈ ਅਸੀਂ ਤੁਹਾਡੇ ਧੰਨਵਾਦੀ ਹਾਂ। ਜੇਕਰ ਸ਼ਹਿਰਾਂ ਵਿਚ ਜਾ ਕੇ ਸਰਕਾਰ ਇਹ ਕਹਿੰਦੀ ਹੈ ਕਿ 2017 ਤੱਕ ਸੀਵਰੇਜ ਪਾ ਦਿਆਂਗੇ ਤਾਂ ਇਸ ਵਿਚ ਗਲਤ ਕੀ ਹੈ? ਜੇਕਰ ਸਰਕਾਰ ਨੇ ਕਿਹਾ ਹੈ ਕਿ ਪੂਰੀ ਤਰ੍ਹਾਂ ਸ਼ੁੱਧ ਪਾਣੀ ਦਿਆਂਗੇ ਤਾਂ ਇਸ ਗੱਲ ਤੇ ਇਤਰਾਜ਼ ਕੀ ਹੈ? ਇਨ੍ਹਾਂ ਨੇ ਕਿਹਾ ਹੈ ਕਿ ਟਾਈਮ ਹੋ ਗਿਆ ਹੈ, ਮੈਂ ਆਪਣੇ ਟਾਈਮ ਤੋਂ ਉਪਰ ਇਕ ਮਿੰਟ ਵੀ ਨਹੀਂ ਲਵਾਂਗਾ, ਇਹ ਮੇਰੀ ਆਦਤ ਹੈ। ਇਸ ਕਰਕੇ ਜੋ ਬੀਬੀ ਜੀ ਨੇ ਰਾਜਪਾਲ ਜੀ ਦੇ ਭਾਸ਼ਣ ਦੇ ਉੱਤੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਉਸ ਨੂੰ ਸੈਕਿੰਡ ਵੀ ਕਰਦਾ ਹਾਂ ਅਤੇ ਉਸ ਦੀ ਪ੍ਰਸੰਸਾ ਵੀ ਕਰਦਾ ਹਾਂ। ਸਪੀਕਰ ਸਾਹਿਬ, ਆਪ ਜੀ ਨੇ ਮੈਨੂੰ ਸਮਾਂ ਦਿੱਤਾ ਹੈ ਤਾਂ ਮੈਂ ਆਪ ਜੀ ਦਾ ਵੀ ਧੰਨਵਾਦ ਕਰਦਾ ਹਾਂ। ਮੈਂ ਅਖੀਰ ਦੇ ਵਿੱਚ ਇਹ ਹੀ ਕਹਾਂਗਾ ਕਿ ਕਿੰਤੂ-ਪ੍ਰੰਤੂ ਇੱਕ ਦੂਜੇ ਦੇ ਉਪਰ ਕਰਨਾ ਛੱਡ ਦੇਈਏ।

"ਆਓ ਜਲਾਏ ਦੀਪ ਵਹਾਂ, ਜਹਾਂ ਅਭੀ ਭੀ ਅੰਧੇਰਾ ਹੈ"

ਮਾਨਯੋਗ ਸਪੀਕਰ : ਸ਼੍ਰੀ ਬ੍ਰਹਮ ਮਹਿੰਦਰਾ ਜੀ। ਹੁਣ ਤੁਸੀਂ ਜੋ ਕਹਿਣਾ ਹੈ ਕਹਿ ਲਓ। ਤੁਸੀਂ ਮੇਰੀ ਬੇਨਤੀ ਨੂੰ ਗਲਤ ਸਮਝ ਗਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਉਹ ਬੋਲ ਰਹੇ ਹਨ ਤੇ ਤੁਹਾਡੀ ਵਾਰੀ ਆਉਣੀ ਹੈ, ਤੁਸੀਂ ਆਪਣੀ

**Not recorded as ordered by the Chair.

ਦਲੀਲ ਵਿੱਚ ਜੋ ਕਹਿਣਾ ਹੈ ਉਹ ਕਹਿ ਲੈਣਾ ਲੇਕਿਨ ਵਿਚੋਂ ਹੀ ਡਿਸਟਰਬ ਕਰਨਾ, ਇਹ ਚੰਗਾ ਨਹੀਂ ਲੱਗਦਾ। ਇਹ ਤੁਹਾਡੀ ਸ਼ਾਨ ਦੇ ਉਲਟ ਹੈ। ਮੈਂ ਇਸ ਤਰ੍ਹਾਂ ਕਹਾਂ ਕਿ ਇਹ ਮੈਨੂੰ ਆਪ ਨੂੰ ਹੀ ਚੰਗਾ ਨਹੀਂ ਲੱਗਦਾ, ਲੇਕਿਨ ਇਹ ਤੁਹਾਡੀ ਸ਼ਾਨ ਦੇ ਜ਼ਿਆਦਾ ਉਲਟ ਹੈ।

ਸ਼੍ਰੀ ਬ੍ਰਹਮ ਮਹਿੰਦਰਾ (ਪਟਿਆਲਾ ਦਿਹਾਤੀ) : ਸਪੀਕਰ ਸਾਹਿਬ, ਮੇਰਾ ਟਾਈਮ ਕਿੰਨਾ ਹੈ?

ਮਾਨਯੋਗ ਸਪੀਕਰ : ਤੁਹਾਡਾ ਟਾਈਮ 20 ਮਿੰਟ ਹੈ। ਤੁਹਾਡੀ ਪਾਰਟੀ ਦੇ ਲੀਡਰ ਨੇ ਲਿਖ ਕੇ ਭੇਜਿਆ ਹੈ। ਇਹ 20 ਮਿੰਟ ਮੈਂ ਆਪ ਨਹੀਂ ਅਲਾਟ ਕੀਤੇ, ਤੁਹਾਡੀ ਪਾਰਟੀ ਦੇ ਲੀਡਰ ਨੇ ਕੀਤਾ ਹੈ। ਤੁਸੀਂ ਸਟਾਰਟ ਤਾਂ ਕਰੋ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਥੈਂਕਸ ਮੋਸ਼ਨ ਦੇ ਮਤੇ ਦੇ ਵਿਰੋਧਤਾ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਤੁਹਾਡਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਗੱਲ ਸਮੇਂ ਤੋਂ ਹੀ ਸ਼ੁਰੂ ਕਰ ਲੈਂਦੇ ਹਾਂ । ਸਪੀਕਰ ਸਾਹਿਬ, ਇਹ 55 ਸਫਿਆਂ ਦਾ ਰਾਜਪਾਲ ਸਾਹਿਬ ਦਾ ਭਾਸ਼ਣ ਹੈ ਅਤੇ 247 ਪੈਰਾਗਰਾਫਜ਼ ਹਨ ਔਰ ਇਸ ਦੇ ਵਿੱਚ ਮੈਂ ਸਮਝਦਾ ਹਾਂ ਇਹ ਸਰਕਾਰ ਦਾ ਆਉਣ ਵਾਲੇ ਸਾਲ ਲਈ ਪੰਜਾਬ ਦੇ ਲੋਕਾਂ ਵਾਸਤੇ, ਪੰਜਾਬ ਦੀ ਡਿਵੈਲਪਮੈਂਟ ਵਾਸਤੇ ਇੱਕ ਰੋਡ ਮੈਪ ਹੈ, ਪਾਲਿਸੀ ਹੈ। ਇਸ ਦੀ ਡਿਸਕਸ਼ਨ ਲਈ ਤੁਸੀਂ ਦੋ ਘੰਟੇ ਅੱਜ ਰੱਖੇ ਹਨ, ਦੋ ਘੰਟੇ ਕੱਲ੍ਹ ਲਈ ਰੱਖੇ ਹਨ। ਸਪੀਕਰ ਸਾਹਿਬ, ਪੰਜਾਬ ਦੇ ਲੋਕ ਉਡੀਕਦੇ ਹੁੰਦੇ ਹਨ ਕਿ ਵਿਧਾਨ ਸਭਾ ਸੈਸ਼ਨ ਹੋਏਗਾ, ਸੈਸ਼ਨ ਬੈਠੇਗਾ ਤਾਂ ਇਸ ਵਿੱਚ ਸਾਡੇ ਮੁੱਦੇ, ਸਾਡੇ ਇਸ਼ੂਜ਼ ਬਾਰੇ ਤੇ ਸਾਡੀ ਡਿਵੈਲਪਮੈਂਟ ਦੀ ਗੱਲ ਹੋਏਗੀ, ਪਰ ਕੀ ਤੁਸੀਂ ਸਮਝਦੇ ਹੋ ਕਿ ਕੀ ਚਾਰ ਘੰਟਿਆਂ ਦੇ ਵਿੱਚ 247 ਪੈਰਾਗਰਾਫਜ ਹਨ ਇਨ੍ਹਾਂ ਨੂੰ ਆਪਾਂ ਡਿਸਕਸ ਕਰਕੇ ਜਸਟੀਫਾਈ ਕਰ ਸਕਦੇ ਹਾਂ? ਮੈਂ ਇਸ ਗੱਲ ਦੀ ਨਿਖੇਧੀ ਕਰਦਾ ਹਾਂ, ਮੈਂ ਇਸ ਗੱਲ ਨੂੰ ਕੰਡੈਮ ਕਰਦਾ ਹਾਂ। ਇਸ ਸੋਚ ਨੂੰ ਵੀ ਕੰਡੈਮ ਕਰਦਾ ਹਾਂ ਕਿ ਇੰਨਾ ਛੋਟਾ ਸੈਸ਼ਨ ਹੈ ਔਰ ਇਸ ਗੱਲ ਲਈ ਇੰਨਾ ਇਹ ਛੋਟਾ ਪੀਰੀਅਡ ਹੈ।

ਮਾਨਯੋਗ ਸਪੀਕਰ : ਮੈਂ ਤੁਹਾਡੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਸੈਸ਼ਨ ਇੱਕ ਘੰਟਾ ਅੱਜ ਵਧਣਾ ਹੈ ਅਤੇ ਇੱਕ ਘੰਟਾ ਕੱਲ੍ਹ ਵਧਣਾ ਹੈ। ਮੈਂ ਦੋ ਘੰਟੇ ਇਸ ਕਰਕੇ ਹੀ ਵਧਾ ਦਿੱਤੇ ਹਨ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਗੱਲ ਤਾਂ ਇਹ ਹੈ ਕਿ ਇਹ ਦੋ ਦਿਨਾਂ ਵਿੱਚ ਕਿਵੇਂ ਡਿਸਕਸ ਹੋਵੇਗਾ। ਇਹ ਇੰਨੇ ਮੁੱਦੇ, ਇੰਨੇ ਇਸ਼ੂ ਹਨ ਇਸ ਲਈ ਮੈਂ ਇਸ ਗੱਲ ਦੀ ਨਿਖੇਧੀ ਵੀ ਕਰਦਾ ਹਾਂ ਕਿ ਸੈਸ਼ਨ ਵੱਡਾ ਹੋਣਾ ਚਾਹੀਦਾ ਹੈ। ਆਪਾਂ ਛੋਟੇ ਸੈਸ਼ਨ ਕਰਨੇ ਬੰਦ ਕਰੀਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਛੇ-ਛੇ ਦਿਨ ਤਾਂ ਗਵਰਨਰ ਦੇ ਭਾਸ਼ਣ ਤੇ ਡਿਬੇਟ ਚਲਣੀ ਚਾਹੀਦੀ ਹੈ ਤਾਂ ਕਿ ਜਿਹੜੇ ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ ਉਨ੍ਹਾਂ ਦੀਆਂ ਸਾਰੇ ਅਸੀਂ ਗੱਲਾਂ ਤਾਂ ਕਰ ਸਕੀਏ ਪਰ ਆਪਾਂ ਇਸ ਗੱਲ ਨੂੰ ਜਸਟੀਫਾਈ ਹੀ ਨਹੀਂ ਕਰ ਰਹੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 13ਵੀਂ ਵਿਧਾਨ ਸਭਾ ਔਰ 14ਵੀਂ ਵਿਧਾਨ ਸਭਾ ਵਿੱਚ ਗਵਰਨਰਾਂ ਦੇ ਇਹ 7 ਭਾਸ਼ਣਾਂ ਦੇ ਵਿੱਚ ਕਿੰਨੇ ਹੀ ਪੇਜਿਜ਼ ਹੁੰਦੇ ਹਨ, ਇਨ੍ਹਾਂ ਵਿੱਚ ਕਿੰਨੇ ਹੀ ਇਸ਼ੂਜ਼ ਇਨਵਾਲਵ ਹੁੰਦੇ ਹਨ ਉਨ੍ਹਾਂ ਤੇ ਡਿਸਕਸ਼ਨ ਨਹੀਂ ਹੋਈ, ਉਨ੍ਹਾਂ ਤੇ ਜ਼ਿਆਦਾ ਡਿਬੇਟ ਨਹੀਂ ਹੋ ਸਕੀ। ਇਹ ਕੋਈ ਕੁਝ ਨਹੀਂ ਕਹਿ ਸਕਦਾ ਕਿ ਉਸ ਵਿੱਚੋਂ ਕਿੰਨੇ ਕੁ ਪੈਰਾਗਰਾਫਜ਼ ਇੰਪਲੀਮੈਂਟ ਹੋ ਗਏ ਹਨ। ਕਿੰਨੀਆਂ ਪਾਲਿਸੀਜ਼ ਇੰਪਲੀਮੈਂਟ ਹੋ ਗਈਆਂ ਹਨ। ਆਪਾਂ ਕੁਝ ਵੀ ਨਹੀਂ ਕਹਿ ਸਕਦੇ ਹਾਂ ਕਿਉਂਕਿ ਗਵਰਨਰ ਦਾ ਐਡਰੈਸ ਪੜਿਆ ਜਾਂਦਾ ਹੈ, ਪੜ੍ਹੇ ਜਾਣ ਤੋਂ ਬਾਅਦ ਵੋਟਿੰਗ ਹੋ ਜਾਂਦੀ ਹੈ ਅਤੇ ਇਹ ਪਾਸ ਹੋ ਜਾਂਦਾ ਹੈ, ਉਸ ਤੋਂ ਬਾਅਦ ਪੂਰਾ ਸਾਲ ਗਵਰਨਰ ਦੇ ਐਡਰੈਸ ਨੂੰ ਕੋਈ ਦੇਖਦਾ ਨਹੀਂ ਹੈ। ਕੋਈ ਸਰਕਾਰ ਦਾ ਐਸਾ ਮਹਿਕਮਾ ਨਹੀਂ ਹੈ ਜੋ ਇਸ ਬਾਰੇ ਮੋਨੀਟਰਿੰਗ ਕਰਦਾ ਹੋਵੇ ਕਿ ਗਵਰਨਰ ਦੇ ਐਡਰੈਸ ਦੇ ਜਿਹੜੇ 247 ਪੈਰਾਗਰਾਫਜ਼ ਸਨ ਉਸ ਦੇ ਵਿੱਚ ਅਸੀਂ ਕਿੰਨਾ ਕੁਝ ਇੰਪਲੀਮੈਂਟ ਕਰ ਲਿਆ ਹੈ, ਕਿੰਨਾ ਕੁਝ ਰਹਿ ਗਿਆ ਹੈ। ਮੈਂ ਇਹ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਸਾਲ 2007 ਤੋਂ 2012 ਤੱਕ ਦੇ ਪੰਜ ਗਵਰਨਰ ਸਾਹਿਬਾਨ ਦੇ ਭਾਸ਼ਣਾਂ ਉਤੇ ਕੀ ਕੁਝ ਕੰਮ ਹੋਇਆ, ਕੀ ਕੁਝ ਇੰਪਲੀਮੈਂਟ ਹੋਇਆ ਹੈ, ਕਿੰਨਾ ਕੁ ਪੰਜਾਬ ਦੇ ਭਲੇ ਲਈ ਅਸੀਂ ਕਰ ਚੁੱਕੇ ਹਾਂ, ਇਸ ਦੇ ਲਈ ਇੱਕ ਵ੍ਹਾਈਟ ਪੇਪਰ ਲਿਆਂਦਾ ਹੋਵੇ। 6 ਮਹੀਨਿਆਂ ਦੇ ਅੰਦਰ ਅੰਦਰ ਵ੍ਹਾਈਟ ਪੇਪਰ ਆਵੇ ਤਾਂ ਕਿ ਅਗਲੀ ਵਿਧਾਨ ਸਭਾ ਵਿੱਚ ਅਸੀਂ ਸਾਰੇ ਮੁੱਦਿਆਂ ਤੇ ਡਿਸਕਸ ਕਰ ਸਕੀਏ। ਇੰਨਾ ਟਾਈਮ ਮਿਲਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਮਹਿਸੂਸ ਕਰਨ ਕਿ ਸਾਡੇ ਚੁਣੇ ਹੋਏ ਨੁਮਾਇੰਦੇ ਵਿਧਾਨ ਸਭਾ ਅੰਦਰ ਸਾਡੀਆਂ ਗੱਲਾਂ ਕਰਦੇ ਹਨ। ਸਾਨੂੰ ਤਾਂ ਗੱਲਾਂ ਕਰਨ ਦਾ ਟਾਈਮ ਹੀ ਨਹੀਂ ਮਿਲਦਾ। ਮੇਰੀ ਬੇਨਤੀ ਹੈ ਕਿ ਇਸ ਪਾਸੇ ਪੂਰਾ ਧਿਆਨ ਦਿੱਤਾ ਜਾਵੇ। ਮੈਂ ਮੁੱਖ ਮੰਤਰੀ ਸਾਹਿਬ ਤੋਂ ਉਮੀਦ ਕਰਦਾ ਹਾਂ ਕਿ ਇਹ ਇਨ੍ਹਾਂ ਸੱਤ ਗਵਰਨਰ

ਭਾਸ਼ਣਾਂ ਤੇ ਵ੍ਹਾਈਟ ਪੇਪਰ ਲਿਆਉਣਗੇ ਕਿ ਇਨ੍ਹਾਂ ਵਿੱਚ ਕਿੰਨੇ ਮੁੱਦੇ ਸੀ, ਕਿੰਨੇ ਪੈਰਾਗਰਾਫ ਸਨ ਅਤੇ ਅਸੀਂ ਉਨ੍ਹਾਂ ਤੇ ਇਹ ਇਹ ਕੰਮ ਕੀਤਾ ਹੈ ਤਾਂ ਕਿ ਅਸੀਂ ਵੀ ਉਸ ਵਿੱਚ ਕੋਈ ਹਿੱਸਾ ਪਾ ਸਕੀਏ। ਇਹੀ ਮੇਰੀ ਗੁਜ਼ਾਰਿਸ਼ ਹੈ।

ਸਪੀਕਰ ਸਾਹਿਬ, ਅੱਜ ਅਸੀਂ ਮੁੱਖ ਮੰਤਰੀ ਸਾਹਿਬ ਨੂੰ ਮੁਬਾਰਕਬਾਦ ਦਿੱਤੀ ਹੈ ਕਿ ਉਨ੍ਹਾਂ ਨੂੰ "ਪਦਮ ਵਿਭੂਸ਼ਣ" ਦਾ ਅਵਾਰਡ ਮਿਲਿਆ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਦੀ ਸਟੇਟਸਮੈਨਸ਼ਿਪ, ਉਨ੍ਹਾਂ ਦਾ ਪੰਜ ਵਾਰ ਮੁੱਖ ਮੰਤਰੀ ਰਹਿਣਾ, ਉਨ੍ਹਾਂ ਦਾ ਇੰਨਾ ਲੰਬਾ ਰਾਜਨੀਤਿਕ ਤਜਰਬਾ ਅਤੇ ਉਸ ਰਾਜਨੀਤਿਕ ਜੀਵਨ ਵਿੱਚ ਵਿਚਰਦੇ ਹੋਏ ਉਨ੍ਹਾਂ ਨੇ ਬਹੁਤ ਚੰਗੇ ਕੰਮ ਕੀਤੇ ਹਨ। ਪਰ ਚੀਫ ਮਨਿਸਟਰ ਦੇ ਤੌਰ ਤੇ ਜਿਹੜੇ ਉਨ੍ਹਾਂ ਨੇ ਕੰਮ ਕੀਤੇ ਉਨ੍ਹਾਂ ਤੇ ਕਿੰਤੂ ਪਰੰਤੂ ਵੀ ਹੋਣਾ ਹੈ, ਅਸੀਂ ਉਨ੍ਹਾਂ ਦੀ ਪਰਫਾਰਮੈਂਸ ਨੂੰ ਵੀ ਦੇਖਣਾ ਹੈ ਅਤੇ ਪਰਫਾਰਮੈਂਸ ਦੇਖਦੇ ਹੋਏ ਅਸੀਂ ਗਲਤੀਆਂ ਵੀ ਕੱਢਣੀਆਂ ਹਨ ਅਤੇ ਅਸੀਂ ਕੰਸਟਰੱਕਟਿਵ ਕ੍ਰਿਟੀਸਿਜ਼ਮ ਵੀ ਕਰਨਾ ਹੈ ਕਿ ਕਿੱਥੇ ਕੀ ਕਰਨਾ ਚਾਹੀਦਾ ਸੀ ਅਤੇ ਕੀ ਮੁੱਖ ਮੰਤਰੀ ਜੀ ਨੇ ਨਹੀਂ ਕੀਤਾ।

ਰਾਜਪਾਲ ਜੀ ਦੇ ਭਾਸ਼ਣ ਵਿੱਚ ਚੰਡੀਗੜ੍ਹ ਦੇ ਮਾਮਲੇ ਦਾ ਜ਼ਿਕਰ ਹੋ ਰਿਹਾ ਹੈ। ਇਹ ਪੰਜ ਵਾਰ ਮੁੱਖ ਮੰਤਰੀ ਰਹੇ ਹਨ। ਮੈਂ ਇਹ ਗੱਲ ਰਿਪੀਟ ਕਰਦਾ ਹਾਂ। ਇਹ ਕੇਂਦਰ ਵਿੱਚ ਦੋ ਵਾਰ ਕੈਬਨਿਟ ਮਨਿਸਟਰ ਰਹੇ ਹਨ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਵੀ ਕੇਂਦਰ ਵਿੱਚ ਮੰਤਰੀ ਰਹੇ ਹਨ। 1977 ਵਿੱਚ ਸ਼੍ਰੀ ਮੋਰਾਰਜੀ ਦੇਸਾਈ ਜੀ ਦੀ ਸਰਕਾਰ ਸੀ, ਇਨ੍ਹਾਂ ਦੀ ਉਸ ਵਿੱਚ ਭਾਈਵਾਲੀ ਸੀ। 1977 ਤੋਂ ਬਾਅਦ 1997 ਤੋਂ 2002 ਦੀ ਸਰਕਾਰ ਵਿੱਚ ਇਹ ਚੀਫ ਮਨਿਸਟਰ ਬਣ ਕੇ ਸਰਕਾਰ ਵਿੱਚ ਆਏ। ਸ਼੍ਰੀ ਵਾਜਪਾਈ ਜੀ ਦੀ ਅਤੇ ਸ਼੍ਰੀ ਮੋਰਾਰਜੀ ਦੇਸਾਈ ਦੀ, ਸ਼੍ਰੀ ਦੇਵਗੌੜਾ ਅਤੇ ਸ਼੍ਰੀ ਇੰਦਰ ਕੁਮਾਰ ਗੁਜਰਾਲ ਦੀ ਸਰਕਾਰ ਆਈ। ਇਨ੍ਹਾਂ ਸਾਰੀਆਂ ਸਰਕਾਰਾਂ ਵਿੱਚ ਇਹ ਹਿੱਸੇਦਾਰ ਸਨ। ਜਦੋਂ ਵਾਜਪਾਈ ਸਾਹਿਬ ਦੀ ਸਰਕਾਰ ਸੀ ਤਾਂ ਹਰਿਆਣਾ ਵਿੱਚ ਵੀ ਬੀ.ਜੇ.ਪੀ. ਦੀ ਸਰਕਾਰ ਸੀ। ਹੁਣ ਤਾਂ ਬੜਾ ਸੁਨਹਿਰੀ ਮੌਕਾ ਹੈ ਕਿ ਦਿੱਲੀ ਵਿੱਚ ਵੀ ਭਾਜਪਾ ਦੀ ਸਰਕਾਰ ਹੈ ਅਤੇ ਤੁਹਾਡੀ ਇਸ ਵਿਚ ਹਿੱਸੇਦਾਰੀ ਵੀ ਹੈ। ਹਰਿਆਣਾ ਵਿੱਚ ਵੀ ਇਸੇ ਤਰ੍ਹਾਂ ਹੈ। ਸਾਨੂੰ ਤਾਂ ਕੋਈ ਸਮਝ ਨਹੀਂ ਆਉਂਦੀ ਕਿ ਇੰਨੇ ਸਾਲਾਂ ਵਿੱਚ ਚੰਡੀਗੜ੍ਹ ਲੈ ਕੇ ਆਉਣ ਵਿੱਚ ਇਨ੍ਹਾਂ ਨੇ ਕੀ ਉਪਰਾਲਾ ਕੀਤਾ ਹੈ? ਹੋ ਸਕਦਾ ਹੈ ਕਿ ਪੰਜਾਬ ਦੇ ਲੋਕਾਂ ਨਾਲ ਚੰਡੀਗੜ੍ਹ ਦੀ ਗੱਲ ਕਰਕੇ ਕੋਈ ਇਸ਼ੂ ਕਰੀਏਟ

[ਸ਼੍ਰੀ ਬ੍ਰਹਮ ਮਹਿੰਦਰਾ]

ਕਰਦੇ ਹੋਣ। ਜਦੋਂ ਸਾਡੀਆਂ ਸਰਕਾਰਾਂ ਸਨ ਤਾਂ ਮੁੱਦਾ ਬਣਾਉਣ ਲਈ ਤਾਂ ਚੰਡੀਗੜ੍ਹ ਦੀ ਗੱਲ ਕਰਦੇ ਹੋਣਗੇ ਪਰ ਇਨ੍ਹਾਂ ਨੇ ਇਸ ਸਬੰਧ ਵਿਚ ਕਦੇ ਕੋਈ ਪਾਜ਼ੇਟਿਵ ਕੰਮ ਨਹੀਂ ਕੀਤਾ। ਚੰਡੀਗੜ੍ਹ ਅਤੇ ਪੰਜਾਬ ਦਾ ਬੱਚਾ ਬੱਚਾ ਕਹਿੰਦਾ ਹੈ ਕਿ -

ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ।

ਪਹਿਲਾਂ ਇਨ੍ਹਾਂ ਨੇ ਚੰਡੀਗੜ੍ਹ ਪੰਜਾਬ ਕੋਲ ਲਿਆਉਣ ਦਾ ਕੋਈ ਉਪਰਾਲਾ ਨਹੀਂ ਕੀਤਾ। ਹੁਣ ਲੈ ਕੇ ਆਏ ਹਨ, ਬੜੀ ਖੁਸ਼ੀ ਦੀ ਗੱਲ ਹੈ। ਮੈਂ ਇਸ ਤੇ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਜੇ ਉਪਰਾਲਾ ਕਰਨਾ ਹੈ, ਜੇ ਤੁਸੀਂ ਸੀਰੀਅਸ ਹੋ ਤਾਂ ਪੰਜਾਬ ਨੂੰ ਚੰਡੀਗੜ੍ਹ ਦੇਣ ਲਈ ਹਾਊਸ ਵਿੱਚ ਰੈਜ਼ੋਲਿਊਸ਼ਨ ਲਿਆਂਦਾ ਜਾਵੇ ਅਤੇ ਸਮਾਂ ਬੱਧ ਫੈਸਲਾ ਕੀਤਾ ਜਾਵੇ ਕਿ ਇੰਨੇ ਸਮੇਂ ਵਿੱਚ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ।।ਅਸੀਂ ਇਸ ਗੱਲ ਤੇ ਇਨ੍ਹਾਂ ਦਾ ਸਾਥ ਦੇਵਾਂਗੇ। ਸਾਡੇ ਵੱਲੋਂ ਇਸ ਰੈਜ਼ੋਲਿਊਸ਼ਨ ਦੀ ਸਪੋਰਟ ਕੀਤੀ ਜਾਵੇਗੀ (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)। ਇਹ ਸਭ ਲੋਕ, ਸਾਰੀਆਂ ਪੁਲੀਟੀਕਲ ਪਾਰਟੀਆਂ ਮਹਿਸੂਸ ਕਰਦੀਆਂ ਹਨ ਕਿ ਚੰਡੀਗੜ੍ਹ ਪੰਜਾਬ ਦਾ ਹੈ।ਅਸੀਂ ਵੀ ਮਹਿਸੂਸ ਕਰਦੇ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਇੱਕ ਮਿੰਟ, ਬ੍ਰਹਮ ਮਹਿੰਦਰਾ ਜੀ। ਵਲਟੋਹਾ ਸਾਹਿਬ ਦਾ ਪੁਆਇੰਟ ਆਫ ਆਰਡਰ ਹੈ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਬੜੇ ਸਤਿਕਾਰਯੋਗ ਮੈਂਬਰ ਬ੍ਰਹਮ ਮਹਿੰਦਰਾ ਜੀ ਬੋਲ ਰਹੇ ਸਨ। ਮੈਂ ਟੋਕਣਾ ਤਾਂ ਨਹੀਂ ਚਾਹੁੰਦਾ ਸੀ ਪਰ ਕੀ ਇਹ ਦੱਸਣਗੇ ਕਿ 26 ਜਨਵਰੀ, 1986 ਨੂੰ ਉਸ ਸਮੇਂ ਦੀ ਕੇਂਦਰ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣਾ ਸੀ। ਬੜੀਆਂ ਜੇਲ੍ਹਾਂ ਕੱਟਣ ਅਤੇ ਕੁਰਬਾਨੀਆਂ ਤੋਂ ਬਾਅਦ ਜਿਹੜਾ ਅਕਾਰਡ ਹੋਇਆ ਸੀ ਉਸ ਤੋਂ ਬਾਅਦ ਧੋਖਾ ਕਿਸ ਨੇ ਕੀਤਾ? ਉਹ ਵੀ ਬ੍ਰਹਮ ਮਹਿੰਦਰਾ ਜੀ ਦੱਸ ਦੇਣ ਕਿ 26 ਜਨਵਰੀ, 1986 ਨੂੰ ਰਾਜੀਵ ਗਾਂਧੀ ਜੀ ਦੀ ਸਰਕਾਰ ਵੱਲੋਂ ਬਾਕਾਇਦਾ ਐਲਾਨ ਕੀਤਾ ਗਿਆ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ। ਉਹ ਕਿਉਂ ਨਹੀਂ ਦਿੱਤਾ ਗਿਆ?

ਮਾਨਯੋਗ ਸਪੀਕਰ : ਹਾਂ ਜੀ, ਬ੍ਰਹਮ ਮਹਿੰਦਰਾ ਜੀ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਪਿਛਲੇ ਸਾਲਾਂ ਵਿਚ ਜਿਹੜੀ ਗੱਲ ਨਹੀਂ ਹੋ ਸਕੀ ਤਾਂ ਇਸ ਦਾ ਮਤਲਬ ਆਪਾਂ ਉਸ ਦੇ ਮਗਰ ਹੀ ਪਏ ਰਹਿਣਾ ਹੈ। ਆਪਾਂ ਨੂੰ ਆਪਣੇ ਆਪ ਵੇਖਣਾ ਚਾਹੀਦਾ ਹੈ। ਸਾਡੇ ਆਪਣੇ ਸਟੇਟਸਮੈਨ ਲੀਡਰ ਹਨ, ਉਨ੍ਹਾਂ ਦੇ ਕੀ ਉਪਰਾਲੇ ਰਹੇ ਹਨ। ਮੈਂ ਤਾਂ ਇਕ ਸੁਝਾਓ ਦਿੱਤਾ ਹੈ ਕਿ ਆਪਾਂ ਇਥੇ ਰੈਜ਼ੋਲਿਊਸ਼ਨ ਪਾਸ ਕਰੀਏ, ਯੂਨਾਨੀਮਸਲੀ ਪਾਸ ਕਰੀਏ ਅਤੇ ਉਸ ਨੂੰ ਟਾਈਮ-ਬਾਊਂਡ ਕਰੀਏ ਅਤੇ ਆਉ ਦਿੱਲੀ ਚੱਲੀਏ। ਇਸ ਬਾਰੇ ਮਾਨਯੋਗ ਰਾਸ਼ਟਰਪਤੀ ਜੀ ਤੋਂ ਟਾਈਮ ਲਵੋ ਅਤੇ ਮਾਨਯੋਗ ਪ੍ਰਧਾਨ ਮੰਤਰੀ ਜੀ ਤੋਂ ਟਾਈਮ ਲਵੋ, ਆਪਾਂ ਸਾਰੇ ਚਲਦੇ ਹਾਂ ਕਿ ਚੰਡੀਗੜ੍ਹ ਤੇ ਪੰਜਾਬ ਦਾ ਹੱਕ ਹੈ, ਚੰਡੀਗੜ੍ਹ ਸਾਡਾ ਆਪਣਾ ਹੈ। ਸਪੀਕਰ ਸਾਹਿਬ, ਜਦੋਂ ਚੰਡੀਗੜ੍ਹ ਬਣਨ ਵਾਸਤੇ ਲੈਂਡ ਐਕੁਜ਼ੀਸ਼ਨ ਹੋਈ ਸੀ ਤਾਂ ਪੰਜਾਬ ਨੇ ਹੀ ਸਾਰਾ ਪੈਸਾ ਦਿੱਤਾ ਸੀ। ਜਦੋਂ ਸਟੇਟਾਂ ਟੁੱਟਦੀਆਂ ਹਨ ਅਤੇ ਨਵੀਆਂ ਸਟੇਟਾਂ ਬਣਦੀਆਂ ਹਨ ਜਿਵੇਂ ਸੌਰਾਸ਼ਟਰ ਸੀ, ਇਸ ਵਿਚੋਂ ਗੁਜਰਾਤ ਨਿਕਲਿਆ ਇਹ ਪੇਰੈਂਟ ਸਟੇਟ ਸੀ। ਮਹਾਰਾਸ਼ਟਰ ਬਣਿਆ ਤਾਂ ਇਸ ਨੂੰ ਮੁੰਬਈ ਕੈਪੀਟਲ ਮਿਲੀ। ਪਹਿਲਾਂ ਮੱਧ ਪ੍ਰਦੇਸ਼ ਸੀ ਤਾਂ ਇਸ ਵਿਚੋਂ ਛੱਤੀਸਗੜ੍ਹ ਬਣਿਆ ਤਾਂ ਭੂਪਾਲ ਰਾਜਧਾਨੀ ਮਿਲੀ ਅਤੇ ਯੂ.ਪੀ. ਨੂੰ ਲਖਨਊ ਕੈਪੀਟਲ ਮਿਲੀ। ਮੇਰੇ ਕਹਿਣ ਦਾ ਭਾਵ ਹੈ ਕਿ ਜਿਹੜੀ ਪੇਰੈਂਟ ਸਟੇਟ ਹੈ, ਉਸ ਨੂੰ ਉਸਦੀ ਕੈਪੀਟਲ ਮਿਲਣੀ ਚਾਹੀਦੀ ਹੈ। ਆਉ, ਆਪਾਂ ਸਾਰੇ ਮਿਲ ਕੇ ਉਪਰਾਲਾ ਕਰੀਏ, ਦਿੱਲੀ ਚੱਲੀਏ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਸਮੇਂ ਪੁਲੀਟੀਕਲ ਸੋਚ ਤੇ ਨਾ ਚੱਲੀਏ ਕਿਉਂਕਿ ਹੁਣ ਤਾਂ ਕੰਫਰੰਟੇਸ਼ਨ ਹੋਣੀ ਹੀ ਨਹੀਂ ਕਿਉਂਕਿ ਦਿੱਲੀ ਵਿਚ ਵੀ ਇਨ੍ਹਾਂ ਦੀ ਸਰਕਾਰ ਹੈ। ਇਹ ਮੰਗ ਤਾਂ ਉਦੋਂ ਰੱਖਦੇ ਹੁੰਦੇ ਸੀ ਤੇ ਸੈਂਟਰ-ਸਟੇਟ ਰਿਲੇਸ਼ਨ ਦੀਆਂ ਗੱਲਾਂ ਉਦੋਂ ਕਰਦੇ ਹੁੰਦੇ ਸੀ, ਜਦੋਂ ਸੈਂਟਰ ਵਿਚ ਕਾਂਗਰਸ ਦੀ ਸਰਕਾਰ ਹੁੰਦੀ ਸੀ। ਅੱਜ ਆਪਾਂ ਸੈਂਟਰ-ਸਟੇਟ ਰਿਲੇਸ਼ਨ ਵੱਲ ਵੇਖ ਲੈਂਦੇ ਹਾਂ। ਚਲੋ, ਇਸ ਤਰ੍ਹਾਂ ਕਰ ਲੈਂਦੇ ਹਾਂ ਕਿ ਇਕ ਸਾਲ ਰੱਖ ਲੈਂਦੇ ਹਾਂ। ਇਕ ਸਾਲ ਬਾਅਦ ਤੁਹਾਨੂੰ ਪੁੱਛ ਲਵਾਂਗੇ ਕਿ ਇਸ ਨਵੀਂ ਸਰਕਾਰ ਕੋਲੋਂ ਜਿਸ ਵਿਚ ਤੁਸੀਂ ਭਾਈਵਾਲ ਹੋ, ਤੁਸੀਂ ਕੀ ਪ੍ਰਾਪਤ ਕੀਤਾ ਹੈ। ਪਹਿਲਾਂ ਤਾਂ ਤੁਸੀਂ ਸਾਡੀ ਸਰਕਾਰ ਨੂੰ ਝੱਟ ਕਹਿ ਦਿੰਦੇ ਸੀ ਕਿ ਇਹ ਮਤਰੇਈ ਸਰਕਾਰ ਹੈ ਅਤੇ ਸਾਡੇ ਨਾਲ ਸਟੈਪ-ਮਦਰਲੀ ਟਰੀਟ ਕਰਦੀ ਹੈ। ਹੁਣ ਤੁਸੀਂ ਇਕ ਸਾਲ ਲੈ ਲਵੋ, ਇਕ ਸਾਲ ਬਾਅਦ ਵੇਖ ਲਵਾਂਗੇ ਕਿ ਤੁਸੀਂ ਉਥੋਂ ਕੀ ਲੈ ਕੇ ਆਉਂਦੇ ਹੋ? ਜੇਕਰ ਸਾਡੀ

[ਸ਼੍ਰੀ ਬ੍ਰਹਮ ਮਹਿੰਦਰਾ]

ਸਪੋਰਟ ਦੀ ਗੱਲ ਹੈ ਤਾਂ ਉਹ ਵੀ ਲੈ ਲਵੋ। ਇਸ ਬਾਰੇ ਆਪਾਂ ਰੈਜ਼ੋਲਿਊਸ਼ਨ ਪਾਸ ਕਰੀਏ। ਸਪੀਕਰ ਸਾਹਿਬ, ਮੈਂ ਦੂਸਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਵਿਚ ਬਹੁਤ ਡਿਵੈਲਪਮੈਂਟ ਹੋਈ ਹੈ, ਆਈ.ਟੀ. ਪਾਰਕ ਬਣਿਆ ਹੈ ਅਤੇ ਉਥੇ ਹੋਰ ਵੀ ਬਹੁਤ ਕੁਝ ਆਇਆ ਹੈ। ਮੈਂ ਸਮਝਦਾ ਹਾਂ ਕਿ ਜਿੰਨਾ ਚਿਰ ਚੰਡੀਗੜ੍ਹ ਆਪਾਂ ਨੂੰ ਨਹੀਂ ਮਿਲਦਾ ਤਾਂ ਉਦੋਂ ਤੱਕ ਗੱਲ ਨਹੀਂ ਬਣਨੀ, ਉਸ ਦੀ ਰੈਵੇਨਿਊ ਸ਼ੇਅਰਿੰਗ ਪੰਜਾਬ ਨਾਲ ਹੋਣੀ ਚਾਹੀਦੀ ਹੈ। ਇਸ ਵਾਸਤੇ ਕੋਈ ਉਪਰਾਲਾ ਕਰਕੇ ਇਹ ਕੋਈ ਰਸਤਾ ਕੱਢਣ ਅਤੇ ਇਸ ਤਰ੍ਹਾਂ ਦਾ ਇਹ ਕੋਈ ਮਕੈਨਿਜ਼ਮ ਅਪਣਾਉਣਗੇ ਕਿ ਜਿਸ ਨਾਲ ਚੰਡੀਗੜ੍ਹ ਦੇ ਨਾਲ ਪੰਜਾਬ ਦੀ ਰੈਵੇਨਿਊ ਸ਼ੇਅਰਿੰਗ ਜ਼ਰੂਰ ਹੋਣੀ ਚਾਹੀਦੀ ਹੈ। ਇਸ ਨਾਲ ਸਮਝ ਆਵੇਗੀ ਕਿ ਚੰਡੀਗੜ੍ਹ ਉਤੇ ਜਿਹੜਾ ਪੰਜਾਬ ਦਾ ਕਲੇਮ ਹੈ, ਉਹ ਰਾਈਟਫੁੱਲ ਕਲੇਮ ਹੈ। ਸਪੀਕਰ ਸਾਹਿਬ, 7 ਸਾਲ ਹੋ ਗਏ ਹਨ, ਇਨ੍ਹਾਂ ਸੱਤ ਸਾਲਾਂ ਵਿਚ...

(ਇਕ ਅਵਾਜ਼ : ਅੱਠ ਸਾਲ ਹੋ ਗਏ ਹਨ ਜੀ।)

ਸ਼੍ਰੀ ਬ੍ਰਹਮ ਮਹਿੰਦਰਾ : ਚਲੋ, 8 ਸਾਲ ਹੋ ਗਏ ਹਨ। Thank you for correcting me. ਸਪੀਕਰ ਸਾਹਿਬ, ਮੈਨੂੰ ਤਾਂ ਸਮਝ ਨਹੀਂ ਆਈ ਕਿਉਂਜੋ ਇਨ੍ਹਾਂ ਅੱਠ ਸਾਲਾਂ ਵਿਚ ਕੋਈ ਪ੍ਰੋਜੈਕਟ ਨਹੀਂ ਆਇਆ ਤਾਂ ਫਿਰ ਇੰਪਲਾਇਮੈਂਟ ਕਿਥੋਂ ਜੈਨਰੇਟ ਹੋਵੇਗੀ ਜਦੋਂ ਕੋਈ ਪ੍ਰੋਜੈਕਟ ਹੀ ਨਹੀਂ ਆਇਆ। ਅਸੀਂ ਗੱਲਾਂ ਤਾਂ ਬੜੀਆਂ ਵੱਡੀਆਂ ਕਰਦੇ ਹਾਂ ਕਿ ਅਸੀਂ ਬੱਚਿਆਂ ਨੂੰ ਇੰਪਲਾਇਮੈਂਟ ਦੇਵਾਂਗੇ, ਆਹ ਕਰ ਦਿਆਂਗੇ, ਉਹ ਕਰ ਦਿਆਂਗੇ। ਲੋਕਾਂ ਨੂੰ ਜਾਬ ਦਿਆਂਗੇ। ਇਹ ਸਾਨੂੰ ਦੱਸ ਦੇਣ ਕਿ ਇਨ੍ਹਾਂ ਨੇ ਕਿਹੜਾ ਕੋਈ ਵੱਡਾ ਪ੍ਰਜੈਕਟ ਲਿਆਂਦਾ ਹੈ। ਦੋ ਪ੍ਰੋਜੈਕਟ ਆਏ ਹਨ ਉਹ ਦੋਨੋਂ ਹੀ ਪ੍ਰਾਈਵੇਟ ਖੇਤਰ ਵਿਚ ਆਏ ਹਨ। ਇਕ ਐਲ.ਐਂਡ.ਟੀ. ਦਾ ਹੈ ਅਤੇ ਦੂਜਾ ਲਹਿਰਾ ਮੁਹੱਬਤ ਦਾ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਬੈਠੇ-ਬੈਠੇ) : ਰਿਫਾਈਨਰੀ ਵੀ ਤਾਂ ਆਈ ਹੈ।

ਸ਼੍ਰੀ ਬ੍ਰਹਮ ਮਹਿੰਦਰਾ : ਤੁਸੀਂ ਦੱਸ ਸਕਦੇ ਹੋ ਕਿ ਉਥੇ ਕਿੰਨੇ ਕੁ ਪੰਜਾਬੀਆਂ ਨੂੰ ਜਾਬ ਦਿਵਾਈ ਗਈ ਹੈ?

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਬੈਠੇ-ਬੈਠੇ) : ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਉਥੇ ਜਾਬਜ਼ ਮਿਲੀਆਂ ਹਨ।

ਸ਼੍ਰੀ ਬ੍ਰਹਮ ਮਹਿੰਦਰਾ: ਤੁਸੀਂ ਦੱਸੋ, ਲਿਆਓ ਲਿਸਟ ਦੇ ਦਿਉ। Reality as well as the fact of the matter is that ਕਿ ਤੁਹਾਡਾ ਕੋਈ ਰੋਲ ਨਹੀਂ ਹੈ ਅਤੇ ਤੁਹਾਨੂੰ ਵੀ ਇਸ ਗੱਲ ਦਾ ਪਤਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਬਾਰੇ ਜੋ ਇਨ੍ਹਾਂ ਦੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ 92 ਪ੍ਰੋਜੈਕਟਾਂ ਦੀ ਗੱਲ ਕੀਤੀ ਗਈ ਹੈ ਕਿ 92 ਪ੍ਰੋਜੈਕਟਾਂ ਨੂੰ ਕਲੀਅਰੈਂਸ ਦਿੱਤੀ ਗਈ ਹੈ। ਮੈਂ ਬਹੁਤ ਹੀ ਅਦਬ ਨਾਲ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਗਰਾਉਂਡ ਰਿਐਲਟੀ ਕੀ ਹੈ, ਉਸ ਬਾਰੇ ਆਪਣੇ ਭਾਸ਼ਣ ਵਿਚ ਜ਼ਰੂਰ ਦੱਸਣ ਕਿ ਇਹ ਕਿਸ ਤਰ੍ਹਾਂ ਦੇ ਪ੍ਰੋਜੈਕਟ ਹਨ, ਇਹ ਕਿੱਥੇ ਆਏ ਹਨ ਅਤੇ ਇਨ੍ਹਾਂ ਨੂੰ ਕਿਸ ਚੀਜ਼ ਦੀ ਕਲੀਅਰੈਂਸ ਦਿੱਤੀ ਗਈ ਹੈ। ਕੀ ਇਨਵਾਇਰਨਮੈਂਟਲ ਕਲੀਅਰੈਂਸ ਦੇ ਦਿੱਤੀ ਗਈ ਹੈ? ਉਹ ਕਿੱਥੇ ਲੱਗੇ ਹਨ ? ਉਨ੍ਹਾਂ ਨੂੰ ਆਪਾਂ ਨੇ ਕਿਹੜੀ ਕਲੀਅਰੈਂਸ ਦਿੱਤੀ ਹੈ ? ਉਹ ਕਿੱਥੇ ਹਨ ? ਤੁਸੀਂ 92 ਪ੍ਰਾਜੈਕਟ ਸੈਂਕਸ਼ਨ ਕਰ ਦਿੱਤੇ । ਤੁਸੀਂ ਤਾਂ ਗਵਰਨਰ ਐਡਰੈਸ ਵਿੱਚ ਘੋੜੀਆਂ ਗਾਉਂਦੇ । ਉਨ੍ਹਾਂ ਵਿੱਚ ਇੰਨਾ ਜ਼ਿਆਦਾ ਲਿਖਦੇ ਪਰ ਤੁਸੀਂ ਤਾਂ ਇੰਨਾ ਕੁ ਹੀ ਲਿਖਿਆ ਹੈ ਕਿ ਅਸੀਂ 92 ਪ੍ਰਾਜੈਕਟ ਸੈਂਕਸ਼ਨ ਕੀਤੇ ਹਨ। ਮੈਂ ਇਹ ਜ਼ਰੂਰ ਜਾਣਨਾ ਚਾਹੁੰਦਾ ਹਾਂ ਕਿ ਇਹ 92 ਸੈਂਕਸ਼ਨਡ ਪ੍ਰਾਜੈਕਟ ਕਿਹੜੇ ਹਨ ਅਤੇ ਕਿੱਥੇ ਹਨ? ਸਪੀਕਰ ਸਾਹਿਬ, ਇੱਕ ਹੋਰ ਸਮਝਣ ਵਾਲੀ ਗੱਲ ਹੈ। ਦੋ ਵੱਡੀਆਂ ਸਮਿਟਸ ਹੋਈਆਂ । ਪੰਜਾਬ ਸਮਿਟ ਹੋਈ ਤੇ ਪੰਜਾਬ ਐਗਰੋ ਸਮਿਟ ਹੋਈ। ਪੰਜਾਬ ਦੇ ਐਕਸਚੈਕਰ ਦਾ, ਗਰੀਬਾਂ ਦਾ ਕਰੋੜਾਂ ਰੁਪਿਆ ਖਰਚ ਕੇ ਬੜੇ ਵੱਡੇ ਵੱਡੇ ਕਾਰਪੋਰੇਟ ਸੈਕਟਰ ਦੇ ਇੱਥੇ ਮਾਲਕ ਲਿਆਂਦੇ ਗਏ । ਤਿੰਨ ਦਿਨ ਬਹੁਤ ਗਹਿਮਾ ਗਹਿਮੀ ਰਹੀ ਅਤੇ ਇੱਥੇ ਤਿੰਨ ਦਿਨ ਬਹੁਤ ਵੱਡੇ ਵੱਡੇ ਇੰਡਸਟਰੀਲਿਸਟ ਆਪਣੇ ਜਹਾਜ਼ ਲੈ ਕੇ ਆਏ । ਜਿਸ ਵੇਲੇ ਉਹ ਆਏ ਹੋਏ ਸੀ, ਜਿੰਨਾ ਮੀਡੀਆ ਵਿੱਚ ਪ੍ਰਚਾਰ ਕਰਨ ਤੇ ਖਰਚ ਹੋਇਆ, ਚਾਹੇ ਪ੍ਰਿੰਟ ਮੀਡੀਆ ਹੋਵੇ, ਚਾਹੇ ਇਲੈਕਟ੍ਰਾਨਿਕ ਮੀਡੀਆ ਹੋਵੇ, ਵੱਡੇ ਵੱਡੇ ਐਡ ਉਨ੍ਹਾਂ ਵਿੱਚ ਆਏ । ਪਰ ਸਪੀਕਰ ਸਾਹਿਬ, ਮੈਨੂੰ ਇਹ ਦੱਸਣ ਕਿ ਉਨ੍ਹਾਂ ਸਮਿਟ ਵਿੱਚ ਕਿੰਨੇ ਐਮ. ਓ. ਯੂਜ਼. ਸਾਈਨ ਹੋਏ? ਕੀ ਸਰਕਾਰ ਇਸ ਗੱਲ ਤੇ ਸਾਨੂੰ ਦੱਸੇਗੀ ਕਿ ਕਿੰਨੇ ਐਮ. ਓ. ਯੂਜ਼. ਉਨ੍ਹਾਂ ਸਮਿਟਸ ਵਿੱਚ ਹੋਏ ? ਉਨ੍ਹਾਂ ਐਮ. ਓ. ਯੂਜ਼ ਦਾ ਅੱਜ ਤੱਕ ਦਾ ਕੀ ਸਟੇਟਸ ਹੈ? ਉਨ੍ਹਾਂ ਵਿੱਚੋਂ ਕਿੰਨੇ ਲੋਕ ਹੁਣ ਤੱਕ ਅੱਗੇ ਆ ਸਕੇ? ਕਿੰਨਿਆਂ ਨੇ ਆ ਕੇ ਜ਼ਮੀਨ ਮੰਗੀ ? ਕਿੰਨਿਆਂ ਨੇ ਆ ਕੇ ਕਿਹਾ ਕਿ ਸਾਨੂੰ ਇਹ ਚੀਜ਼ ਦਿੱਤੀ ਜਾਵੇ ? ਮੈਨੂੰ ਤਾਂ ਕੁਝ ਸਮਝ ਨਹੀਂ ਆਉਂਦੀ । ਇਸ ਵਿਚ ਬਿਲਕੁਲ ਟਰਾਂਸਪੇਰੈਂਸੀ ਨਹੀਂ

[ਸ਼੍ਰੀ ਬ੍ਰਹਮ ਮਹਿੰਦਰਾ]

ਹੈ । ਪੰਜਾਬ ਦੇ ਲੋਕ ਬਿਲਕੁਲ ਹਨੇਰੇ ਵਿੱਚ ਹਨ। ਇਹ ਹਾਊਸ ਵੀ ਅੱਜ ਦੀ ਡੇਟ ਵਿੱਚ ਹਨੇਰੇ ਵਿੱਚ ਹੈ । ਇਹ ਸਭ ਹਨੇਰੇ ਵਿੱਚ ਹਨ ਕਿ ਦੋ ਵੱਡੀਆਂ ਸਮਿਟਸ ਹੋਈਆਂ, ਵਪਾਰੀ ਆਏ ਤੇ ਕਿਹੜੇ ਐਮ. ਓ. ਯੂਜ਼ ਸਾਈਨ ਹੋਏ ਹਨ ਅਤੇ ਉਨ੍ਹਾਂ ਦਾ ਅੱਜ ਤੱਕ ਦਾ ਸਟੇਟਸ ਕੀ ਹੈ ? ਇਸ ਬਾਰੇ ਹਾਊਸ ਜਾਣਨਾ ਚਾਹੁੰਦਾ ਹੈ । ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਤੇ ਮੇਰਾ ਖਿਆਲ ਹੈ ਕਿ ਇਨ੍ਹਾਂ ਦੇ ਆਪਣੇ ਮੈਂਬਰ ਵੀ ਜਾਣਨਾ ਚਾਹੁੰਣਗੇ । ਉਸ ਵਿੱਚ ਕਿੰਨੇ ਲੋਕ ਅੱਗੇ ਆਏ ਹਨ ? ਮੈਂ ਚਾਹਾਂਗਾ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਆਪਣੇ ਜਵਾਬ ਵਿੱਚ ਇਸ ਗੱਲ ਤੇ ਜ਼ਰੂਰ ਰੌਸ਼ਨੀ ਪਾਉਣ ।

ਸਪੀਕਰ ਸਾਹਿਬ, ਹੈਲਥ ਦੀ ਬਹੁਤ ਗੱਲ ਕੀਤੀ ਜਾ ਰਹੀ ਹੈ । ਪਿਛਲੇ ਦਿਨਾਂ ਵਿੱਚ ਇਸ ਬਾਰੇ ਬਹੁਤ ਗੱਲ ਹੋਈ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ । ਇਨ੍ਹਾਂ ਦੀ ਨਾਲੇਜ ਵਿੱਚ ਕਈ ਗੱਲਾਂ ਹਨ । ਸਾਡਾ ਜਿਹੜਾ ਰੂਟ ਲੈਵਲ ਹੈ, ਸਬਸਿਡਰੀ ਹੈਲਥ ਲੈਵਲ ਹੈ, ਉਸ ਦੀਆਂ ਸਾਰੇ ਪੰਜਾਬ ਵਿੱਚ ਸਾਡੀਆਂ 2000 ਦੇ ਕਰੀਬ ਡਿਸਪੈਂਸਰੀਆਂ ਹਨ ਤੇ ਇਹ ਲੈਵਲ ਉਹ ਹੈ ਕਿ ਜਿੱਥੇ ਪਿੰਡਾਂ ਦੇ ਲੋਕ ਜਾਂਦੇ ਹਨ ਤੇ ਉਥੇ ਥੋੜ੍ਹੀ ਥੋੜ੍ਹੀ ਦਵਾਈ ਮਿਲਦੀ ਹੈ। ਉਸ ਦਾ ਸਲੋਗਨ ਹੈ ਕਿ ਹੈਲਥ ਕਿਓਰ ਸਿਸਟਮ ਉਥੋਂ ਹੀ ਸ਼ੁਰੂ ਹੁੰਦਾ ਹੈ। ਗੱਲ ਇਹ ਆਉਂਦੀ ਹੈ ਕਿ Prevention is better than cure. ਜਦ ਆਪਾਂ ਉਥੋਂ ਸ਼ੁਰੂ ਹੁੰਦੇ ਹਾਂ ਤਾਂ ਸਪੀਕਰ ਸਾਹਿਬ, ਮੇਰੀ ਸੁਣਨ ਵਾਲੀ ਗੱਲ ਹੈ ਕਿ ਪਿਛਲੇ ਸਾਲ ਸਤੰਬਰ, 2013 ਤੋਂ ਉਥੇ ਕੋਈ ਦਵਾਈ ਨਹੀਂ ਹੈ। 2013 ਤੋਂ ਕੋਈ ਦਵਾਈ ਨਹੀਂ ਹੈ ਜਿੱਥੇ 70 ਤੋਂ 80 ਲੱਖ ਪੇਸ਼ੈਂਟ ਜਾਂਦਾ ਸੀ, ਉਥੇ ਹੁਣ ਸਿਰਫ 15 ਤੋਂ 20 ਲੱਖ ਪੇਸ਼ੈਂਟ ਜਾਂਦਾ ਹੈ । ਉਦੋਂ ਤੋਂ ਹੁਣ ਤੱਕ, 2013 ਤੋਂ til date, ਇੱਕ ਕਰੋੜ ਦੇ ਲਗਭਗ ਗਰੀਬ ਲੋਕ ਦਵਾਈਆਂ ਤੋਂ ਵਾਂਝੇ ਰਹਿ ਗਏ ਹਨ । ਹੋਇਆ ਕੀ ਹੈ ? ਇਹ ਇੱਕ ਕਰੋੜ ਲੋਕ ਕਿਹੜੀ ਕੈਟਾਗਰੀ ਦੇ ਹਨ ? ਸਪੀਕਰ ਸਾਹਿਬ, ਇਹ ਉਹ ਕੈਟਾਗਰੀ ਹੈ ਜਿਹੜੀ 2000 ਤੋਂ 4000 ਰੁਪਏ ਪ੍ਰਤੀ ਮਹੀਨਾ ਤੱਕ ਤਨਖਾਹ ਲੈਂਦੀ ਹੈ, ਗਰੀਬ-ਗੁਰਬਾ ਲੋਕ ਹਨ, ਡਾਊਨ -ਟਰੋਡਨ ਹਨ ਤੇ ਸਾਡੇ ਦਲਿਤ ਵਰਗ ਦੇ ਲੋਕ ਹਨ । ਉਨ੍ਹਾਂ ਗਰੀਬਾਂ ਤੇ 200 ਤੋਂ 300 ਕਰੋੜ ਰੁਪਏ ਦੀਆਂ ਦਵਾਈਆਂ ਦਾ ਬੋਝ ਪਿਆ ਹੈ । ਇਸ ਸਾਰੇ ਹਾਲਾਤ ਨੂੰ ਦੇਖਦੇ ਹੋਏ ਮੁੱਖ ਮੰਤਰੀ ਸਾਹਿਬ ਨੇ ਖੁਦ ਪਰਸਨਲ ਇੰਟਰਸਟ ਲੈ ਕੇ ਅਕਤੂਬਰ, 2014 ਵਿੱਚ 10.75 ਕਰੋੜ ਰੁਪਿਆ ਇਕਦਮ ਅਲਾਟ ਕੀਤਾ ਕਿ ਦਵਾਈਆਂ ਇਕਦਮ

ਆਉਣੀਆਂ ਚਾਹੀਦੀਆਂ ਹਨ ਪਰ ਮੈਂ ਬੜਾ ਹੈਰਾਨ ਹਾਂ ਕਿ ਅੱਜ ਤੱਕ ਸੈਂਕਸ਼ਨ ਕੀਤੇ ਹੋਏ ਪੈਸਿਆਂ ਦੀ ਦਵਾਈ ਨਹੀਂ ਆ ਸਕੀ । ਮੈਨੂੰ ਸਮਝ ਨਹੀਂ ਆਉਂਦੀ ਕਿ ਬਿਊਰੋਕਰੇਸੀ ਤੇ ਇਨ੍ਹਾਂ ਦਾ ਕੰਟਰੋਲ ਹੈ ਵੀ ਜਾਂ ਨਹੀਂ ਹੈ । ਇੱਕੋ ਹੀ ਪਰਸਨ ਜਿਹੜਾ ਫਾਇਨਾਂਸ ਪੋਰਟਫੋਲੀਓ ਹੋਲਡ ਕਰਦਾ ਹੈ ਤੇ ਉਸੇ ਪਰਸਨ ਕੋਲ ਹੈਲਥ ਪੋਰਟਫੋਲੀਓ ਹੈ ।ਸਪੀਕਰ ਸਾਹਿਬ, ਸਾਲ 2014 ਵਿੱਚ ਸਟੇਟ ਦਾ ਚੀਫ ਮਨਿਸਟਰ ਕਹੇ ਕਿ 10.67 ਕਰੋੜ ਰੁਪਏ ਦੀਆਂ ਦਵਾਈਆਂ ਇਮੀਜੀਏਟ ਆਉਣੀਆਂ ਚਾਹੀਦੀਆਂ ਹਨ ਪਰ ਉਹ ਅੱਜ ਤੱਕ ਨਹੀਂ ਆਈਆਂ । ਹਿਊਮਨ ਰਾਈਟਸ ਕਮਿਸ਼ਨ ਇਨ੍ਹਾਂ ਨੂੰ ਨੋਟਿਸ ਦੇ ਚੁੱਕਾ ਹੈ ਕਿ ਦਵਾਈਆਂ ਪ੍ਰੋਵਾਈਡ ਕਰੋ । ਲੇਟੈਸਟ ਕੀ ਹੈ ? ਹਾਈ ਕੋਰਟ ਦਾ ਨੋਟਿਸ ਆ ਗਿਆ ਕਿ ਦੋ ਹਫਤਿਆਂ ਵਿੱਚ ਦਵਾਈਆਂ ਦਿਓ। ਕੀ ਚੀਫ ਮਨਿਸਟਰ ਸਾਹਿਬ ਆਪਣੀ ਬਿਊਰੋਕਰੇਸੀ ਨੂੰ ਕੰਟਰੋਲ ਨਹੀਂ ਕਰ ਸਕਦੇ ? ਕੀ ਅਫਸਰਸ਼ਾਹੀ ਤੇ ਇੰਨਾ ਕੰਟਰੋਲ ਨਹੀਂ ਕਿ ਮਿਸਲੀਡ ਕੀਤਾ ਜਾ ਰਿਹਾ ਹੈ । ਪੰਜ-ਛੇ ਮਹੀਨੇ ਹੋ ਗਏ ਹਨ ਅਤੇ ਦਵਾਈਆਂ ਨਹੀਂ ਦਿੱਤੀਆਂ ਗਈਆਂ। ਅੱਜ ਦੀ ਡੇਟ ਵਿੱਚ ਉੱਥੇ ਕੋਈ ਦਵਾਈ ਨਹੀਂ ਹੈ। ਇਸ ਦਾ ਪਬਲਿਕ ਵਿਚ ਇੰਪਰੈਸ਼ਨ ਇਹ ਜਾ ਰਿਹਾ ਹੈ ਕਿ ਸ਼ਾਇਦ ਅਸੀਂ ਆਪਣੀਆਂ ਡਿਸਪੈਂਸਰੀਆਂ ਨੂੰ ਬੰਦ ਕਰਨ ਲੱਗੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਹਾਈ ਕੋਰਟ ਦੇ ਆਰਡਰਾਂ ਨਾਲ ਜੇ ਸਰਕਾਰ ਚੱਲਣੀ ਹੈ ਤਾਂ ਉਸ ਦੇ ਮੁਤਾਬਿਕ ਦੇਖ ਲਵੋ। ਇਸੇ ਸੈਕਟਰ ਵਿੱਚ ਆਪਣੇ ਗਵਰਨਰ ਐਡਰੈਸ ਵਿੱਚ 305 ਸਪੈਸ਼ਲਿਸਟ ਅਸੀਂ ਰਿਕਰੂਟ ਕਰ ਲਏ। 2012 ਵਿੱਚ ਅਸੀਂ ਵਾਕ-ਇੰਨ ਇੰਟਰਵਿਊ ਰੱਖੀ ਸੀ ਅਤੇ ਅਸੀਂ 305 ਰਿਕਰੂਟ ਕਰ ਲਏ। ਕੀ ਕੋਈ ਜ਼ਿੰਮੇਵਾਰ ਇਹ ਗੱਲ ਦੱਸੇਗਾ ਕਿ ਇਨ੍ਹਾਂ 305 ਵਿਚੋਂ ਅੱਜ ਤੱਕ ਕਿੰਨਿਆਂ ਨੇ ਜੁਆਇਨ ਕੀਤਾ ਹੈ। ਇੱਕ ਸਪੈਸ਼ਲਿਸਟ ਨੇ ਵੀ ਨਹੀਂ ਜੁਆਇਨ ਕੀਤਾ। ਸਾਡੀਆਂ ਜਿਹੜੀਆਂ ਸੀ.ਐਚ.ਸੀਜ਼, ਸਾਡੇ ਜਿਹੜੇ ਛੋਟੇ ਹਸਪਤਾਲ ਹਨ, ਉਨ੍ਹਾਂ ਵਿੱਚ ਇੱਕ ਵੀ ਸਪੈਸ਼ਲਿਸਟ ਨੇ ਜੁਆਇਨ ਨਹੀਂ ਕੀਤਾ। ਉਸ ਦੇ ਲਈ ਇਹ ਬੜੇ ਐਫਰਟਸ ਕਰ ਰਹੇ ਹਨ। ਇਨ੍ਹਾਂ ਦੇ ਅਫਸਰ, ਡੀ.ਆਰ.ਐਮ.ਈ., ਸੈਕ੍ਰੇਟਰੀ, ਡੀ.ਐਚ.ਐਸ. ਸਾਰੇ ਲੋਕ ਡਾਕਟਰਾਂ ਨੂੰ ਟੈਲੀਫੋਨ ਤੇ ਕਹਿੰਦੇ ਹਨ ਕਿ ਤੁਹਾਨੂੰ ਕੀ ਫੈਸਿਲਿਟੀ ਚਾਹੀਦੀ ਹੈ, ਤੁਸੀਂ ਆ ਜਾਵੋ, ਅਸੀਂ ਤੁਹਾਨੂੰ ਆਹ ਫੈਸਿਲਿਟੀ ਦੇਵਾਂਗੇ, ਉਹ ਦੇਵਾਂਗੇ but nobody is ready to join. ਉਸ ਦਾ ਫਾਲਟ ਲੱਭਣ ਦੀ ਬਜਾਏ they should look into it

[ਸ਼੍ਰੀ ਬ੍ਰਹਮ ਮਹਿੰਦਰਾ]

and introspect ਕਿ ਸਰਕਾਰ ਵਿੱਚ ਇੱਸ ਗੱਲ ਦਾ ਫਾਲਟ ਹੈ ਕਿ 305 ਬੰਦਾ ਵਾਕ-ਇੰਨ ਇੰਟਰਵਿਊ ਵਿੱਚ ਸਿਲੈਕਟ ਹੋਇਆ ਹੈ ਪਰੰਤੂ ਅਜੇ ਤੱਕ ਉਹ ਜੁਆਇੰਨ ਕਿਉਂ ਨਹੀਂ ਕਰ ਰਹੇ ? ਉਸ ਦਾ ਰਿਜ਼ਲਟ ਕੀ ਨਿਕਲ ਰਿਹਾ ਹੈ? ਉਸ ਦਾ ਰਿਜ਼ਲਟ ਇਹ ਨਿਕਲ ਰਿਹਾ ਹੈ ਕਿ ਸਾਡੀਆਂ ਡਿਸਪੈਂਸਰੀਆਂ ਖਾਲੀ ਪਈਆਂ ਹਨ। ਸਾਡੇ ਕਮਿਊਨਿਟੀ ਹੈਲਥ ਸੈਂਟਰ ਸਪੈਸ਼ਲਿਸਟਾਂ ਤੋਂ ਵਾਂਝੇ ਪਏ ਹਨ। ਅਸੀਂ ਬਹੁਤ ਵੱਡਾ ਸਲੋਗਨ ਦਿੰਦੇ ਹਾਂ ਕਿ ਅਸੀਂ ਹੈਲਥ ਕੇਅਰ ਬੜੀ ਅੱਛੀ ਦੇ ਰਹੇ ਹਾਂ। ਇਸ ਨਾਲ ਸਾਰੇ ਲੋਕਾਂ ਨੂੰ ਬਹੁਤ ਦਿੱਕਤ ਆ ਰਹੀ ਹੈ। ਸਾਡੀਆਂ 1200 ਰੂਰਲ ਡਿਸਪੈਂਸਰੀਆਂ ਖਾਲੀ ਪਈਆਂ ਹਨ। ਮੇਰੇ ਸਾਥੀ ਕਹਿ ਰਹੇ ਹਨ ਕਿ ਹੈਲਥ ਮਨਿਸਟਰ ਤਾਂ ਸ਼ਾਇਦ ਆਪ ਬਿਮਾਰ ਰਹਿੰਦੇ ਹਨ ਪਰ ਇਸ ਦਾ ਇਸ ਗੱਲ ਨਾਲ ਕੋਈ ਕਨਸਰਨ ਨਹੀਂ ਹੈ। ਇੱਕ ਗੱਲ ਮੈਂ ਦੱਸਣੀ ਚਾਹੁੰਦਾ ਹਾਂ। 1996 ਵਿੱਚ ਕਾਂਗਰਸ ਦੀ ਸਰਕਾਰ ਸੀ ਤਾਂ ਉਦੋਂ ਵਰਲਡ ਬੈਂਕ ਤੋਂ 400 ਕਰੋੜ ਰੁਪਿਆ ਆਇਆ ਸੀ to strengthen 150 hospitals. ਉਸ 400 ਕਰੋੜ ਰੁਪਏ ਨਾਲ ਹੈਲਥ ਸਿਸਟਮ ਕਾਰਪੋਰੇਸ਼ਨ ਕਰੀਏਟ ਕੀਤੀ ਗਈ। ਇਸ ਨਾਲ ਉਨ੍ਹਾਂ ਹਸਪਤਾਲਾਂ ਨੂੰ ਡਿਵੈਲਪ ਕਰਨਾ ਸੀ। ਉਨ੍ਹਾਂ ਦਾ ਇੰਫਰਾਸਟਰਕਚਰ, ਉਨ੍ਹਾਂ ਦੇ ਇਕੁਇਪਮੈਂਟਸ ਸਟਰੈਂਥਨ ਕਰਨੇ ਸੀ। ਉਸ ਦੀ ਹੁਣ ਕੀ ਸਟੇਜ ਹੈ? ਉਸ ਦੀ ਸਟੇਜ ਇਹ ਹੈ ਕਿ 400 ਕਰੋੜ ਰੁਪਿਆ ਆਉਣ ਤੋਂ ਬਾਅਦ 150 ਹਸਪਤਾਲ ਅੱਪਗ੍ਰੇਡ ਕਰਨੇ ਸੀ। ਉਸ ਵਿੱਚ ਇਹ ਹੁੰਦਾ ਕਿ ਸਰਕਾਰ ਤਾਂ ਇੰਨੀ ਮਿਹਨਤ ਕਰਦੀ ਕਿ ਉਸ ਪੈਸੇ ਵਿੱਚ ਹੋਰ ਪੈਸਾ ਪਾਉਂਦੀ ਅਤੇ ਇਸ ਨੂੰ ਇੰਨਾ ਜਿਆਦਾ ਫਲੋਰਿਸ਼ ਕਰਦੇ ਕਿ ਉਹ 150 ਤੋਂ 300 ਹਸਪਤਾਲਾਂ ਦੀ ਅੱਪਗ੍ਰੇਡੇਸ਼ਨ ਤੱਕ ਪਹੁੰਚਦੇ ਪਰ ਅੱਜ ਦੀ ਸਥਿਤੀ ਬੜੀ ਹਾਸੋਹੀਣੀ ਹੈ। ਉਨ੍ਹਾਂ ਹਸਪਤਾਲਾਂ ਦੀ ਗਿਣਤੀ 100 ਰਹਿ ਗਈ ਹੈ ਅਤੇ 100 ਵੀ ਕੰਪਲੀਟ ਨਹੀਂ ਹਨ। ਮੈਂ ਚਾਹਾਂਗਾ ਕਿ ਇਸ ਤਰ੍ਹਾਂ ਦਾ ਜਵਾਬ ਸਾਡੇ ਲੀਡਰ ਆਫ ਦਿ ਹਾਊਸ ਫਲੋਰ ਆਫ ਦਿ ਹਾਊਸ ਤੇ ਦੇਣਗੇ। ਸੋ, ਇਹ ਵਰਲਡ ਕਲਾਸ ਸਰਵਿਸਿਜ਼ ਦੇਣ ਦੀਆਂ ਗੱਲਾਂ ਹੋ ਰਹੀਆਂ ਹਨ ਕਿ ਸਮਾਰਟ ਸਿਟੀ ਬਣਨੇ ਹਨ, ਵਰਲਡ ਕਲਾਸ ਫੈਸਿਲਿਟੀਜ਼ ਹੋਣਗੀਆਂ। ਮੈਂ ਇੱਕ ਹੋਰ ਗੱਲ ਕਰਨੀ ਚਾਹਾਂਗਾ। ਮੈਡੀਕਲ ਐਜੂਕੇਸ਼ਨ ਬਾਰੇ ਬੜੀ ਗੱਲ ਕਰਦੇ ਹਨ ਕਿ ਅਸੀਂ ਇਹ ਕੀਤਾ ਹੈ। ਰੀਸੈਂਟਲੀ ਮੈਡੀਕਲ ਐਜੂਕੇਸ਼ਨ ਬਾਰੇ ਕੀ ਕੀਤਾ ਹੈ ਕਿ ਐਮ.ਸੀ.ਆਈ. ਨੇ 400 ਮੈਡੀਕਲ ਸੀਟਾਂ ਤੋਂ ਨਾਂਹ ਕਰ ਦਿੱਤੀ ਹੈ ਕਿਉਂਕਿ

ਕਾਲਜਿਜ਼ ਵਿਚ ਫੈਕਲਟੀਜ਼ ਪੂਰੀਆਂ ਨਹੀਂ ਹਨ, ਆਪਣੇ ਕਾਲਜ ਨਾਰਮਜ਼ ਪੂਰੇ ਨਹੀਂ ਕਰਦੇ। ਸਪੀਕਰ ਸਾਹਿਬ, ਜਦ ਐਮ.ਸੀ.ਆਈ. ਦੀ ਵਿਜ਼ਿਟ ਹੁੰਦੀ ਹੈ, ਜਦ ਉਹ ਇੰਸਪੈਕਸ਼ਨ ਤੇ ਆਉਂਦੇ ਹਨ ਤਾਂ ਪਤਾ ਕੀ ਹੁੰਦਾ ਹੈ ਕਿ ਪਟਿਆਲੇ ਦੇ ਡਾਕਟਰ ਫਰੀਦਕੋਟ ਟਰਾਂਸਫਰ ਕਰ ਦਿਓ ਕਿਉਂਕਿ ਐਮ.ਸੀ.ਆਈ. ਉਥੇ ਗਈ ਹੋਈ ਹੈ ਤਾਂ ਉਥੇ ਉਨ੍ਹਾਂ ਨੇ ਦੇਖ ਲੈਣਾ ਹੈ ਕਿ ਫੈਕਲਟੀ ਪੂਰੀ ਹੈ। ਜਿਸ ਵੇਲੇ ਉਨ੍ਹਾਂ ਨੇ ਅੰਮ੍ਰਿਤਸਰ ਜਾਣਾ ਹੈ ਤਾਂ ਫਰੀਦਕੋਟ ਤੋਂ ਅੰਮ੍ਰਿਤਸਰ ਟਰਾਂਸਫਰ ਕਰ ਦਿਓ, ਉਥੇ ਫੈਕਲਟੀ ਪੂਰੀ ਹੈ। ਹੁਣ ਉਨ੍ਹਾਂ ਨੇ ਨਾਰਮਜ਼ ਵਿੱਚ ਕਈ ਫਾਲਟ ਫੜ ਲਏ ਹਨ। ਕਈ ਡਿਸਕਰੀਪੈਂਸੀਜ਼ ਫੜ ਲਈਆਂ ਹਨ। ਉਸ ਤੇ ਉਨ੍ਹਾਂ ਨੇ ਨੋਟਿਸ ਦੇ ਦਿੱਤਾ ਹੈ ਕਿ ਅਸੀਂ ਤੁਹਾਨੂੰ 400 ਸੀਟਾਂ ਨਹੀਂ ਦੇ ਰਹੇ। ਉਸ ਦਾ ਰਿਜ਼ਲਟ ਕੀ ਹੈ? ਪੰਜਾਬ ਵਿਚੋਂ ਫਲਾਈਟ ਆਫ ਕੈਪੀਟਲ ਹੋਵੇਗਾ, ਜਿਸ ਵੇਲੇ ਲੋਕ ਪੰਜਾਬ ਤੋਂ ਬਾਹਰ ਸੀਟਾਂ ਲੈਣ ਜਾਣਗੇ ਕਿਉਂਕਿ ਪੰਜਾਬ ਵਿੱਚ ਇੰਨੀਆਂ ਸੀਟਾਂ ਨਹੀਂ ਹਨ। ਕੈਪੀਟਲ ਦੀ ਕਿੰਨੀ ਫਲਾਈਟ ਹੋਵੇਗੀ, ਪੰਜਾਬ ਦਾ ਪੈਸਾ ਬਾਹਰ ਜਾਵੇਗਾ। ਕਿਸ ਤਰ੍ਹਾਂ ਸਾਡੇ ਬੱਚੇ ਬਾਹਰ ਪੜ੍ਹਨਗੇ। ਸੋ, ਇਨ੍ਹਾਂ ਚੀਜ਼ਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇੱਥੇ ਗਵਰਨਰ ਸਾਹਿਬ ਦੇ ਭਾਸ਼ਣ ਦੀ ਬੜੀ ਤਾਰੀਫ ਹੋ ਰਹੀ ਹੈ ਕਿ ਗਵਰਨਰ ਸਾਹਿਬ ਨੇ ਬੜੀ ਸ਼ਾਬਾਸ਼ ਦਿੱਤੀ ਹੋਈ ਹੈ। ਮੇਰਾ ਖਿਆਲ ਹੈ ਕਿ ਬਹੁਤ ਸਾਰੇ ਸਾਥੀ ਇਹ ਨਹੀਂ ਜਾਣਦੇ ਕਿ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਹੈ, ਉਹ ਸਰਕਾਰ ਨੇ ਲਿਖ ਕੇ ਦਿੱਤਾ ਹੁੰਦਾ ਹੈ। ਸਰਕਾਰ ਜੋ ਲਿਖ ਕੇ ਦਿੰਦੀ ਹੈ, ਉਹ ਉਹੀ ਬੋਲਦੇ ਹਨ (ਘੰਟੀ)। ਸਪੀਕਰ ਸਾਹਿਬ, ਮੈਂ ਦੋ-ਚਾਰ ਮਿੰਟ ਵਿੱਚ ਖਤਮ ਕਰਦਾ ਹਾਂ, ਮੈਨੂੰ ਲਗਦਾ ਹੈ ਕਿ ਤੁਸੀਂ ਰੈਸਟਲੈਸ ਹੋਏ ਹੋ। ਮੈਂ ਮੈਡੀਕਲ ਐਜੂਕੇਸ਼ਨ ਦੇ ਫੀਲਡ ਵਿੱਚ ਗੱਲ ਕਰਨੀ ਚਾਹਾਂਗਾ। ਸਾਡਾ ਆਪਣਾ ਪੁਰਾਣਾ ਜਿਹੜਾ ਆਯੁਰਵੈਦਿਕ ਸਿਸਟਮ ਹੈ, ਪਿਛਲੀ ਸਰਕਾਰ ਵਿੱਚ ਉਸ ਨੂੰ ਸਟਰੈਂਥਨ ਕਰਨ ਲਈ ਇਨ੍ਹਾਂ ਨੇ ਸਕੀਮ ਲਿਆਂਦੀ ਕਿ ਇਸ ਨੂੰ ਸਟਰੈਂਥਨ ਕੀਤਾ ਜਾਵੇ, ਉਸ ਨੂੰ ਸਟਰੈਂਥਨ ਕਰਨ ਲਈ ਇਨ੍ਹਾਂ ਨੇ ਇਕ ਯੂਨੀਵਰਸਿਟੀ ਖੋਲ੍ਹਣ ਦੀ ਕੋਸ਼ਿਸ਼ ਬਣਾਈ, ਫੈਸਲਾ ਕੀਤਾ। ਇਨ੍ਹਾਂ ਨੇ ਹੁਸ਼ਿਆਰਪੁਰ ਵਿਖੇ ਸ਼੍ਰੀ ਗੁਰੂ ਰਵਿਦਾਸ ਯੂਨੀਵਰਸਿਟੀ ਖੋਲ੍ਹੀ । ਮੈਂ ਉਦੋਂ ਇਹ ਚਾਹੁੰਦਾ ਸੀ ਕਿ ਇਸ ਨੂੰ ਹੁਸ਼ਿਆਰਪੁਰ ਦੀ ਬਜਾਏ ਪਟਿਆਲੇ ਖੋਲ੍ਹੋ ਕਿਉਂਕਿ ਪਟਿਆਲੇ ਵਿਖੇ ਇੰਫ੍ਰਾਸਟ੍ਰਕਚਰ ਹੈ, ਗੌਰਮਿੰਟ ਕੋਲ ਆਪਣਾ ਕਾਲਜ ਹੈ, ਉਸ ਦੀ ਬਿਲਡਿੰਗ ਹੈ, ਉਥੇ ਸਾਰਾ ਕੁਝ ਹੈ ਤੇ ਉਥੇ ਹੀ ਯੂਨੀਵਰਸਿਟੀ ਚੰਗੀ ਚੱਲੇਗੀ। ਹੁਣ ਕੀ ਹੋ ਰਿਹਾ ਹੈ ? ਸਪੀਕਰ ਸਾਹਿਬ, ਇਹ ਸਾਲ 2011 ਵਿਚ

[ਸ਼੍ਰੀ ਬ੍ਰਹਮ ਮਹਿੰਦਰਾ]

ਯੂਨੀਵਰਸਿਟੀ ਬਣੀ ਸੀ ਤੇ ਅੱਜ ਤੱਕ ਉਹ ਯੂਨੀਵਰਸਿਟੀ ਤਿੰਨ ਕਮਰਿਆਂ ਵਿਚ ਓਪਰੇਟ ਕਰ ਰਹੀ ਹੈ, ਦੋ ਛੋਟੇ ਛੋਟੇ ਕਮਰੇ ਹਨ ਤੇ ਇਕ ਵੱਡਾ ਕਮਰਾ ਹੈ। ਸਪੀਕਰ ਸਾਹਿਬ, ਸਟਾਫ ਕਿੰਨਾ ਹੈ, ਇਹ ਕਮਾਲ ਦੀ ਗੱਲ ਹੈ ਕਿ ਸਾਲ 2011 ਤੋਂ 2015 ਆ ਗਿਆ ਹੈ ਪਰ ਯੂਨੀਵਰਸਿਟੀ ਦਾ ਸਟਾਫ ਵੇਖੋ ਕਿ ਕੀ ਹੈ, ਉਸ ਦਾ ਸਟਾਫ ਸਿਰਫ ਚਾਰ ਮੁਲਾਜ਼ਮਾਂ ਦਾ ਹੈ, ਇਕ ਵਾਈਸ ਚਾਂਸਲਰ ਹੈ, ਇਕ ਉਸ ਦਾ ਪੀ.ਏ. ਤੇ ਇਕ ਪੀਅਨ ਹੈ ਅਤੇ ਇਕ ਬੰਦਾ ਐਗਜ਼ਾਮੀਨੇਸ਼ਨ ਵਾਲਾ ਹੈ। ਚਾਰ ਸਾਲਾਂ ਬਾਅਦ ਯੂਨੀਵਰਸਿਟੀ ਦਾ ਇਹ ਹਾਲ ਹੈ। (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਇਹ ਹਾਲ ਹੈ ਕਿ till date University does not have a syndicate. University does not have s Senate. There is no Board of studies. There is no Registrar. ਜੇ ਇਹੋ ਜਿਹਾ ਮੈਡੀਕਲ ਐਜੂਕੇਸ਼ਨ ਦਾ ਹਾਲ ਹੈ ਤਾਂ ਘੋੜੀਆਂ ਗਾਉਣੀਆਂ ਬੰਦ ਕਰ ਦਿਉ, ਜੋ ਰਿਐਲਿਟੀ ਹੈ ਉਸ ਨੂੰ ਫੇਸ ਕਰੋ, ਆਪਾਂ ਗਰਾਊਂਡ ਰਿਐਲਿਟੀ ਨੂੰ ਠੀਕ ਕਰੀਏ।

ਸਪੀਕਰ ਸਾਹਿਬ, ਇਕ ਗੱਲ ਹਲਕਾ ਇੰਚਾਰਜ ਦੀ ਪਿਛਲੇ ਸਾਲਾਂ ਤੋਂ ਸ਼ੁਰੂ ਹੋਈ। ਹਲਕਾ ਇੰਚਾਰਜ ਬੜਾ ਸ਼ਾਨਦਾਰ ਵਰਡ ਆਇਆ ਹੈ। ਸਰਦਾਰ ਸੁਰਜੀਤ ਸਿੰਘ ਰੱਖੜਾ ਜੀ ਮੇਰੇ ਭਾਈ ਸਾਹਿਬ ਪਿਛਲੀ ਅਸੈਂਬਲੀ ਵੇਲੇ ਹਲਕਾ ਇੰਚਾਰਜ ਸਨ ।(ਹਾਸਾ) ਸਾਡੇ ਹਲਕੇ ਦਾ ਇਕ ਪਿੰਡ ਹੈ, ਇਕ ਰਣਜੀਤ ਨਗਰ ਇਲਾਕਾ ਹੈ, ਉਥੇ ਪੰਚਾਇਤ ਦੀ ਲੈਂਡ ਪਈ ਸੀ। ਸਪੀਕਰ ਸਾਹਿਬ, ਮੈਂ ਇਕੋਲੋਜੀਕਲ ਗੱਲ ਤੇ ਆਉਣਾ ਚਾਹੁੰਦਾ ਹਾਂ, ਮੈਨੂੰ ਟਾਈਮ ਜ਼ਰੂਰ ਦੇ ਦੇਣਾ ਕਿਉਂਕਿ ਇਸ ਵਿਚ ਸਰਕਾਰ ਦਾ ਵੀ ਫਾਇਦਾ ਹੈ, ਲੋਕਾਂ ਦਾ ਵੀ ਫਾਇਦਾ ਹੈ। ਉਥੇ ਪੰਚਾਇਤ ਦੀ ਲੈਂਡ ਪਈ ਸੀ ਅਤੇ ਉਸ ਉਤੇ ਛੋਟੇ ਛੋਟੇ ਲੋਕ ਕਬਜ਼ਾ ਕਰਨਾ ਚਾਹੁੰਦੇ ਸਨ। ਮੈਂ ਡਿਪਟੀ ਕਮਿਸ਼ਨਰ ਨਾਲ ਗੱਲ ਕੀਤੀ । ਮੈਂ ਕਿਹਾ ਕਿ ਜਿਹੜੀ ਪੰਚਾਇਤ ਹੈ ਉਹ ਅਕਾਲੀ ਦਲ ਦੀ ਹੈ ਤੇ ਉਸ ਨੂੰ ਮੈਂ ਦੋ ਚਾਰ ਵਾਰੀ ਕਹਿ ਚੁੱਕਾ ਹਾਂ ਕਿ ਇਸ ਨੂੰ ਸੰਭਾਲਣ ਦੀ ਕੋਸ਼ਿਸ਼ ਕਰੋ, ਸ਼ਾਇਦ ਮਿਲੇ ਹੋਏ ਸਨ, ਕੋਈ ਉਸ ਨੂੰ ਸੰਭਾਲ ਨਹੀਂ ਰਿਹਾ। ਉਥੇ ਮੈਂ ਅਲਟੀਮੇਟਲੀ ਇਹ ਫੈਸਲਾ ਕਰ ਲਿਆ ਅਤੇ ਮੈਂ ਉਥੇ ਸਰਬ ਸਿੱਖਿਆ ਅਭਿਆਨ ਦੇ ਅਫਸਰਾਂ ਨਾਲ ਗੱਲ ਕਰਕੇ ਅੱਠ ਲੱਖ ਰੁਪਿਆ ਪ੍ਰਾਇਮਰੀ ਸਕੂਲ ਲਈ ਅਲਾਟ ਕਰਵਾਉਣ ਦਾ ਫੈਸਲਾ ਕਰਵਾ ਲਿਆ। ਉਸ ਮੀਟਿੰਗ ਵਿਚ ਡਿਪਟੀ ਕਮਿਸ਼ਨਰ ਵੀ ਹੁੰਦਾ ਹੈ,

ਸਾਰੇ ਹੁੰਦੇ ਹਨ। ਉਹ ਜਿਹੜੀ ਪੰਚਾਇਤ ਸੀ ਉਹ ਉਸ ਦਾ ਰੈਜੋਲਿਊਸ਼ਨ ਹੀ ਨਾ ਪਾਵੇ ਤਾਂ ਡਿਪਟੀ ਕਮਿਸ਼ਨਰ ਨੇ ਖੁਦ ਬੁਲਾ ਕੇ ਉਸ ਦਾ ਰੈਜੋਲਿਊਸ਼ਨ ਪਾਇਆ ਕਿ ਇਥੇ ਸਕੂਲ ਖੋਲ੍ਹਿਆ ਜਾਵੇ। ਇਸ ਲਈ ਗਰਾਂਟ ਆ ਗਈ ਸੀ ਪਰ ਇਹ ਸਾਡੇ ਹਲਕਾ ਇੰਚਾਰਜ ਸਾਹਿਬ ਨੂੰ ਅੱਛਾ ਨਹੀਂ ਲੱਗਿਆ, ਇਨ੍ਹਾਂ ਨੇ ਕੀ ਕੀਤਾ ਕਿ ਡਿਪਟੀ ਚੀਫ ਮਨਿਸਟਰ ਸਾਹਿਬ ਨਾਲ ਗੱਲ ਕੀਤੀ ਕਿ ਇੱਕ ਜਗ੍ਹਾ ਪੰਚਾਇਤ ਦੀ ਖਾਲੀ ਪਈ ਹੈ ਉਥੇ ਉਸ ਦਾ ਅਸੀਂ ਨੀਂਹ ਪੱਥਰ ਰਖਵਾਉਂਦੇ ਹਾਂ। ਸੋ, ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਵੀ ਗਏ ਤਾਂ ਉਨ੍ਹਾਂ ਨੇ ਉਥੇ ਬੈਕਗਰਾਊਂਡ ਪੁੱਛੀ ਅਤੇ ਉਹ ਜਾ ਕੇ ਨੀਂਹ ਪੱਥਰ ਰੱਖ ਆਏ। ਆਹ, ਨੀਂਹ ਪੱਥਰ ਦਾ ਅੱਜ ਤੱਕ ਹਾਲ ਹੈ । ਉਥੇ ਗਰਾਂਟ ਲੈਪਸ ਹੋ ਗਈ ਤੇ ਪ੍ਰਾਇਮਰੀ ਸਕੂਲ ਬਣਿਆ ਨਹੀਂ । ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਅੱਜ ਦੀ ਤਰੀਕ ਵਿਚ ਇਹੋ ਜਿਹੇ ਨੀਂਹ ਪੱਥਰ ਸੈਂਕੜੇ ਹੋਣਗੇ..

(ਅਵਾਜ਼ਾਂ : ਹਜ਼ਾਰਾਂ ਹਨ।)

ਅੱਜ ਪੰਜਾਬ ਵਿਚ ਅਜਿਹੇ ਨੀਂਹ ਪੱਥਰ ਹਜ਼ਾਰਾਂ ਦੀ ਤਦਾਦ ਵਿਚ ਹਨ। ਉਨ੍ਹਾਂ ਸਾਰਿਆਂ ਉਤੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਡਿਪਟੀ ਚੀਫ ਮਨਿਸਟਰ ਸਾਹਿਬ ਦਾ, ਮੰਤਰੀ ਸਾਹਿਬ, ਸੀ.ਪੀ.ਐਸ.ਸਾਹਿਬਾਨ ਤੇ ਹਲਕਾ ਇੰਚਾਰਜ ਸਭ ਦੇ ਨਾਂ ਲਿਖੇ ਹੋਏ ਹਨ। ਉਹ ਪੱਥਰ ਵਿਚਾਰੇ ਉਡੀਕ ਰਹੇ ਹਨ। ਇਨ੍ਹਾਂ ਨੂੰ ਉਹ ਬਹੁਤ ਬੁਰੀ ਤਰ੍ਹਾਂ ਬੇਸਬਰੀ ਨਾਲ ਉਡੀਕ ਰਹੇ ਹਨ ਕਿ ਆਉ, ਤੁਸੀਂ ਇਸ ਦੇ ਉਤੇ ਕੋਈ ਬਿਲਡਿੰਗ ਬਣਾ ਦਿਉ, ਕੋਈ ਕਮਰਾ ਬਣਾ ਦਿਉ। ਸਪੀਕਰ ਸਾਹਿਬ, ਮੈਂ ਇਕ ਗੱਲ ਆਫ ਦੀ ਰਿਕਾਰਡ ਕਰਨੀ ਚਾਹੁੰਦਾ ਹਾਂ, ਬਿਲੀਵ ਕਰਿਓ, ਮਾਈਂਡ ਨਾ ਕਰਿਉ। ਸੱਚਾਈ ਦੱਸਣਾ ਚਾਹੁੰਦਾ ਹਾਂ। ਮਾਫ ਕਰਨਾ, ਇਹ ਗੱਲ ਆਫ ਦੀ ਰਿਕਾਰਡ ਹੈ..... ਇਹ ਮੈਂ ਇਹ ਦੁਖੀ ਹੋ ਕੇ ਕਿਹਾ ਹੈ ਕਿ ਇਸ ਪਾਸੇ ਧਿਆਨ ਲਗਾਉ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਇਸ ਪਾਸੇ ਧਿਆਨ ਲਗਾਉ, ਉਨ੍ਹਾਂ ਪੱਥਰਾਂ ਦਾ ਵੇਖੋ ਉਨ੍ਹਾਂ ਵਿੱਚ ਕੁਝ ਬਣਾਉਣ ਦੀ ਕੋਸ਼ਿਸ਼ ਕਰੋ...

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) : ਸਪੀਕਰ ਸਾਹਿਬ, ਸਾਡੇ ਮਾਨਯੋਗ ਮਿੱਤਰ ਐਮ.ਐਲ.ਏ. ਸਾਹਿਬ ਨੀਂਹ ਪੱਥਰਾਂ ਦੀ ਗੱਲ ਕਰਦੇ ਹਨ ਕਿ ਅਕਾਲੀ ਦਲ ਦਾ ਕੋਈ ਐਮ.ਐਲ.ਏ. ਗਿਆ ਜਾਂ ਵਜ਼ੀਰ ਗਿਆ ਜਾਂ ਮੁੱਖ ਮੰਤਰੀ ਸਾਹਿਬ ਗਏ ਤੇ ਨੀਂਹ ਪੱਥਰ ਰੱਖ ਆਏ।

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਨੀਂਹ ਪੱਥਰ ਤਾਂ ਇਨ੍ਹਾਂ ਦੇ ਵੀ ਰੱਖੇ ਹਨ ਤੇ ਸਾਡੇ ਵੀ ਰੱਖੇ ਹਨ। ਇਹ ਗੱਲ ਮੈਂ ਹਾਊਸ ਵਿਚ ਮੰਨਦਾ ਹਾਂ ਕਿ ਸਾਰਿਆਂ ਦੇ ਉਤੇ ਕੰਮ ਨਹੀਂ ਹੋਏ ਹੋਣਗੇ। ਇਹ ਮੰਨ ਲੈਂਦੇ ਹਾਂ ਲੇਕਿਨ ਮੈਂ ਇਨ੍ਹਾਂ ਦੇ ਰੱਖੇ ਹੋਏ ਨੀਂਹ ਪੱਥਰ ਵੀ ਵਿਖਾ ਸਕਦਾ ਹਾਂ, ਸਾਡੇ ਵੀ ਹਨ, ਅਸੀਂ ਉਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਦੇ ਤਿੰਨ ਤਿੰਨ ਵਜ਼ੀਰਾਂ ਨੇ ਜਾ ਕੇ ਉਦਘਾਟਨ ਕਰ ਦਿੱਤਾ ਹੋਵੇ ਪਰ ਉਹ ਅੱਜ ਤੱਕ ਮੁੜ ਕੇ ਚਾਲੂ ਹੋਈ ਨਾ ਹੋਵੇ ਤੇ ਇਹ ਮੈਨੂੰ ਕਰਨਾ ਪਿਆ। ਕਾਂਗਰਸੀ ਵੀਰਾਂ ਦਾ ਇਹ ਹਾਲ ਹੈ। ਇਹ ਮੇਰੇ ਪਿੰਡ ਵਿੱਚ ਸੀਨੀਅਰ ਸੈਕੰਡਰੀ ਸਕੂਲ ਦਾ ਉਦਘਾਟਨ ਕਰ ਆਏ, ਜਿੱਥੇ ਪੰਚਾਇਤ ਸਾਡੀ ਸੀ। ਮੈਨੂੰ ਕਹਿਣ ਲੱਗੇ ਕਿ ਕਾਂਗਰਸੀ ਵਜ਼ੀਰ ਆਉਣੇ ਹਨ। ਮਨਿਸਟਰ ਵੀ ਉਥੋਂ ਦੇ ਲੋਕਲ ਮੇਰੇ ਹਲਕੇ ਦੇ ਸਵਰਗਵਾਸੀ ਸਰਦਾਰ ਹਰਬੰਸ ਸਿੰਘ ਸਿੱਧੂ ਸਨ। ਮੈਂ ਕਿਹਾ ਕਿ ਕਿੰਨਾ ਖਰਚਾ ਹੁੰਦਾ ਹੈ, ਕਰ ਦਿਓ। ਜੇ ਸਕੂਲ ਬਾਰ੍ਹਵੀਂ ਤੱਕ ਬਣ ਜਾਂਦਾ ਹੈ ਤਾਂ ਇਹ ਚੰਗਾ ਕੰਮ ਹੈ। ਮੈਂ ਪੰਚਾਇਤ ਆਪਣੇ ਨਾਲ ਲਗਾਈ। ਤਿੰਨ ਵਜ਼ੀਰ ਉਥੇ ਗਏ, ਐਜੂਕੇਸ਼ਨ ਮਨਿਸਟਰ ਗਿਆ, ਸਾਡਾ ਲੋਕਲ ਮਨਿਸਟਰ ਗਿਆ, ਇਕ ਮਨਿਸਟਰ ਹੋਰ ਗਿਆ, ਉਦਘਾਟਨ ਕਰ ਆਏ ਪਰੰਤੂ ਉਹ ਸਕੂਲ ਨਹੀਂ ਬਣਿਆ। ਮੈਨੂੰ ਉਹ ਸਕੂਲ ਬਣਾਉਣਾ ਪਿਆ। ਤੁਸੀਂ ਤਾਂ ਝੂਠੇ ਉਦਘਾਟਨ ਕਰਦੇ ਰਹੇ ਹੋ। ਨੀਂਹ ਪੱਥਰ ਤਾਂ ਸਾਰੀ ਦੁਨੀਆ ਲਗਾਉਂਦੀ ਰਹੀ ਹੈ।

ਰਾਣਾ ਗੁਰਜੀਤ ਸਿੰਘ : ਚਾਰ ਚਾਰ ਨਹੀਂ ਲਾਉਂਦੇ ਰਹੇ। ਤੁਸੀਂ ਕਪੂਰਥਲੇ ਵਿੱਚ ਚਾਰ ਵਾਰੀ ਸੀਵਰੇਜ ਦਾ ਨੀਂਹ ਪੱਥਰ ਰੱਖਿਆ ਹੈ। ਇਸ ਸਬੰਧੀ ਹਾਈ ਕੋਰਟ ਦੇ ਆਰਡਰ ਹਨ ਪਰ ਤੁਸੀਂ ਉਹ ਵੀ obey ਨਹੀਂ ਕਰਦੇ।

Mr. Speaker : Please. ਬ੍ਰਹਮ ਮਹਿੰਦਰਾ ਜੀ, ਕਲੋਜ਼ ਕਰੋ।

Shri Brahm Mohindra : Thank you very much, Speaker Sahib. ਇਹ ਜਿਹੜੀ ਮੋਸ਼ਨ ਮੂਵ ਹੋਈ ਹੈ ਮੈਂ ਇਸ ਦੀ ਪੂਰੀ ਤਰ੍ਹਾਂ ਨਿਖੇਧੀ ਕਰਦਾ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਥੰਪਿੰਗ)

ਸਰਦਾਰ ਸੁਖਜਿੰਦਰ ਸਿੰਘ (ਡੇਰਾ ਬਾਬਾ ਨਾਨਕ) : ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਉਤੇ

ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਬੋਲਦਿਆਂ ਬੀਬੀ ਜਗੀਰ ਕੌਰ ਜੀ ਨੇ ਬੜੇ ਗੁਣਗਾਣ ਕੀਤੇ ਹਨ ਪਰ ਮੈਂ ਇਸ ਗਵਰਨਰ ਐਡਰੈਸ ਦੀ ਨਿਖੇਧੀ ਕਰਨ ਲਈ ਖੜ੍ਹਾ ਹੋਇਆ ਹਾਂ। ਇਸ ਵਿੱਚ ਨਸ਼ਿਆਂ ਨੂੰ ਰੋਕਣ ਬਾਰੇ ਗਵਰਨਰ ਸਾਹਿਬ ਨੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਦੱਸੀਆਂ ਹਨ, ਮੈਂ ਉਨ੍ਹਾਂ ਬਾਰੇ ਕਹਿਣ ਲਈ ਖੜ੍ਹਾ ਹੋਇਆ ਹਾਂ। ਪਿਛਲੀ ਵਾਰੀ ਵੀ ਬਹੁਤ ਰੌਲਾ ਪਿਆ ਸੀ ਕਿ ਨਸ਼ੇ ਪਾਕਿਸਤਾਨ ਤੋਂ ਆ ਰਹੇ ਹਨ ਅਤੇ ਇਨ੍ਹਾਂ ਨੂੰ ਰੋਕਣ ਦਾ ਕੋਈ ਹੱਲ ਨਹੀਂ ਹੈ ਕਿਉਂਕਿ ਕਾਂਗਰਸ ਦੀ ਸਰਕਾਰ ਹੈ ਅਤੇ ਬੀ.ਐਸ.ਐਫ. ਤੇ ਕੋਈ ਕੰਟਰੋਲ ਨਹੀਂ ਹੈ। ਇਹ ਗੱਲਾਂ ਹੁਣ ਬਹੁਤ ਪਿੱਛੇ ਚਲੀਆਂ ਗਈਆਂ ਹਨ। ਸਾਡੇ ਸਤਿਕਾਰਯੋਗ ਬਾਦਲ ਸਾਹਿਬ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਹਨ ਅਤੇ ਲਗਾਤਾਰ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ। ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ ਕਿਉਂਕਿ 1969 ਵਿੱਚ ਮੇਰੇ ਪਿਤਾ ਜੀ ਜਦੋਂ ਐਮ.ਐਲ.ਏ. ਬਣੇ ਸਨ, ਉਦੋਂ ਇਹ ਸਰਦਾਰ ਗੁਰਨਾਮ ਸਿੰਘ ਤੋਂ ਬਾਅਦ ਪਹਿਲੀ ਵਾਰ ਇਹ ਮੁੱਖ ਮੰਤਰੀ ਬਣੇ ਸਨ। ਉਨ੍ਹਾਂ ਕੋਲੋਂ ਇਨ੍ਹਾਂ ਦੀਆਂ ਗੱਲਾਂ ਸੁਣਦੇ ਸੀ ਕਿ ਜੇਕਰ ਰਾਜਨੀਤੀ ਸਿੱਖਣੀ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਕੋਲੋਂ ਸਿੱਖੋ। ਬਾਦਲ ਸਾਹਿਬ, ਹੁਣ ਜਦੋਂ ਸਾਡੀ ਪਾਰਟੀ ਹਾਰੀ, ਅਸੀਂ ਐਮ.ਐਲ.ਏ. ਬਣੇ ਤਾਂ ਸਾਨੂੰ ਬੜੀ ਆਸ ਸੀ ਕਿ ਸਾਡੀ ਕਾਂਗਰਸ ਦੀ ਸਰਕਾਰ ਬਣੇ ਇਸ ਦਾ ਦੁੱਖ ਵੀ ਲੱਗਿਆ ਕਿ ਸਾਡੀ ਸਰਕਾਰ ਨਹੀਂ ਬਣੀ। ਇਸ ਦੇ ਨਾਲ ਇਹ ਵੀ ਹੋਇਆ ਕਿ ਬਾਦਲ ਸਾਹਿਬ ਲਗਾਤਾਰ ਦੂਜੀ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਸਾਨੂੰ ਆਸ ਸੀ ਕਿ ਇਹ ਪੰਜਾਬ ਵਿੱਚ ਮੁੱਖ ਮੰਤਰੀ ਬਣ ਕੇ ਕੋਈ ਇਹੋ ਜਿਹਾ ਕੰਮ ਕਰਕੇ ਜਾਣਗੇ ਕਿ ਰਹਿੰਦੀ ਦੁਨੀਆ ਤੱਕ ਲੋਕ ਇਨ੍ਹਾਂ ਨੂੰ ਯਾਦ ਕਰਨਗੇ। ਦੁਨੀਆ ਯਾਦ ਤਾਂ ਕਰੇਗੀ ਪਰ ਪੰਜਾਬ ਵਿੱਚ ਇਨ੍ਹਾਂ ਦੇ ਰਾਜ ਸਮੇਂ ਜੋ ਨਸ਼ਾ ਵੜਿਆ, ਪੰਜਾਬ ਦੀ ਨੌਜਵਾਨੀ ਦਾ ਜੋ ਬੇੜਾ ਗਰਕ ਕੀਤਾ, ਉਸ ਕਰਕੇ ਪੰਜਾਬ ਦੇ ਨੌਜਵਾਨ ਅਤੇ ਪੰਜਾਬ ਦੀ ਜਨਤਾ ਜ਼ਰੂਰ ਯਾਦ ਕਰੇਗੀ। ਪੰਜਾਬ ਵਿੱਚ ਯਾਦ ਕੀਤਾ ਜਾਵੇਗਾ ਕਿ ਰਾਜਨੀਤੀ ਵਿੱਚ ਪਰਿਵਾਰਵਾਦ ਅਤੇ ਵਪਾਰ, ਜਿੱਥੇ ਦੋ ਚੀਜ਼ਾਂ ਇਕੱਠੀਆਂ ਹੋ ਗਈਆਂ ਅਤੇ ਲੋਕਾਂ ਦੇ ਮੂੰਹ ਵਿਚੋਂ ਰੋਟੀ ਖੋਹੀ ਗਈ, ਲੋਕਾਂ ਕੋਲੋਂ ਕੰਮ ਵੀ ਖੋਹਿਆ ਗਿਆ ਅਤੇ ਹਰ ਕੰਮ ਆਪਣੇ ਪਰਿਵਾਰ ਵਿੱਚ ਖਿੱਚ ਕੇ ਲੈ ਗਏ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਸਰਕਾਰ, ਵਪਾਰ ਅਤੇ ਪਰਿਵਾਰ ਇਕੱਠਾ ਹੋ ਜਾਵੇ ਤਾਂ ਇਹ ਬੜਾ ਡੈਡਲੀ ਕੰਬੀਨੇਸ਼ਨ ਹੈ। ਕਹਿੰਦੇ ਹਨ ਕਿ ਪੰਜਾਬ ਦੇ ਪੰਜ ਦਰਿਆ ਹਨ ਅਤੇ ਛੇਵੇਂ ਦਰਿਆ ਵਿੱਚ ਪੰਜਾਬ

[ਸਰਦਾਰ ਸੁਖਜਿੰਦਰ ਸਿੰਘ]

ਦੀ ਜਵਾਨੀ ਰੁੜ ਗਈ। ਬਾਦਲ ਸਾਹਿਬ ਜਿੰਨੀਆਂ ਮਰਜ਼ੀ ਵੱਡੀਆਂ ਗੱਲਾਂ ਕਰਦੇ ਰਹਿਣ ਕਿ ਪੰਜਾਬ ਦਾ ਬਹੁਤ ਵਿਕਾਸ ਹੋਇਆ ਹੈ ਪਰ ਅਜਿਹਾ ਨਹੀਂ ਹੈ। ਹੁਣੇ ਬ੍ਰਹਮ ਮਹਿੰਦਰਾ ਜੀ ਬੋਲ ਕੇ ਗਏ ਹਨ, ਇਨ੍ਹਾਂ ਨੇ ਕਾਫੀ ਕੁਝ ਦੱਸਿਆ ਹੈ। ਮੇਰੀ ਭੈਣ ਨੇ ਦੱਸਿਆ ਹੈ ਕਿ ਪੰਜਾਬ ਵਿੱਚ ਬਹੁਤ ਵਿਕਾਸ ਹੋਇਆ ਹੈ। ਪੰਜਾਬ ਵਿੱਚ ਜੇਕਰ ਕਿਸੇ ਚੀਜ਼ ਦਾ ਵਿਕਾਸ ਹੋਇਆ ਹੈ ਤਾਂ ਇਹ ਨਸ਼ੇ ਦੀ ਤਸਕਰੀ ਦਾ ਵਿਕਾਸ ਹੋਇਆ ਹੈ। ਜੇਕਰ ਕੋਈ ਵਿਕਾਸ ਹੋਇਆ ਹੈ ਤਾਂ ਉਹ ਪੰਜਾਬ ਦੇ ਨੌਜਵਾਨਾਂ ਦੇ ਮੂੰਹਾਂ ਨੂੰ ਨਸ਼ਾ ਲਗਾਉਣ ਦਾ ਵਿਕਾਸ ਹੋਇਆ ਹੈ। ਮੇਰੇ ਕੋਲ ਇਸ ਸਬੰਧੀ ਰਿਪੋਰਟਾਂ ਪਈਆਂ ਹਨ। ਮੈਂ ਨਹੀਂ ਕਹਿ ਰਿਹਾ, ਇਹ ਐਨ.ਸੀ.ਪੀ. ਦੀ ਰਿਪੋਰਟ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਹਰ ਦਸਵੇਂ ਪਰਿਵਾਰ ਵਿਚੋਂ ਚੌਥਾ ਬੰਦਾ ਡਰੱਗ ਐਡਿਕਟ ਹੈ। ਬੀ.ਬੀ.ਸੀ. ਨੇ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਬਹੁਤ ਨਸ਼ਾ ਵੱਧ ਗਿਆ ਹੈ। ਹੋਰ ਗੱਲਾਂ ਛੱਡੋ ਮੇਰੇ ਕੋਲ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰਿਪੋਰਟ ਪਈ ਹੈ। ਜਿਸ ਵਿੱਚ ਉਨ੍ਹਾਂ ਨੇ ਦੱਸਿਆ ਹੈ ਕਿ 75% ਰੂਰਲ ਯੂਥ ਨਸ਼ਿਆਂ ਵਿੱਚ ਪਿਆ ਹੋਇਆ ਹੈ। ਬਾਦਲ ਸਾਹਿਬ, ਤੁਸੀਂ ਇੰਨੇ ਸੁਲਝੇ ਹੋਏ ਸਿਆਸਤਦਾਨ ਸੀ। ਜਦੋਂ ਅਸੀਂ ਤੁਹਾਡੇ ਵੱਲ ਦੇਖਦੇ ਹਾਂ, ਪੰਜਾਬ ਦੇ ਜਿੰਨੇ ਪੁਰਾਣੇ ਲੀਡਰ ਸੀ, ਉਨ੍ਹਾਂ ਵਿਚੋਂ ਤੁਸੀਂ ਇਕ ਹੋ। ਇਕ ਬਜ਼ੁਰਗ ਤੇ ਜਿਵੇਂ ਘਰ ਨੂੰ ਮਾਣ ਹੁੰਦਾ ਹੈ, ਇਕ ਪਰਿਵਾਰ ਦਾ ਹੈੱਡ ਜਿਵੇਂ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਚਲਦਾ ਹੈ, ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਲੈ ਕੇ ਚੱਲੇਗਾ, ਉਮੀਦ ਹੁੰਦੀ ਹੈ ਕਿ ਉਹ ਆਪਣੇ ਪਰਿਵਾਰ ਨੂੰ ਸਿੱਧੇ ਰਸਤੇ ਪਾਵੇਗਾ ਪਰ ਮੈਨੂੰ ਨਹੀਂ ਪਤਾ ਕਿ ਤੁਸੀਂ ਕਿਉਂ ਚੁੱਪ ਕਰਕੇ ਬੈਠੇ ਹੋ? ਤੁਸੀਂ ਪੰਜਾਬ ਬਾਰੇ ਕਿਉਂ ਨਹੀਂ ਸੋਚ ਰਹੇ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਜਿਹੜੀ ਨੌਕਰੀਆਂ ਲੱਭਦੀ ਹੈ, ਜਿਹੜੀ ਕੰਮ ਤੇ ਰੋਟੀ ਲੱਭਦੀ ਹੈ ਪਰ ਉਨ੍ਹਾਂ ਨੂੰ ਇਹ ਚੀਜ਼ਾਂ ਨਹੀਂ ਮਿਲਦੀਆਂ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਆਉ ਤੇ ਨਸ਼ੇ ਵੇਚੋ ਅਤੇ ਜੋ ਕੁਝ ਕੰਮ ਕਰਨਾ ਹੈ, ਉਹ ਕਰੋ। ਇਹ ਮੈਂ ਨਹੀਂ ਕਹਿ ਰਿਹਾ, ਮੋਦੀ ਜੀ ਇਹ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਕਹਿ ਰਹੇ ਹਨ। ਆਪਾਂ ਸਾਰਿਆਂ ਨੇ 'ਮਨ ਕੀ ਬਾਤ' ਪ੍ਰੋਗਰਾਮ ਸੁਣਿਆ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਬਹੁਤ ਵਿਕ ਰਿਹਾ ਹੈ। ਮੈਨੂੰ ਅਫਸੋਸ ਹੁੰਦਾ ਹੈ ਜਦੋਂ ਮਾਵਾਂ-ਭੈਣਾਂ ਸੋਚਦੀਆਂ ਹਨ ਕਿ ਸਾਡੇ ਬੱਚੇ ਘਰ ਵਾਪਸ ਆਉਣਗੇ ਕਿ ਨਹੀਂ ਆਉਣਗੇ। ਹੁਣ ਇੱਥੇ ਬੀ.ਜੇ.ਪੀ. ਵਾਲਿਆਂ ਵਿੱਚੋਂ ਇਕੱਲੇ ਭਗਤ ਜੀ ਬੈਠੇ ਹਨ, ਮੇਰਾ

ਖਿਆਲ ਹੈ ਕਿ ਬਾਕੀ ਤਾਂ ਸਾਰੇ ਚਲੇ ਗਏ ਹਨ। ਮੈਂ ਉਨ੍ਹਾਂ ਕੋਲੋਂ ਪੁੱਛਣਾ ਸੀ ਕਿ ਬਾਦਲ ਸਾਹਿਬ ਤੁਸੀਂ ਦੱਸੋ ਕਿ ਜੇਕਰ ਮੋਦੀ ਸਾਹਿਬ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਕਹਿਣ ਕਿ ਪੰਜਾਬ ਵਿੱਚ ਨਸ਼ਾ ਵਿਕਦਾ ਹੈ ਫਿਰ ਜਾਂ ਤਾਂ ਮੋਦੀ ਸਾਹਿਬ ਨੂੰ ਕਹੋ ਕਿ ਉਹ ਗਲਤ ਹੈ, ਜੇ ਉਹ ਗਲਤ ਹਨ ਤਾਂ ਉਨ੍ਹਾਂ ਦੇ ਬਰਖਿਲਾਫ ਇਥੇ ਨਿੰਦਾ ਪ੍ਰਸਤਾਵ ਲੈ ਕੇ ਆਉਣਾ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਜਾਣਬੁੱਝ ਕੇ ਬਦਨਾਮ ਕਰ ਰਹੇ ਹਨ। ਸਾਲ 2012 ਵਿੱਚ ਸਾਡੇ ਲੀਡਰ ਨੇ ਕਹਿ ਦਿੱਤਾ ਕਿ ਪੰਜਾਬ ਵਿੱਚ ਇੰਨੇ ਪਰਸੈਂਟ ਬੱਚੇ ਨਸ਼ਾ ਕਰ ਰਹੇ ਹਨ, ਉਦੋਂ ਬੜਾ ਵਾਵਰੋਲਾ ਉਠਿਆ ਅਤੇ ਕੀ ਗੱਲ ਹੁਣ ਆਪਾਂ ਮਤਾ ਨਹੀਂ ਲਿਆ ਸਕਦੇ? ਹੋਰ ਗੱਲਾਂ ਛੱਡੋ, ਮੇਰਾ ਖਿਆਲ ਹੈ ਕਿ ਜੋਸ਼ੀ ਸਾਹਿਬ ਅਜੇ ਵੀ ਖੁਸ਼ ਨਹੀਂ ਹੋਏ, ਉਹ ਅੱਜ ਵੀ ਨਹੀਂ ਪਹੁੰਚੇ, ਉਹ ਆਏ ਸੀ ਅਤੇ ਚਲੇ ਗਏ ਹਨ। ਮਿੱਤਲ ਸਾਹਿਬ ਆ ਗਏ ਹਨ, ਚੰਗਾ ਸੀ ਜੇਕਰ ਜੋਸ਼ੀ ਸਾਹਿਬ ਆ ਜਾਂਦੇ, ਉਹ ਜਵਾਬ ਦੇ ਦਿੰਦੇ। ਤੁਸੀਂ ਸਾਰਿਆਂ ਨੇ ਦੇਖਿਆ, ਟੀ.ਵੀ. ਤੇ ਅਤੇ ਵਟਸ-ਐਪ ਤੇ ਵੀ ਦੇਖਿਆ, ਫੇਸ ਬੁੱਕ ਤੇ ਵੀ ਦੇਖਿਆ। ਉਨ੍ਹਾਂ ਦਾ ਭਰਾ ਉਥੇ ਅੱਗੇ ਦੌੜਿਆ ਫਿਰਦਾ ਸੀ, ਪਿਛੇ ਅਕਾਲੀ ਦਲ ਦੇ ਵਰਕਰ ਉਸ ਨੂੰ ਡੰਡਿਆਂ ਨਾਲ ਕੁੱਟ ਰਹੇ ਹਨ, ਗੋਲੀਆਂ ਚਲਾ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਪੰਜਾਬ ਵਿੱਚ ਇੱਕ ਮੰਤਰੀ ਦਾ ਪਰਿਵਾਰ ਸੜਕਾਂ ਤੇ ਦੁਹਾਈ ਪਾਉਂਦਾ ਫਿਰਦਾ ਹੈ ਕਿ ਮੈਨੂੰ ਬਚਾ ਲਵੋ, ਸਾਨੂੰ ਬਚਾ ਲਵੋ, ਮੈਨੂੰ ਮਾਰ ਦੇਣ ਲੱਗੇ ਹਨ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ? ਦੂਜੇ ਦਿਨ ਜੋਸ਼ੀ ਸਾਹਿਬ ਬਿਆਨ ਦੇ ਰਹੇ ਹਨ ਅਤੇ ਇਹ ਅਖਬਾਰਾਂ ਵਿੱਚ ਆ ਰਿਹਾ ਹੈ ਤਾਂ ਇਹ ਬੜੀ ਸੋਚਣ ਵਾਲੀ ਗੱਲ ਹੈ। ਉਨ੍ਹਾਂ ਨੇ ਕੀ ਕਿਹਾ, ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਔਰੰਗਜੇਬ ਦਾ ਰਾਜ ਹੈ। ਔਰੰਗਜੇਬ ਦੇ ਰਾਜ ਨਾਲੋਂ ਵੀ ਮਾੜਾ ਰਾਜ ਹੈ। ਇਸ ਪਾਰਟੀ ਨੇ ਜਦੋਂ ਵੋਟਾਂ ਮੰਗੀਆਂ ਸਨ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੀ ਪੰਥਕ ਸੋਚ ਹੈ। ਪੰਥ ਦਾ ਨਾਮ ਆਉਂਦਾ ਹੈ, ਜਦੋਂ ਔਰੰਗਜੇਬ ਦਾ ਨਾਮ ਆਉਂਦਾ ਹੈ, ਉਸ ਵਿੱਚ ਸਾਡੇ ਗੁਰੂਆਂ ਨੇ ਕੁਰਬਾਨੀ ਦਿੱਤੀ, ਉਨ੍ਹਾਂ ਨੇ ਕਿਨ੍ਹਾਂ ਦੀ ਖਾਤਰ ਕੁਰਬਾਨੀ ਦਿੱਤੀ, ਹਿੰਦੂਆਂ ਦੀ ਖਾਤਰ ਕੁਰਬਾਨੀ ਦਿੱਤੀ। ਜਦੋਂ ਔਰੰਗਜੇਬ ਨੇ ਕਿਹਾ ਕਿ ਜਦੋਂ ਤੱਕ ਸਵਾ ਮਣ ਜਨੇਊ ਲਾਹ ਕੇ ਇਥੇ ਨਹੀਂ ਰੱਖੇ ਜਾਂਦੇ, ਮੈਂ ਉਤਨਾ ਚਿਰ ਰੋਟੀ ਨਹੀਂ ਖਾਵਾਂਗਾ, ਅੱਜ ਉਸ ਔਰੰਗਜੇਬ ਦਾ ਖਿਤਾਬ ਤੁਹਾਨੂੰ ਦਿੱਤਾ ਗਿਆ। ਸਪੀਕਰ ਸਾਹਿਬ, ਜੇ ਤਾਂ ਉਸ ਦੀ ਗੱਲ ਗਲਤ ਹੈ ਤਾਂ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋਸ਼ੀ ਜੀ ਨੂੰ ਅੱਜ ਹੀ ਸਰਕਾਰ ਵਿਚੋਂ ਡਿਸਮਿਸ ਕਰਨ ਜਾਂ ਆਪਣਾ

[ਸਰਦਾਰ ਸੁਖਜਿੰਦਰ ਸਿੰਘ]

ਸਪੱਸ਼ਟੀਕਰਨ ਦੇਣ ਕਿ ਉਹ ਗਲਤ ਕਹਿ ਰਿਹਾ ਹੈ। ਪੰਜਾਬ ਦੀਆਂ ਹੋਰ ਜਿਹੜੀਆਂ ਚੀਜ਼ਾਂ ਹਨ, ਬੀਬੀ ਜੀ (ਬੀਬੀ ਜਗੀਰ ਕੌਰ ਵੱਲ ਇਸ਼ਾਰਾ) ਤੁਸੀਂ ਕਾਂਗਰਸੀਆਂ ਦਾ ਨਾਮ ਵੀ ਲਿਆ, ਮੈਂ ਜੋਸ਼ੀ ਸਾਹਿਬ ਤੋਂ ਇਕ ਗੱਲ ਜ਼ਰੂਰ ਪੁੱਛਣੀ ਸੀ ਕਿ ਜਿਹੜੀ ਤੁਸੀਂ ** ਦੀ ਪਿੱਠ ਵਿੱਚ ਛੁਰਾ ਮਾਰਿਆ ਸੀ, ਉਹ ਛੁਰਾ ਅੱਜ ਉਨ੍ਹਾਂ ਦੀ ਪਿੱਠ ਵਿੱਚ ਵੱਜਾ ਹੈ। ਉਸ ਦਾ ਉਨ੍ਹਾਂ ਨੂੰ ਮੁਆਵਜ਼ਾ ਮਿਲ ਗਿਆ। ਇਹ ਰਿਪੋਰਟਾਂ ਹਨ।

ਸਪੀਕਰ ਸਾਹਿਬ, ਸਾਡੇ ਪੰਜਾਬ ਵਿੱਚ ਜਿਹੜਾ ਚਿੱਟਾ ਵਿਕ ਰਿਹਾ ਹੈ, ਇਸ ਦੀ ਹਰ ਥਾਂ ਚਰਚਾ ਹੈ, ਉਸ ਵਿੱਚ ਕਾਂਗਰਸੀ ਹੋਵੇ, ਭਾਵੇਂ ਅਕਾਲੀ ਹੋਵੇ, ਭਾਵੇਂ ਹੋਰ ਕੋਈ ਵੀ ਸ਼ਾਮਲ ਹੋਵੇ, ਉਹ ਪੰਜਾਬ ਦਾ ਦੁਸ਼ਮਣ ਹੈ। ਇਕ ਪਾਸੇ ਤਾਂ ਅਸੀਂ ਪੰਜਾਬ ਦੀ ਤਰੱਕੀ ਦੀ ਗੱਲ ਕਰਦੇ ਹਾਂ ਤਾਂ ਕਿਉਂ ਨਹੀਂ ਇਸ ਗਵਰਨਰ ਐਡਰੈਸ ਵਿੱਚ ਆਇਆ ਕਿ ਅਸੀਂ ਪੰਜਾਬ ਵਿੱਚ ਇਹ ਫੈਕਟਰੀਆਂ ਲੈ ਕੇ ਆਏ ਹਾਂ, ਇੰਨੇ ਨੌਜਵਾਨਾਂ ਨੂੰ ਇਨ੍ਹਾਂ ਵਿੱਚ ਰੁਜ਼ਗਾਰ ਦਿੱਤਾ ਜਾਵੇਗਾ। ਜੇਕਰ ਮਲੂਕਾ ਸਾਹਿਬ ਜੀ, ਅਸੀਂ ਇਕੋ ਚੀਜ਼ ਕਹੀ ਜਾਈਏ ਕਿ ਇਹ ਤੁਹਾਡੀ ਸਰਕਾਰ ਵਿੱਚ ਆਇਆ, ਲੋਕਾਂ ਨੇ ਸਾਨੂੰ ਇਸੇ ਕਰਕੇ ਰਿਜੈਕਟ ਕੀਤਾ ਹੈ, ਮੈਂ ਇਸ ਗੱਲ ਨੂੰ ਮੰਨਦਾ ਹਾਂ, ਪਰ ਇਸ ਕਰਕੇ ਤੁਸੀਂ ਸਾਡੇ ਤੇ ਹੀ ਇਲਜ਼ਾਮ ਨਾ ਲਗਾਓ। ਗਵਰਨਰ ਐਡਰੈਸ ਵਿਚ ਕਿਹਾ ਗਿਆ ਕਿ 3.5 ਲੱਖ ਪਰਿਵਾਰਾਂ, ਬੱਚਿਆਂ ਨੂੰ ਨਸ਼ੇ ਨੇ ਬਰਬਾਦ ਕੀਤਾ ਹੈ। ਮੇਰਾ ਖਿਆਲ ਹੈ ਕਿ ਜੇਕਰ ਇਸ ਵਿਚ ਗੈਰ ਸਰਕਾਰੀ ਅੰਕੜੇ ਵੀ ਜੋੜ ਲਏ ਜਾਣ ਤਾਂ ਪੰਜਾਬ ਦਾ ਹਰ ਪਰਿਵਾਰ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਸ਼ਿਆਂ ਵਿਚ ਗ੍ਰਸਤ ਹੈ। ਇਹ ਨਸ਼ੇ ਕੌਣ ਵੇਚਦਾ ਹੈ। ਆਪਾਂ **** ਦੀ ਗੱਲ ਕਰ ਲਈਏ ਜਾਂ ਕਿਸੇ ਹੋਰ ਦੀ ਗੱਲ ਕਰੀਏ ਤਾਂ ਉਥੇ ਇਕੋ ਆਦਮੀ ਦੀ ਗੱਲ ਆਉਂਦੀ ਹੈ, ਜਿਸ ਦਾ ਬਹੁਤ ਸਤਿਕਾਰ ਨਾਲ ਨਾਮ ਲਿਆ ਜਾਂਦਾ ਹੈ **** ਦੇ ਪੋਤਰੇ ** ਜੇਕਰ ਪੰਜਾਬ ਵਿਚ ਕੋਈ ਨਸ਼ਿਆਂ ਦਾ ਸਰਦਾਰ ਹੈ ਤਾਂ ਉਹ ਇਹ ਹਨ। ਈ.ਡੀ. ਤੋਂ ਲੈ ਕੇ ਹਰ ਏਜੰਸੀ ਵਿਚ ਇਸ ਦਾ ਨਾਂ ਹੀ ਆ ਰਿਹਾ ਹੈ। ਇਹ ਮੈਂ ਨਹੀਂ ਕਹਿ ਰਿਹਾ ਇਹ ਹਰ ਅਖਬਾਰ ਵਿਚ ਆ ਰਿਹਾ ਹੈ। (ਵਿਘਨ...ਸ਼ੋਰ)

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਰੰਧਾਵਾ ਸਾਹਿਬ ਬਹੁਤ ਪੁਆਇੰਟ ਵਾਈਜ਼ ਚੱਲ ਰਹੇ ਸੀ, ਮੈਂ ਇਨ੍ਹਾਂ ਨੂੰ ਟੋਕਣਾ

**Expunged as ordered by the Chair.

ਨਹੀਂ ਚਾਹੁੰਦਾ ਸੀ ਪਰ ਜਿਸ ਤਰੀਕੇ ਨਾਲ ਉਨ੍ਹਾਂ ਨੇ ਅਤੇ ਸਿੱਧੇ ਰੂਪ ਵਿਚ ** ਦਾ ਨਾਂ ਲਿਆ ਹੈ। ਇਹ ਤਾਂ ਇਨ੍ਹਾਂ ਨੂੰ ਦੋਸ਼ੀ ਗਰਦਾਨਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਇਨ੍ਹਾਂ ਦੇ ਸੀ.ਐਲ.ਪੀ. ਲੀਡਰ ਹਾਊਸ ਵਿਚ ਕਹਿੰਦੇ ਰਹੇ ਹਨ ਅਤੇ ਬਾਹਰ ਪ੍ਰੈਸ ਵਿਚ ਵੀ ਕਹਿੰਦੇ ਰਹੇ ਹਨ ਕਿ ਮੈਂ ਜ਼ਾਤੀ ਤੌਰ ਤੇ ਮੰਨਦਾ ਹਾਂ ਕਿ ** ਨੂੰ ਸਿਆਸਤ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਇਸ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੇ ਹਨ.. (ਵਿਘਨ) ..(ਸ਼ੋਰ)

ਮਾਨਯੋਗ ਸਪੀਕਰ : ਤੁਹਾਡੀ ਵਾਰੀ ਵੀ ਆਉਣੀ ਹੈ, ਤੁਸੀਂ ਫਿਰ ਬੋਲ ਲੈਣਾ। (ਵਿਘਨ)...(ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਗੱਲ ਦਾ ਫੈਸਲਾ ਤਾਂ ਲੋਕਾਂ ਨੇ ਕਰਨਾ ਹੈ ਕਿ ਕਿਸ ਦਾ ਪਿਛੋਕੜ ਕਿਵੇਂ ਦਾ ਹੈ ਪਰ ਮੇਰੀ ਬੇਨਤੀ ਹੈ ਕਿ ਮੇਰੇ ਦਾਦਾ ਜੀ ਜਿਨ੍ਹਾਂ ਨੇ ਹਿੰਦੁਸਤਾਨ ਦੀ ਬਹੁਤ ਵੱਡੇ ਪੱਧਰ ਤੇ ਸੇਵਾ ਕੀਤੀ ਹੈ। ਉਹ ਏਅਰ ਫੋਰਸ ਵਿਚ ਵੀ ਰਹੇ ਹਨ ਅਤੇ ਉਨ੍ਹਾਂ ਨੇ ਜੰਗਾਂ ਵਿਚ ਵੀ ਹਿੱਸਾ ਲਿਆ ਹੈ। ਉਨ੍ਹਾਂ ਦੇ ਬਾਰੇ ਵਿਚ ਗੱਲ ਕਰਕੇ ਗਲਤ ਇਲਜ਼ਾਮ ਲਗਾਉਣੇ ਗਲਤ ਹਨ।

ਮਾਨਯੋਗ ਸਪੀਕਰ : ਉਨ੍ਹਾਂ ਦੀ ਤਾਂ ਤਾਰੀਫ ਹੀ ਕੀਤੀ ਹੈ।

ਮਾਲ ਤੇ ਮੁੜ ਵਸੇਬਾ ਮੰਤਰੀ : ਮੇਰੇ ਪਰਿਵਾਰ ਦਾ ਨਾਮ ਜੋੜ ਕੇ ਗਲਤ ਪਾਸੇ ਨੂੰ ਲਿਜਾ ਰਹੇ ਹਨ।

ਮਾਨਯੋਗ ਸਪੀਕਰ: ਜੇ ਕਹੋ ਤਾਂ ਮੈਂ ਐਕਸਪੰਜ ਕਰਵਾ ਦਿੰਦਾ ਹਾਂ।

ਮਾਲ ਤੇ ਮੁੜ ਵਸੇਬਾ ਮੰਤਰੀ : ਮੇਰੀ ਅਗਲੀ ਬੇਨਤੀ ਹੈ ਕਿ ਇਨ੍ਹਾਂ ਦਾ ਪਿਛੋਕੜ ਵੀ ਬੜਾ ਕਿੰਤੂ-ਪ੍ਰੰਤੂ ਵਾਲਾ ਰਿਹਾ ਹੈ। ਕੀ ਇਹ ਅੱਜ ਜੱਜ ਵਾਂਗ ਫੈਸਲਾ ਸੁਣਾ ਰਹੇ ਹਨ Whether I am involved or not involved. When no Court of law, no agency has decided the matter, Speaker Sahib, I am sorry to say we are in Vidhan Sabha going to decide who is guilty or not guilty? ਜੇ ਇਨ੍ਹਾਂ ਨੇ ਕੋਈ ਗੱਲ ਕਰਨੀ ਹੈ ਤਾਂ ਨਾਪ ਤੋਲ ਕੇ ਗੱਲ ਕਰਨ। ਇਨ੍ਹਾਂ ਦੀ ਯਾਦਾਸ਼ਤ ਕਮਜ਼ੋਰ ਹੁੰਦੀ ਹੈ ਜਦੋਂ ਦੀ ਗੱਲ ਹੁੰਦੀ ਹੈ, ਜਦੋਂ **** ਨਾਂ ਆਉਂਦਾ ਹੈ, ਜਿਸ ਨੂੰ ਹੁਣੇ **** ਨੇ ਆਲ ਇੰਡੀਆ ਕਾਂਗਰਸ

**Expunged as ordered by the Chair.

[ਮਾਲ ਤੇ ਮੁੜ ਵਸੇਬਾ ਮੰਤਰੀ]

ਪਾਰਟੀ ਦਾ ਯੂਥ ਪ੍ਰਧਾਨ ਬਣਾਇਆ ਹੈ। ਇਹ ਸਿਲੈਕਟਿਵ ਮੈਮਰੀ, ਸਿਲੈਕਟਿਵ ਬੈਸ਼ਿੰਗ। ਇਹ ਕੋਈ ਵਧੀਆ ਰਾਜਨੀਤੀ ਨਹੀਂ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਆਪਾਂ ਸਾਰੇ ਚੁਣੇ ਹੋਏ ਜ਼ਿੰਮੇਵਾਰ ਨੁਮਾਇੰਦੇ ਹਾਂ। ਇਹ ਇਕ ਪ੍ਰਾਸੈਸ ਹੈ। ਕਿਸੇ ਤੇ ਦੋਸ਼ ਲੱਗ ਜਾਣਾ ਵੱਖਰੀ ਗੱਲ ਹੈ, ਪਰ ਦੋਸ਼ਾਂ ਦਾ ਫੈਸਲਾ ਅਸੀਂ ਨਹੀਂ ਕਰ ਸਕਦੇ, ਇਹ ਕੋਰਟਾਂ ਨੇ ਕਰਨਾ ਹੈ। ਤੁਸੀਂ ਤਾਂ ਪਹਿਲਾਂ ਹੀ ਸਾਰੇ ਫੈਸਲੇ ਕਰੀ ਜਾਂਦੇ ਹੋ (ਵਿਘਨ)..(ਸ਼ੋਰ)

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਅਖਬਾਰਾਂ ਦੀ ਰਿਪੋਰਟ ਦੇ ਅਧਾਰ ਤੇ ਗੱਲ ਕਰ ਰਿਹਾ ਹਾਂ। ਜੇਕਰ ਤੁਸੀਂ ਮਜੀਠੀਆ ਸਾਹਿਬ ਇੰਨੇ ਹੀ ਹੋ ਤਾਂ ਤੁਸੀਂ ਅਸਤੀਫਾ ਦੇ ਦਿਓ ਤੇ ਇਨਕੁਆਰੀ ਕਰਾਓ। (ਵਿਘਨ...ਸ਼ੋਰ)

ਮਾਨਯੋਗ ਸਪੀਕਰ: ** ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ਇਹ ਸਿਲੈਕਟਿਵ ਮੈਮਰੀ ਹੈ। ਲਓ ਰੰਧਾਵਾ ਜੀ ਗੱਲ ਹੀ ਮੁਕਾ ਦਿੰਦੇ ਹਾਂ।

ਮਾਨਯੋਗ ਸਪੀਕਰ : ਰੰਧਾਵਾ ਜੀ ਕਨਕਲੂਡ ਕਰੋ। ਇਹ ਜਿਹੜੇ ਨਾਂ ਲਏ ਜਾ ਰਹੇ ਹਨ, ਜੋ ਹਾਊਸ ਵਿੱਚ ਹਾਜ਼ਰ ਨਹੀਂ ਹਨ ਉਨ੍ਹਾਂ ਦੇ ਨਾਂ ਐਕਸਪੰਜ ਕਰ ਦਿੱਤੇ ਜਾਣ। (ਵਿਘਨ)

ਮਾਲ ਤੇ ਮੁੜ ਵਸੇਬਾ ਮੰਤਰੀ : ** ** (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰੰਧਾਵਾ ਜੀ, ਤੁਸੀਂ ਕਨਕਲੂਡ ਕਰੋ। ਪਲੀਜ਼ ਕਨਕਲੂਡ ਕਰੋ। ਤੁਹਾਡਾ ਟਾਈਮ 15 ਮਿੰਟ ਹੈ।

ਸਰਦਾਰ ਸੁਖਜਿੰਦਰ ਸਿੰਘ : ਮੇਰੇ ਕੋਲ ਤਾਂ ਇੱਕ ਘੰਟਾ ਹੈ।

ਮਾਨਯੋਗ ਸਪੀਕਰ : ਤੁਹਾਡੇ ਲੀਡਰ ਨੇ 15 ਮਿੰਟ ਤੁਹਾਡੇ ਲਿਖ ਕੇ ਦਿੱਤੇ ਹਨ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ... (ਵਿਘਨ)

ਮਾਲ ਤੇ ਮੁੜ ਵਸੇਬਾ ਮੰਤਰੀ : ਸਪੀਕਰ ਸਾਹਿਬ,**

**Expunged as ordered by the Chair.

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇੱਕ 23 ਦਸੰਬਰ, 2014 ਨੂੰ ਅੰਮ੍ਰਿਤਸਰ ਵਿੱਚ 489ਨੰ: ਐਫ.ਆਈ.ਆਰ. ਦਰਜ ਹੋਈ ਹੈ ਅਤੇ ਇਸ ਅਧੀਨ 57 ਲਗਜ਼ਰੀ ਗੱਡੀਆਂ ਫੜੀਆਂ ਹਨ। ਜਿਸ ਨੇ ਗੱਡੀਆਂ ਲਿਆਂਦੀਆਂ ਉਹ ਬੰਦਾ ਵੀ ਫੜ ਲਿਆ। ਕੀ ਗੱਲ ਰਿਕਵਰੀ ਕਿਸ ਤੇ ਪਾਉਣੀ ਸੀ ਕਿ ਉਸ ਵਿੱਚ ਅਕਾਲੀ ਲੀਡਰ ਸੀ ਜਾਂ ਉਨ੍ਹਾਂ ਦੀਆਂ ਗੱਡੀਆਂ ਸੀ। ਇਹ ਕਿਉਂ ਨਹੀਂ ਪਾਈ ਗਈ। 57 ਗੱਡੀਆਂ ਤੁਹਾਡੇ ਅੰਮ੍ਰਿਤਸਰ ਤੋਂ ਫੜੀਆਂ ਹਨ ...

ਮਾਲ ਤੇ ਮੁੜ ਵਸੇਬਾ ਮੰਤਰੀ : ** (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਜਿਹੜਾ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਦਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮਾਲ ਤੇ ਮੁੜ ਵਸੇਬਾ ਮੰਤਰੀ : **

ਸਰਦਾਰ ਕੁਲਜੀਤ ਸਿੰਘ ਨਾਗਰਾ : **

ਮਾਨਯੋਗ ਸਪੀਕਰ : ਜੋ ਵੀ ਮਜੀਠੀਆ ਸਾਹਿਬ ਵੱਲੋਂ ਬੋਲਿਆ ਜਾ ਰਿਹਾ ਹੈ, that is not to be recorded. ਜੋ ਇਨ੍ਹਾਂ ਨੇ ਬੋਲਿਆ ਹੈ ਉਹ ਐਕਸਪੰਜ ਕਰ ਦਿਓ। ਨਾਗਰਾ ਜੀ ਜੋ ਬੋਲੇ ਹਨ ਉਹ ਵੀ ਐਕਸਪੰਜ ਕਰ ਦਿਓ। ਮਜੀਠੀਆ ਜੀ ਦਾ ਵੀ ਐਕਸਪੰਜ ਕਰ ਦਿਓ।

ਮਾਲ ਤੇ ਮੁੜ ਵਸੇਬਾ ਮੰਤਰੀ : **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਰਾਣਾ ਗੁਰਜੀਤ ਸਿੰਘ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਸੁਖਜਿੰਦਰ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਨਾਗਰਾ ਜੀ, ਬੈਠ ਜਾਉ। (ਵਿਘਨ) (ਸ਼ੋਰ) ਜਿਹੜਾ ਵੀ ਹਾਊਸ ਵਿੱਚ ਹਾਜ਼ਰ ਨਹੀਂ, ਜੇਕਰ ਉਸ ਦਾ ਨਾਂ ਲਿਆ ਗਿਆ ਹੈ ਤਾਂ ਉਹ ਐਕਸਪੰਜ ਕਰ ਦਿੱਤਾ ਜਾਵੇ।

**Expunged/Not recorded as ordered by the Chair.

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੈ ਕਿ ਪਤਾ ਨਹੀਂ ਕੀ ਗੱਲ ਹੈ ਕਿ ਸਾਰੇ ਸਿਆਸੀ ਬੰਦੇ ਇੱਕ ਦੂਜੇ ਦੇ ਦੁਸ਼ਮਣ ਬਣੇ ਬੈਠੇ ਹਨ। ਇਸ ਵਿੱਚੋਂ ਕੀ ਕੱਢੋਗੇ ? ਜੇ ਕੱਲ੍ਹ ਨੂੰ ਕੋਈ ਬੰਦਾ ਮੇਰੇ ਖਿਲਾਫ ਬਿਆਨ ਦੇ ਦੇਵੇ ਤਾਂ ਕੀ ਮੈਂ ਵੀ ਅਸਤੀਫਾ ਦੇ ਦਿਆਂ? ਇੱਕ ਬੜਾ ਵੱਡਾ ਮੁਲਜ਼ਮ ਹੈ ਅਤੇ ਉਸ ਦੇ ਖਿਲਾਫ ਵੱਡਾ ਕੇਸ ਦਰਜ ਹੈ। ਮੈਂ ਇਸ ਕਰਕੇ ਕੁਝ ਕਹਿਣਾ ਨਹੀਂ ਚਾਹੁੰਦਾ ਸੀ ਕਿਉਂਕਿ ਇਹ ਕੋਰਟ ਵਿੱਚ ਕੇਸ ਚੱਲ ਰਿਹਾ ਹੈ ਅਤੇ ਇਹ ਕੇਸ ਸਬ-ਜੁਡਿਸ ਹੈ ਅਤੇ ਦੋ ਪਾਸੇ ਦੀ ਇਨਕੁਆਰੀ ਹੋ ਰਹੀ ਹੈ। ਇਸ ਦੀ ਈ.ਡੀ. ਅਤੇ ਪੰਜਾਬ ਪੁਲਿਸ ਦੋਨੋਂ ਇਨਕੁਆਰੀ ਕਰ ਰਹੇ ਹਨ। ਉਨ੍ਹਾਂ ਦੋਨਾਂ ਦੀਆਂ ਰਿਪੋਰਟਾਂ ਤੋਂ ਬਾਅਦ ਜੱਜ ਨੇ ਫੈਸਲਾ ਕਰਨਾ ਹੈ।

ਸਰਦਾਰ ਸਿਮਰਜੀਤ ਸਿੰਘ ਬੈਂਸ : ਫਿਲੌਰ ਸਾਹਿਬ ਤੋਂ ਤਾਂ ਤੁਸੀਂ ਅਸਤੀਫਾ ਲਿਆ ਨਹੀਂ।

ਮੁੱਖ ਮੰਤਰੀ : ਸਰਦਾਰ ਸਾਹਿਬ, ਤੁਸੀਂ ਬੈਠ ਜਾਉ। ਅਸੀਂ ਇੱਕ ਦੂਜੇ ਤੇ ਦੂਸ਼ਣ ਲਗਾ ਕੇ ਪੁਲੀਟੀਕਲ ਬੰਦਿਆਂ ਨੂੰ ਬਦਨਾਮ ਕਰ ਦਿਆਂਗੇ। ਇਹ ਗੱਲ ਕੋਰਟਾਂ ਵਿੱਚ ਹੈ, ਉਸ ਤੋਂ ਬਾਅਦ ਦੇਖਿਉ ਕਿ ਕੀ ਹੁੰਦਾ ਹੈ। ਪਹਿਲਾਂ ਹੀ ਇੱਕ ਦੂਜੇ ਨਾਲ ਲੜਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਰੰਧਾਵਾ ਸਾਹਿਬ ਮੈਂ ਇਸ ਦੀ ਮੈਰਿਟ ਅਤੇ ਡੀ-ਮੈਰਿਟ ਵਿੱਚ ਨਹੀਂ ਜਾਣਾ ਚਾਹੁੰਦਾ ਅਤੇ ਬੋਲਣਾ ਨਹੀਂ ਚਾਹੁੰਦਾ ਕਿਉਂਕਿ ਇਸ ਬਾਰੇ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਉਸ ਤੋਂ ਬਾਅਦ ਦੇਖ ਲਵਾਂਗੇ ਕਿ ਕੀ ਹੁੰਦਾ ਹੈ, ਪਰ ਅਸੀਂ ਪਹਿਲਾਂ ਹੀ ਛਾਲਾਂ ਮਾਰੀ ਜਾਂਦੇ ਹਾਂ। ਇਸ ਕਰਕੇ ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਸ ਚੀਜ਼ ਤੋਂ ਗੁਰੇਜ਼ ਕਰੋ। "ਸਹਿਜ ਪਕੇ ਸੋ ਮੀਠਾ ਹੋਏ।" ਜਦੋਂ ਕਿਸੇ ਸਿੱਟੇ ਤੇ ਪੁੱਜਾਂਗੇ ਤਾਂ ਗੁਨਾਹਗਾਰਾਂ ਨੂੰ ਸਜ਼ਾ ਮਿਲੇਗੀ ਅਤੇ ਬੇਗੁਨਾਹਾਂ ਨੂੰ ਸਜ਼ਾ ਨਹੀਂ ਮਿਲੇਗੀ। ਮੇਰੀ ਤਾਂ ਇੰਨੀ ਹੀ ਬੇਨਤੀ ਹੈ, ਪਰ ਤੁਸੀਂ ਮੰਨਣਾ ਨਹੀਂ ਹੈ।

ਉਹੀ ਚਾਲ, ਬੇਢੰਗੀ, ਜੋ ਪਹਿਲੇ ਥੀ ਵੋ ਅਬ ਭੀ ਹੈ।

ਪਿਛਲਾ ਸੈਸ਼ਨ ਵੀ ਇਸ ਤਰ੍ਹਾਂ ਹੀ ਗਵਾਇਆ ਹੈ ਅਤੇ ਹੁਣ ਵੀ ਇਸੇ ਤਰ੍ਹਾਂ ਹੀ ਗਵਾਉਣਾ ਹੈ। ਇਸ ਵਿੱਚੋਂ ਅਸੀਂ ਕੀ ਕੱਢਾਂਗੇ। ਲੋਕ ਪੁੱਛਣਗੇ ਕਿ ਇਸ ਸੈਸ਼ਨ ਦਾ ਨਤੀਜਾ ਕੀ ਨਿਕਲਿਆ। ਤੁਸੀਂ ਮਜੀਠੀਏ ਦੇ ਮਗਰ ਪੈ ਜਾਉ, ਮੇਰੇ ਮਗਰ ਪੈ ਜਾਉ, ਇਸ ਨਾਲ ਨਤੀਜਾ ਕੁਝ ਨਹੀਂ ਨਿਕਲਣਾ। ਕੋਈ ਕੰਸਟਰੱਕਟਿਵ ਗੱਲ ਕਰੋ ਜਿਸ ਨਾਲ ਪੰਜਾਬ ਦਾ ਭਲਾ ਹੋਵੇ। ਇਹ ਮੈਟਰ

ਇਨਕੁਆਰੀਆਂ ਦੇ ਹਨ, ਕੋਰਟਾਂ ਦੇ ਹਨ। ਮੇਰੇ ਤੇ ਵੀ ਇਲਜ਼ਾਮ ਲੱਗਾ ਹੈ। ਉਦੋਂ ਤਾਂ ਤੁਸੀਂ "ਹਾਅ" ਦਾ ਨਾਅਰਾ ਨਹੀਂ ਮਾਰਿਆ। ਤੁਹਾਡੇ ਉਸ ਵੇਲੇ ਦੇ ਇੰਨੇ ਵੱਡੇ ਚੀਫ ਮਨਿਸਟਰ ਸਾਹਿਬ ਨੇ ਮੇਰੇ ਖਿਲਾਫ, ਮੇਰੀ ਘਰ ਵਾਲੀ ਦੇ ਖਿਲਾਫ ਅਤੇ ਸੁਖਬੀਰ ਦੇ ਖਿਲਾਫ ਪਰਚੇ ਕੀਤੇ ਪਰ ਅਸੀਂ ਕੋਰਟ ਤੋਂ ਬਰੀ ਹੋ ਗਏ। ਹੁਣ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਉਦੋਂ ਵੀ ਤੁਹਾਨੂੰ ਆਖਣਾ ਚਾਹੀਦਾ ਸੀ ਕਿ ਗਲਤ ਕਰ ਰਹੇ ਹੋ। ਮੈਨੂੰ ਪਤਾ ਹੈ ਕਿ ਸਰਦਾਰ ਲਾਲ ਸਿੰਘ ਨੇ ਆਖਿਆ ਸੀ।

ਸਰਦਾਰ ਸੁਖਜਿੰਦਰ ਸਿੰਘ : ਅਸੀਂ ਆਖਿਆ ਸੀ.....(ਵਿਘਨ) (ਸ਼ੋਰ)

ਮੁੱਖ ਮੰਤਰੀ : ਜਦੋਂ ਕੋਈ ਗੱਲ ਹੋਵੇਗੀ, ਉਦੋਂ ਗੱਲ ਕਰਾਂਗੇ, ਹੁਣ ਕੋਈ ਫਾਇਦਾ ਨਹੀਂ ਹੈ.. (ਵਿਘਨ) ਚੱਲੋ, ਤੁਹਾਡੀ ਮਰਜ਼ੀ ਜੀ।

ਸਰਦਾਰ ਸੁਖਜਿੰਦਰ ਸਿੰਘ : ਮੈਂ ਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਸੀ... (ਵਿਘਨ)

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਸਮਝਿਆ ਸੀ ਕਿ ਬਾਦਲ ਸਾਹਿਬ ਉਠੇ ਹਨ, ਇਹ ਕਹਿਣਗੇ ਕਿ ** ਨਾ ਕਰੋ। (ਵਿਘਨ) (ਸ਼ੋਰ) ਏ.ਆਈ.ਸੀ.ਸੀ. ਦੇ ਵਾਈਸ ਪ੍ਰੈਜ਼ੀਡੈਂਟ ਨੇ ਸੱਦਣਾ, ਹੇਠੀ ਦੋਨਾਂ ਦੀ ਹੈ, ਇਹ ਨਹੀਂ ਹੋਣਾ ਚਾਹੀਦਾ।

ਮਾਨਯੋਗ ਸਪੀਕਰ : ਉਹ ਤਾਂ ਮੈਂ ਐਕਸਪੰਜ ਕਰਵਾ ਦਿੱਤਾ ਹੈ। ਜਿਹੜੇ ਵੀ ਸ਼ਬਦ ਮੇਰੀ ਪਰਮਿਸ਼ਨ ਤੋਂ ਬਗੈਰ ਬੋਲੇ ਗਏ ਹਨ, ਉਹ ਮੈਂ ਐਕਸਪੰਜ ਕਰਵਾ ਦਿੱਤੇ ਹਨ। (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ : ਬਾਦਲ ਸਾਹਿਬ ਨੇ ਵਾਕਿਆ ਹੀ ਇੱਕ ਕੰਸਟਰੱਕਟਿਵ ਗੱਲ ਕੀਤੀ ਹੈ। ਜੇਕਰ ਆਪਾਂ ਸੱਚਮੁੱਚ ਹੀ ਪੰਜਾਬ ਨਾਲ ਇਨਸਾਫ ਕਰਨਾ ਚਾਹੁੰਦੇ ਹਾਂ ਤਾਂ ਪੰਜਾਬ ਦੇ ਬਾਰਡਰ ਜ਼ਿਲ੍ਹਿਆਂ ਵਿੱਚ ਜਿਹੜੇ ਐਸ.ਐਚ.ਓ. ਜਾਂ ਡੀ.ਐਸ.ਪੀ. ਪਿਛਲੇ 7-8 ਸਾਲਾਂ ਤੋਂ ਲੱਗੇ ਹਨ, ਉਨ੍ਹਾਂ ਦਾ ਰਿਕਾਰਡ ਮੰਗਵਾਈਏ ਕਿ ਕੀ ਗੱਲ ਉਹ ਇੰਨੇ ਸਾਲ ਉਨ੍ਹਾਂ ਥਾਣਿਆਂ ਵਿੱਚ ਹੀ ਲੱਗੇ ਰਹਿੰਦੇ ਹਨ। ਕੀ ਅਸੀਂ ਉਨ੍ਹਾਂ ਦੀ ਜਾਇਦਾਦ ਦੀ ਇਨਕੁਆਰੀ ਕਰਵਾ ਸਕਦੇ ਹਾਂ, ਕੀ ਅਸੀਂ ਦੇਖ ਸਕਦੇ ਹਾਂ ਕਿ ਉਹ ਰਾਤੋ-ਰਾਤ ਕਿਸ ਤਰ੍ਹਾਂ ਅਮੀਰ

**Expunged as ordered by the Chair.

[ਸਰਦਾਰ ਸੁਖਜਿੰਦਰ ਸਿੰਘ]

ਹੋ ਗਏ। ਉਨ੍ਹਾਂ ਨੇ ਇੰਨੀ ਜਾਇਦਾਦ ਕਿੱਥੋਂ ਬਣਾਈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਪੁਲਿਸ ਤੇ ਸਖਤਾਈ ਨਾਲ ਕੰਟਰੋਲ ਕਰੀਏ ਤਾਂ ਪੰਜਾਬ ਵਿਚੋਂ ਨਸ਼ੇ ਵੀ ਖਤਮ ਹੋ ਜਾਣਗੇ ਅਤੇ ਸਾਰਾ ਕੁਝ ਹੀ ਖਤਮ ਹੋ ਜਾਵੇਗਾ। ਉਪ ਮੁੱਖ ਮੰਤਰੀ ਜੀ ਇਥੇ ਬੈਠੇ ਨਹੀਂ ਹਨ, ਉਹ ਕਹਿੰਦੇ ਹਨ ਕਿ ਅਸੀਂ ਪੰਜਾਬ ਵਿਚ ਮੈਟਰੋ ਚਲਾ ਦੇਣੀ ਹੈ, ਪਾਣੀ ਵਿਚ ਬੱਸਾਂ ਚਲਾ ਦੇਣੀਆਂ ਹਨ, ਬੁਲਿਟ ਟਰੇਨ ਤਾਂ ਇਨ੍ਹਾਂ ਕੋਲੋਂ ਨਹੀਂ ਚੱਲੀ ਪਰ ਨਸ਼ਿਆਂ ਦੀ ਬੁਲਿਟ ਟਰੇਨ ਇੰਨੀ ਤੇਜ਼ੀ ਨਾਲ ਚੱਲੀ ਹੈ ਕਿ ਪੰਜਾਬ ਨੂੰ ਖਤਮ ਕਰਕੇ ਰੱਖ ਦਿੱਤਾ ਹੈ। ਵਾਕਿਆ ਹੀ ਬਾਦਲ ਸਾਹਿਬ ਜੋ ਤੁਸੀਂ ਕਿਹਾ ਹੈ ਕਿ ਅਸੀਂ ਇਕ-ਦੂਜੇ ਉਤੇ ਇਲਜ਼ਾਮ ਲਗਾਉਂਦੇ ਰਹਿੰਦੇ ਹਾਂ। ਪੰਜਾਬ ਨੇ ਪਹਿਲਾਂ ਵੀ ਬਹੁਤ ਨੁਕਸਾਨ ਉਠਾਇਆ ਹੈ। ਕਿੰਨੇ ਸਾਲ ਪੰਜਾਬ ਅੱਤਵਾਦ ਨਾਲ ਲੜਦਾ ਰਿਹਾ ਹੈ ਅਤੇ ਕਿੰਨਾ ਨੁਕਸਾਨ ਹੋ ਗਿਆ ਹੈ। ਉਦੋਂ ਵੀ ਤੁਹਾਡਾ ਰਾਜ ਸੀ ਅਤੇ ਹੁਣ ਵੀ ਤੁਹਾਡਾ ਰਾਜ ਹੈ। ਤੁਹਾਡੇ ਟਾਈਮ ਵਿਚ ਹੀ ਇਹ ਚੀਜ਼ਾਂ ਕਿਉਂ ਹੁੰਦੀਆਂ ਹਨ? ਕਿਉਂ ਪਹਿਲਾਂ ਅੱਤਵਾਦ ਆਇਆ ਅਤੇ ਹੁਣ ਕਿਉਂ ਨਸ਼ੇ ਦਾ ਅੱਤਵਾਦ ਆਇਆ ਹੈ? ਗੋਲੀ ਦਾ ਅੱਤਵਾਦ ਮਾੜਾ ਸੀ ਪਰ ਨਸ਼ੇ ਦੀ ਗੋਲੀ ਦਾ ਅੱਤਵਾਦ ਸਭ ਤੋਂ ਮਾੜਾ ਹੈ। ਇਸ ਨੇ ਕਈਆਂ ਦੇ ਘਰ ਬਰਬਾਦ ਕਰਕੇ ਰੱਖ ਦਿੱਤੇ ਹਨ। ਇਹੋ ਹੀ ਅੱਤਵਾਦ ਦੀਆਂ ਗੱਲਾਂ ਕਰਦੇ ਹਨ। ਵਲਟੋਹਾ ਜੀ ਸਾਹਮਣੇ ਬੈਠੇ ਹਨ। ਬੜੀਆਂ ਧਮਕੀਆਂ ਦਿੰਦਾ ਹੈ, ਚੱਕ ਦਿਆਂਗੇ, ਵੇਖ ਲਵਾਂਗੇ, ਹੁਣੇ ਵੀ ਕੁਝ ਦੇਰ ਪਹਿਲਾਂ ਉਠ ਕੇ ਬੋਲੇ ਸਨ। ਇਹ ਇਕ ਕਿਤਾਬ ਹੈ ਸੰਤ ਭਿੰਡਰਾਂਵਾਲੇ ਦੇ ਆਖਰੀ ਦਿਨ। ਇਸ ਵਿਚੋਂ ਜੇ ਇਜਾਜ਼ਤ ਹੋਵੇ ਤਾਂ ਮੈਂ ਥੋੜ੍ਹਾ ਜਿਹਾ ਪੜ੍ਹ ਕੇ ਸੁਣਾਉਂਦਾ ਹਾਂ। ਇਸ ਵਿਚ ਲਿਖਿਆ ਹੈ, ਮੈਂ ਨਾਂ ਨਹੀਂ ਲੈਣਾ ਚਾਹੁੰਦਾ, "ਇਸ ਸਿੰਘ ਨੂੰ ਵਿਰਸਾ ਸਿੰਘ ਵਲਟੋਹੀਆ ਵੀ ਕਹਿੰਦੇ ਹਨ ਤੇ ਵਿਰਸਾ ਸਿੰਘ ਮਝੈਲ ਵੀ। ਇਸ ਸਿੰਘ ਬਾਰੇ ਤਾਂ ਤੁਹਾਨੂੰ ਪਤਾ ਹੀ ਹੈ ਕਿ ਇਹ ਕਿੱਦਾਂ ਦਾ ਸਿੰਘ ਹੈ? ਜੇਕਰ ਇਸ ਸਿੰਘ ਦੇ ਸੁਭਾਅ ਤੇ ਜੁਝਾਰੂ ਖਾਤੇ ਬਾਰੇ ਕੁਝ ਜਾਣਨਾ ਹੋਵੇ ਤਾਂ ਇਨ੍ਹਾਂ ਦੇ ਹਮਜੋਲੀਆ ਕੋਲੋਂ ਪੁੱਛ ਲਵੋ। ਸਾਰਾ ਵਲਟੋਹਾ ਨਗਰ ਤੇ ਇਲਾਕਾ ਸਿੰਘ ਦੀ ਦਲੇਰੀ ਅਤੇ ਸੂਰਮਗਤੀ ਤੋਂ ਵਾਕਫ ਹੈ। ਵਿਰਸਾ ਸਿੰਘ ਬਾਰੇ ਹਾਮੀ ਭਰਨ ਤੋਂ ਬਾਅਦ ਜਨਰਲ ਸਾਹਿਬ ਨੇ ਵਿਰਸਾ ਸਿੰਘ ਦੇ ਚਿਹਰੇ ਉਤੇ ਆਪਣੀ ਤਿੱਖੀ ਨਜ਼ਰ ਦੁੜਾਈ। " ਮੈਂ ਅੱਜ ਉਸੇ ਹੀ ਚੀਜ਼ ਨੂੰ ਲੈ ਕੇ ਚਲਦਾ ਹਾਂ। ਇਨ੍ਹਾਂ ਦੇ ਹਲਕੇ ਬਾਰੇ ਹਿੰਦੁਸਤਾਨ ਦੇ ਵਿਚ ਜਿਹੜੀਆਂ ਵੀ ਰਿਪੋਰਟਾਂ ਆਈਆਂ ਹਨ, ਪੰਜਾਬ ਵਿਚ ਸਭ ਤੋਂ ਵੱਧ ਨਸ਼ਾ ਜਿਹੜਾ ਵਿਕ ਰਿਹਾ

ਹੈ ਅਤੇ ਸਭ ਤੋਂ ਵੱਧ ਭੁੱਕੀ ਵਿਕ ਰਹੀ ਹੈ, ਉਹ ਪੰਜਾਬ ਵਿਚ ਅਤੇ ਪੰਜਾਬ ਵਿਚ ਤਰਨਤਾਰਨ ਜ਼ਿਲ੍ਹੇ ਵਿਚ, ਅੱਗੇ ਤਰਨਤਾਰਨ ਜ਼ਿਲ੍ਹੇ ਵਿਚੋਂ ਵਲਟੋਹਾ ਹਲਕੇ ਦੇ ਜਿਹੜੇ ਥਾਣੇ ਹਨ, ਉਨ੍ਹਾਂ ਵਿਚ, ਵਿਕ ਰਿਹਾ ਹੈ। ਉਨ੍ਹਾਂ ਵਿਚੋਂ 250 ਕਰੋੜ ਰੁਪਏ ਦੀ ਹੈਰੋਇਨ ਬਰਾਮਦ ਹੋਈ ਹੈ। ਅੱਜ ਡਿਪਟੀ ਸੀ.ਐਮ. ਨਹੀਂ ਬੈਠੇ, ਉਥੇ ਇਕ ਆਦਮੀ ਕੋਲੋਂ ਉਥੇ 30 ਕਿਲੋ ਹੈਰੋਇਨ ਫੜੀ ਗਈ ਪ੍ਰੰਤੂ ਉਸ ਦਾ ਚਲਾਨ ਪੇਸ਼ ਨਹੀਂ ਕੀਤਾ ਗਿਆ ਅਤੇ ਉਸ ਦੀ ਜ਼ਮਾਨਤ ਹੋਈ। ਇਹ ਕਿਸ ਦਾ ਕਸੂਰ ਸੀ? ਕਿਉਂ ਐਕਸ਼ਨ ਨਹੀਂ ਲਿਆ ਗਿਆ? ਇਨ੍ਹਾਂ ਦੇ ਹੀ ਥਾਣਾ ਭੀਖੀਵਿੰਡ ਦੇ ਅਧੀਨ ਆਉਂਦੇ ਪਿੰਡਾਂ ਵਿਚ ਸ਼ਰੇਆਮ ਸਮੈਕ ਤੇ ਹੈਰੋਇਨ ਵਿਕ ਰਹੀ ਹੈ। ਜਾਣਕਾਰੀ ਦੇਣ ਦੇ ਬਾਵਜੂਦ ਵੀ ਕਾਰਵਾਈ ਨਾ ਕਰਨਾ, ਇਸ ਵਿਚ ਪੁਲਿਸ ਦੀ ਭੂਮਿਕਾ ਪਤਾ ਲਗਦੀ ਹੈ। ਇਨ੍ਹਾਂ ਦੇ ਹੀ ਸਰਪੰਚ ਅਤੇ ਅਕਾਲੀ ਦਲ ਦਾ ਸਰਪੰਚ ਹੀ ਬਿਆਨ ਦੇ ਰਿਹਾ ਹੈ ਕਿ ਅਸੀਂ ਥਾਣੇ ਵਿਚ ਵੀ ਗਏ ਹਾਂ, ਉਸੇ ਸਰਪੰਚ ਨੇ ਅੱਗੇ ਕਿਹਾ ਹੈ ਕਿ ਜੇਕਰ ਸਰਕਾਰ ਨੇ ਅਜੇ ਵੀ ਪੁਲਿਸ ਉਤੇ ਸ਼ਿਕੰਜਾ ਕੱਸ ਕੇ ਨਸ਼ੇ ਦੇ ਕਾਰੋਬਾਰ ਕਰਨ ਵਾਲੇ ਦੇ ਖਿਲਾਫ ਸਖਤ ਕਾਰਵਾਈ ਨਾ ਕੀਤੀ ਤਾਂ ਸਰਕਾਰ ਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇਗਾ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪੁਲਿਸ ਦੀ ਨਸ਼ੇ ਵਾਲਿਆਂ ਨਾਲ ਮਿਲੀਭੁਗਤ ਜੱਗ ਜ਼ਾਹਿਰ ਹੈ। ਅਸੀਂ ਕਈ ਵਾਰ ਸਬੰਧਤ ਪੁਲਿਸ ਅਫਸਰਾਂ ਪਾਸ ਆਪਣੇ ਪਿੰਡਾਂ ਵਿਚ ਸ਼ਰੇਆਮ ਵਿਕ ਰਹੀ ਸਮੈਕ ਅਤੇ ਨਸ਼ਾ ਵੇਚਣ ਬਾਰੇ ਜਾਣਕਾਰੀ ਦੇ ਚੁੱਕੇ ਹਾਂ। ਜੇਕਰ ਇਨ੍ਹਾਂ ਦੇ ਹੀ ਬੰਦੇ....

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ, ਸਰਦਾਰ ਵਿਰਸਾ ਸਿੰਘ ਵਲਟੋਹਾ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸਰਦਾਰ ਸੁਖਜਿੰਦਰ ਸਿੰਘ : ਪਹਿਲਾਂ ਦੋ ਮਿੰਟ ਸੁਣ ਤਾਂ ਲਵੋ। ਬਾਅਦ ਵਿਚ ਤੁਸੀਂ ਬੋਲਣਾ ਹੀ ਹੈ। ਮੈਂ ਤਾਂ ਬੰਦ ਕਰਨ ਲੱਗਾ ਹਾਂ।...

ਮਾਨਯੋਗ ਸਪੀਕਰ : ਰੰਧਾਵਾ ਜੀ, ਉਨ੍ਹਾਂ ਨੂੰ ਬੋਲ ਲੈਣ ਦਿਉ, ਉਨ੍ਹਾਂ ਦੇ ਹਲਕੇ ਦਾ ਕੰਮ ਹੈ।

ਸਰਦਾਰ ਸੁਖਜਿੰਦਰ ਸਿੰਘ : ਮੈਂ ਤਾਂ ਬੱਸ ਲਾਸਟ ਗੱਲ ਕਰਕੇ ਬੈਠਣ ਹੀ ਲੱਗਾ ਹਾਂ। ਤੁਸੀਂ ਸਪੱਸ਼ਟੀਕਰਨ ਇਕੱਠਾ ਹੀ ਦਿਉ, ਅਜੇ ਹੋਰ ਵੀ ਹੈ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ : ਮੈਂ, ਸਪੀਕਰ ਸਾਹਿਬ ਤੋਂ ਟਾਈਮ ਲਿਆ ਹੈ।

ਮਾਨਯੋਗ ਸਪੀਕਰ : ਉਨ੍ਹਾਂ ਨੇ ਪੁਆਇੰਟ ਆਫ ਆਰਡਰ ਲਿਆ ਹੈ। ਤੁਸੀਂ ਇਕ ਮਿੰਟ ਬੈਠੋ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਜਿਸ ਤਰ੍ਹਾਂ ਸੀ.ਐਮ. ਸਾਹਿਬ ਨੇ ਜ਼ਿਕਰ ਕੀਤਾ ਹੈ, ਅਸੀਂ ਸਿਆਸਤ ਵਿਚ ਜਿਸ ਪਾਸੇ ਜਾ ਰਹੇ ਹਾਂ, ਇਸ ਦਾ ਰਿਜ਼ਲਟ ਕੀ ਹੈ? ਜਿਥੋਂ ਤੱਕ ਇਨ੍ਹਾਂ ਨੇ ਮੇਰੇ ਬਾਰੇ ਗੱਲ ਕੀਤੀ ਹੈ ਅਤੇ ਪਤਾ ਨਹੀਂ ਕਿਹੜੀ ਕਿਤਾਬ ਚੁੱਕੀ ਫਿਰਦੇ ਹਨ। ਉਹ ਕਿਤਾਬ ਮੈਨੂੰ ਵੀ ਦੇਣ, ਮੇਰੇ ਵੀ ਕਿਤੇ ਕੰਮ ਆਵੇਗੀ। ਦੂਸਰੀ ਇਨ੍ਹਾਂ ਨੇ ਮੇਰੀ ਬਹਾਦਰੀ ਦੀ ਗੱਲ ਕੀਤੀ ਹੈ, ਅੱਜ ਉਸ ਹਲਕੇ ਦੀ ਗੱਲ ਜਿਥੋਂ ਮੈਂ ਸਬੰਧਤ ਹਾਂ ਅਤੇ ਜਿਥੋਂ ਮੈਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ। ਉਹ ਖਬਰ ਅਖਬਾਰਾਂ ਵਿਚ ਕਿਸ ਨੇ ਲਵਾਈ ਹੈ? ਜਿਨ੍ਹਾਂ ਸਰਪੰਚਾਂ ਦੇ ਨਾਵਾਂ ਤੇ ਪੱਤਰਕਾਰ ਨੇ ਖਬਰ ਲਾਈ ਹੈ। ਉਨ੍ਹਾਂ ਨੇ ਅਗਲੇ ਦਿਨ ਹੀ ਖਬਰ ਦਾ ਖੰਡਨ ਕੀਤਾ ਕਿ ਅਸੀਂ ਕਿਸੇ ਵੀ ਪੱਤਰਕਾਰ ਨੂੰ ਅਖਬਾਰ ਵਿੱਚ ਖਬਰ ਲਗਾਉਣ ਵਾਸਤੇ ਨਹੀਂ ਕਿਹਾ । ਨਸ਼ੇ ਸਬੰਧੀ ਪ੍ਰਕਾਸ਼ਿਤ ਹੋਏ ਬਿਆਨ ਨਾਲ ਮੇਰਾ ਕੋਈ ਸਬੰਧ ਨਹੀਂ, ਸਰਪੰਚਾਂ ਨੇ ਕਿਹਾ ਔਰ ਜਿਨ੍ਹਾਂ ਨੇ ਖਬਰ ਲਗਾਈ, ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵਿਧਾਨ ਸਭਾ ਦੀ ਗੈਲਰੀ ਵਿੱਚੋਂ ਹੀ ਚੁੱਕ ਕੇ ਲੈ ਕੇ ਆਏ ਹੋਣ ਔਰ ਉਸ ਪੱਤਰਕਾਰ ਬਾਰੇ ਮਸ਼ਹੂਰ ਹੈ ਕਿ ਉਹ ਕਾਂਗਰਸ ਪਾਰਟੀ ਨਾਲ ਸਬੰਧਤ ਹੈ । (ਵਿਘਨ) ਸਪੀਕਰ ਸਾਹਿਬ, ਇੱਕ ਮਿੰਟ । ਮੈਨੂੰ ਕਲੈਰੀਫਿਕੇਸ਼ਨ ਦੇਣ ਦਿਓ, ਬੜੀ ਵੱਡੀ ਗੱਲ ਹੈ । ਉਸ ਬਾਰੇ ਮਸ਼ਹੂਰ ਹੈ ਔਰ ਉਹ ਖਬਰ ਕੇਵਲ ਤੇ ਕੇਵਲ ਵਿਧਾਨ ਸਭਾ ਵਿੱਚ ਵਿਖਾਉਣ ਵਾਸਤੇ ਹੀ ਲਗਾਈ ਗਈ । ਸਪੀਕਰ ਸਾਹਿਬ, ਮੈਂ ਵੀ ਵਿਧਾਨ ਸਭਾ ਵਿੱਚ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ 24 ਜਨਵਰੀ ਨੂੰ ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਦੀ ਅੰਮ੍ਰਿਤਸਰ ਵਿੱਚ ਡਰੱਗਜ਼ ਖਿਲਾਫ ਰੈਲੀ ਸੀ..(ਵਿਘਨ)

ਮਾਨਯੋਗ ਸਪੀਕਰ : ਵਲਟੋਹਾ ਜੀ, ਤੁਹਾਡੀ ਵਾਰੀ ਹਾਲੇ ਆਉਣੀ ਹੈ । ਤੁਹਾਡੀ ਵਾਰੀ ਅੱਜ ਹੀ ਆ ਜਾਣੀ ਹੈ (ਵਿਘਨ) (ਸ਼ੋਰ) ਵਲਟੋਹਾ ਜੀ, ਤੁਸੀਂ ਬੈਠ ਜਾਓ ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : **

Mr. Speaker : Nothing should be recorded. (ਵਿਘਨ) (ਸ਼ੋਰ) ਤੁਹਾਡੀ ਵਾਰੀ ਆਉਣੀ ਹੈ, ਜੋ ਮਰਜ਼ੀ ਕਹਿ ਲੈਣਾ ।

ਸਰਦਾਰ ਸੁਖਜਿੰਦਰ ਸਿੰਘ : ਤੁਸੀਂ ਡੈਫਾਮੇਸ਼ਨ ਦਾ ਕੇਸ ਪਾਓ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਵਲਟੋਹਾ ਜੀ, ਕੱਲ੍ਹ ਨੂੰ ਤੁਸੀਂ ਜੋ ਕਹਿਣਾ ਹੈ, ਕਹਿ ਲੈਣਾ । ਤੁਹਾਡੀ ਵਾਰੀ ਆਉਣੀ ਹੈ । ਤੁਸੀਂ ਕੱਲ੍ਹ ਕਹਿ ਲੈਣਾ ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : **

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਫਿਰ ਉਹੀ ਬੋਲੀ ਬੋਲ ਰਹੇ ਹਨ ।

ਮਾਨਯੋਗ ਸਪੀਕਰ : ਇਹ ਐਕਸਪੰਜ ਕਰ ਦਿਓ । (ਵਿਘਨ) (ਸ਼ੋਰ) Now nothing should be recorded. (ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਫਿਰ ਉਹੀ ਬੋਲੀ ਬੋਲਦੇ ਹਨ ।

ਮਾਨਯੋਗ ਸਪੀਕਰ : ਉਹ ਮੈਂ ਐਕਸਪੰਜ ਕਰਵਾ ਦਿੱਤਾ ਹੈ ।

ਸਰਦਾਰ ਸੁਖਜਿੰਦਰ ਸਿੰਘ : ਸੀ. ਐਮ. ਸਾਹਿਬ ਸਾਨੂੰ ਕਹਿੰਦੇ ਹਨ ਪਰ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਵੀ ਕਹੋ ਕਿ ਥੋੜ੍ਹੀ ਤਮੀਜ਼ ਨਾਲ ਗੱਲ ਕਰ ਲਿਆ ਕਰਨ । (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰੰਧਾਵਾ ਜੀ, ਹੁਣ ਕਨਕਲੂਡ ਕਰੋ । Please conclude now.

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਮੇਰੇ ਇਲਾਕੇ (ਫੋਟੋ ਲਹਿਰਾਉਂਦੇ ਹੋਏ) ਵਿੱਚ 2007 ਵਿੱਚ ਇੱਕ ** ** ਸੀ ।

Mr. Speaker : Don't show the photo.

**Not recorded/Expunged as ordered by the Chair.

ਸਰਦਾਰ ਸੁਖਜਿੰਦਰ ਸਿੰਘ : ਜਦੋਂ ਬੀਬੀ ਜੀ ਨੇ ਕੀਤਾ, ਉਦੋਂ ਤੁਸੀਂ ਕਿਹਾ ਨਹੀਂ ।

ਮਾਨਯੋਗ ਸਪੀਕਰ : ਮੈਂ ਤਾਂ ਉਹ ਐਕਸਪੰਜ ਕਰਵਾ ਦਿੱਤਾ ਸੀ ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਮੈਂ ਸੁਣਿਆ ਨਹੀਂ ਕਿ ਤੁਸੀਂ ਕੀ ਕਿਹਾ ਹੈ ਜਾਂ ....

ਸਰਦਾਰ ਸੁਖਜਿੰਦਰ ਸਿੰਘ : ** ਦੀ ਇੰਨੀ ਤਕਲੀਫ ਨਾ ਹੋਵੇ ਤੁਹਾਨੂੰ । ਇੱਕ ਮਿੰਟ ਸੁਣ ਲਓ।

ਮਾਲ ਤੇ ਮੁੜ ਵਸੇਬਾ ਮੰਤਰੀ : ** **

ਸਰਦਾਰ ਸੁਖਜਿੰਦਰ ਸਿੰਘ : ** **

Mr. Speaker : Nothing should be recorded now.

ਸਰਦਾਰ ਸੁਖਜਿੰਦਰ ਸਿੰਘ : ** **

ਮਾਲ ਤੇ ਮੁੜ ਵਸੇਬਾ ਮੰਤਰੀ : ** **

ਮਾਨਯੋਗ ਸਪੀਕਰ : ਰੰਧਾਵਾ ਜੀ, ਕਨਕਲੂਡ ਕਰੋ ।

ਸਰਦਾਰ ਸੁਖਜਿੰਦਰ ਸਿੰਘ : ** **

ਮੁੱਖ ਮੰਤਰੀ : ** ** ਦਾ ਨਾਂ ਲਿਆ ਹੈ, ਉਹ ਐਕਸਪੰਜ ਕਰਵਾ ਦਿੱਤਾ ਜਾਵੇ ।

ਮਾਨਯੋਗ ਸਪੀਕਰ : ਉਹ ਕਰ ਦਿੱਤਾ ਹੈ । ਜਿਹੜਾ ਹਾਊਸ ਵਿੱਚ ਹਾਜ਼ਰ ਨਹੀਂ ਹੈ, ਆਟੋਮੈਟੀਕਲੀ ਉਸ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ ।

ਸਰਦਾਰ ਸੁਖਜਿੰਦਰ ਸਿੰਘ : ਇਨ੍ਹਾਂ ਨੇ ਹੁਣੇ ਹੀ ਸਾਡੇ ਪ੍ਰਧਾਨ ਦੀ ਗੱਲ ਕੀਤੀ ਹੈ । ਇਨ੍ਹਾਂ ਨੇ ਬੜੇ ਲੰਬੇ ਚੌੜੇ, ਪਤਾ ਨਹੀਂ ਕਿੰਨੇ ਕੁਇੰਟਲ ਕਾਗਜ਼ ਚੁੱਕ ਕੇ ਲਗਾਏ ਸਨ । ਅੱਜ ਤੱਕ ਉਨ੍ਹਾਂ ਬਾਰੇ ਕੁਝ ਕਿਉਂ ਨਹੀਂ ਕੀਤਾ ? ਕਿਉਂ ਤੁਸੀਂ ਡੇਢ ਸਾਲ ਬੈਠੇ ਰਹੇ ਹੋ ?

ਮਾਨਯੋਗ ਸਪੀਕਰ : ਰੰਧਾਵਾ ਜੀ, ਕਨਕਲੂਡ ਕਰੋ ।

ਸਰਦਾਰ ਸੁਖਜਿੰਦਰ ਸਿੰਘ : ਮੇਰਾ ਟਾਈਮ ਵੇਸਟ ਨਾ ਕਰੋ ।

ਮਾਲ ਤੇ ਮੁੜ ਵਸੇਬਾ ਮੰਤਰੀ : **

**Not recorded/Expunged as ordered by the Chair.

ਸਰਦਾਰ ਸੁਖਜਿੰਦਰ ਸਿੰਘ : **

Mr. Speaker : Nothing should be recorded.

ਸਰਦਾਰ ਸੁਖਜਿੰਦਰ ਸਿੰਘ : ** **

ਮਾਲ ਤੇ ਮੁੜ ਵਸੇਬਾ ਮੰਤਰੀ : ** **

ਸਰਦਾਰ ਸੁਖਜਿੰਦਰ ਸਿੰਘ : ** **

Mr. Speaker : Nothing should be recorded. (Interruptions) ਰੰਧਾਵਾ ਜੀ, ਤੁਸੀਂ ਕਨਕਲੂਡ ਕਰੋ ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਹ ਜਿਹੜੀਆਂ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਤਾਂ ਬਚੇਗਾ ਜੇਕਰ ਪਹਿਲਾਂ ਨਸ਼ਿਆਂ ਤੋਂ ਬਚਾਂਗੇ । ਸਾਲ 2007 ਵਿੱਚ ਜਿਹੜਾ ਇਨ੍ਹਾਂ ਨੂੰ ਨਾਂ ਦਾ ਭੁਲੇਖਾ ਹੈ, ਨਾਂ ਮੈਂ ਦੁਬਾਰਾ ਲੈ ਦਿੰਦਾ ਹਾਂ । ਪਹਿਲੀ ਜਿਹੜੀ ਪੰਜਾਬ ਵਿੱਚੋਂ ਅਕਾਲੀ ਦਲ ਦੀ ਖੇਪ ਫੜੀ ਗਈ, ਉਹ ਅੰਮ੍ਰਿਤਸਰ ਵਿੱਚ ਕੱਥੂਨੰਗਲ ਥਾਣੇ ਦੇ ਲਾਗਿਓਂ ਬੱਸ ਵਿੱਚ ਫੜੀ ਗਈ । ਉਹ ਪਤਾ ਹੈ, ਕੌਣ ਸੀ ? ਯੂਥ ਅਕਾਲੀ ਦਲ ਦਾ ** (ਫੋਟੋ ਲਹਿਰਾਉਂਦੇ ਹੋਏ) ...

Mr. Speaker : Don't show the photos. ਮੈਂ ਕਹਿ ਰਿਹਾ ਹਾਂ ਫੋਟੋ ਨਹੀਂ ਦਿਖਾਉਣੀ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਨੇ ਵੀ ਦਿਖਾਈਆਂ ਸੀ, ਮੈਨੂੰ ਵੀ ਦਿਖਾ ਲੈਣ ਦਿਓ।

ਮਾਨਯੋਗ ਸਪੀਕਰ : ਉਹ ਮੈਂ ਐਕਸਪੰਜ ਕਰਵਾ ਦਿੱਤਾ ਸੀ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਮੈਨੂੰ ਹੁਕਮ ਕਰੋ ਤਾਂ ਇਹ ਮੈਂ ਤੁਹਾਨੂੰ ਭਿਜਵਾ ਹੀ ਦਿੰਦਾ ਹਾਂ।

ਮਾਨਯੋਗ ਸਪੀਕਰ : ਭੇਜ ਦੇਣਾ ਜੀ।

ਟਰਾਂਸਪੋਰਟ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) (ਬੈਠੇ-ਬੈਠੇ) : ਤੁਸੀਂ ਘਰ ਜਾ ਕੇ ਕੀ ਦੱਸੋਗੇ ਕਿ ਮਿਹਣੇ ਮਿਹਣੀ ਹੋ ਕੇ ਆਏ ਹੋ, ਪੰਜਾਬ ਬਾਰੇ ਕੋਈ ਗੱਲ ਨਹੀਂ ਕੀਤੀ।

**Not recorded/Expunged as ordered by the Chair.

ਸਰਦਾਰ ਸੁਖਜਿੰਦਰ ਸਿੰਘ : ਇਹ ਛੋਟਾ ਕੰਮ ਹੈ ਜੀ? ਜੇਕਰ ਪੰਜਾਬ ਵਿਚੋਂ ਨਸ਼ਾ ਮੁੱਕ ਜਾਵੇ ਤਾਂ ਸਾਰੀ ਬਿਪਤਾ ਹੀ ਮੁੱਕ ਜਾਂਦੀ ਹੈ।

ਮਾਨਯੋਗ ਸਪੀਕਰ : ਰੰਧਾਵਾ ਜੀ, ਹੁਣ ਕਨਕਲੂਡ ਕਰੋ।

ਸਰਦਾਰ ਸੁਖਜਿੰਦਰ ਸਿੰਘ : ਮੈਂ ਇੱਕੋ ਹੀ ਬੇਨਤੀ ਕਰਦਾ ਹਾਂ, ਬਸ ਸੱਮਅੱਪ ਕਰਨ ਲੱਗਿਆ ਹਾਂ। ਮੁੱਖ ਮੰਤਰੀ ਸਾਹਿਬ, ਮੈਂ ਤੁਹਾਡੇ ਅੱਗੇ ਪਿਛਲੇ ਸੈਸ਼ਨ ਵਿੱਚ ਵੀ ਬੇਨਤੀ ਕੀਤੀ ਸੀ ਕਿ ਸਾਨੂੰ ਇਨ੍ਹਾਂ ਸਾਰਿਆਂ ਨੂੰ ਸ੍ਰੀ ਦਰਬਾਰ ਸਾਹਿਬ ਲੈ ਜਾਵੋ। ਤੁਸੀਂ ਵੱਡੇ ਹੋ, ਤੁਸੀਂ ਕਸਮ ਨਾ ਖਾਓ। ਸਾਨੂੰ ਅੰਦਰ ਵਾੜ ਕੇ ਕਹੋ ਕਿ ਅਸੀਂ ਨਾ ਨਸ਼ਾ ਵੇਚਣਾ ਹੈ, ਨਾ ਨਸ਼ਾ ਵੇਚਣ ਵਾਲਿਆਂ ਦਾ ਸਾਥ ਦੇਣਾ ਹੈ ਅਤੇ ਨਾ ਅਸੀਂ ਇਲੈਕਸ਼ਨ ਵਿੱਚ ਨਸ਼ਾ ਵੇਚਣਾ ਹੈ, ਜੇ ਇਹ ਕਰ ਦਿਓ ਤਾਂ ਅੱਜ ਹੀ ਨਸ਼ਾ ਖਤਮ ਹੋ ਜਾਂਦਾ ਹੈ। ਨਾਲ ਹੀ ਪੰਜਾਬ ਪੁਲਿਸ ਦੀਆਂ ਨਕੇਲਾਂ ਕੱਸ ਦਿਓ ਤਾਂ ਅੱਜ ਹੀ ਨਸ਼ਾ ਖਤਮ ਹੋ ਜਾਵੇਗਾ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਪਰ ਮੈਂ ਇਸ ਮਤੇ ਦੀ ਨਿਖੇਧੀ ਕਰਦਾ ਹਾਂ ਔਰ ਗਵਰਨਰ ਦੇ ਐਡਰੈਸ ਨੂੰ ਬਿਲਕੁਲ ਰੱਦ ਕਰਦਾ ਹਾਂ।

ਮਾਨਯੋਗ ਸਪੀਕਰ : ਹਾਂ ਜੀ, ਜਸਟਿਸ ਸਾਹਿਬ ਜੀ।

ਜਸਟਿਸ ਨਿਰਮਲ ਸਿੰਘ (ਬੱਸੀ ਪਠਾਣਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਪਰ ਮੈਂ ਆਪਣੇ ਵਿਚਾਰ ਰੱਖਣ ਤੋਂ ਪਹਿਲਾਂ ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਗਵਰਨਰ ਇੱਕ ਸੰਸਥਾ ਹੈ। ਉਹ ਸੰਸਥਾ ਨੂੰ ਇੰਡਿਵਿਜੂਅਲੀ ਆਕੂਪਾਈ ਕਰਦਾ ਹੈ ਪਰ ਜਿਸ ਦਿਨ ਗਵਰਨਰ ਸਾਹਿਬ ਇਸ ਸਦਨ ਵਿੱਚ ਐਡਰੈਸ ਕਰਨ ਵਾਸਤੇ ਆਏ ਤਾਂ ਮੈਂ ਦੇਖ ਰਿਹਾ ਸੀ ਕਿ ਉਹ ਐਂਟਰ ਹੋਏ ਤਾਂ ਮੇਰੇ ਸਾਹਮਣੇ ਬੈਠੇ ਮੇਰੇ ਵੀਰ ਤੇ ਭਰਾ ਉਨ੍ਹਾਂ ਤੋਂ ਪਹਿਲਾਂ ਹੀ ਉਠ ਗਏ। ਉਨ੍ਹਾਂ ਨੇ ਆਪਣਾ ਆਸਣ ਵੀ ਗ੍ਰਹਿਣ ਨਹੀਂ ਸੀ ਕੀਤਾ ਪਰ ਇਨ੍ਹਾਂ ਨੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਮੈਨੂੰ ਸਮਝ ਨਹੀਂ ਲਗਦੀ ਕਿ ਇਹ ਜਿਹੜੀ ਕਾਂਗਰਸ ਹੈ, ਕੀ ਸਿਖਾਇਆ ਜਾ ਰਿਹਾ ਹੈ, ਜਿਹੜੇ ਡੈਮੋਕ੍ਰੇਟਿਕ ਪ੍ਰਿੰਸੀਪਲਜ਼ ਹਨ, ਉਨ੍ਹਾਂ ਸਾਰਿਆਂ ਨੂੰ ਤੁਸੀਂ ਭੁੱਲ ਗਏ। ਤੁਸੀਂ ਨੋਕ ਝੋਕ ਜੋ ਕਰਨੀ ਹੈ, ਉਸ ਤੋਂ ਬਾਅਦ ਕਰੋ ਪ੍ਰੰਤੂ ਗਵਰਨਰ ਕਿਸੇ ਪਾਰਟੀ ਦਾ ਨਹੀਂ। ਉਹ ਇੰਡੀਪੈਂਡੈਂਟ, ਇੰਡਿਵਿਜੂਅਲ ਸੰਸਥਾ ਦਾ ਮੁੱਖੀ ਹੈ।

ਉਨ੍ਹਾਂ ਨੇ ਆਪਣਾ ਐਡਰੈਸ ਦੇਣਾ ਹੈ ਅਤੇ ਅਸੀਂ ਉਸ ਤੇ ਵਿਚਾਰ ਕਰਨਾ ਹੈ। ਪ੍ਰੰਤੂ ਇਹ ਜਿਹੜੇ ਤੁਸੀਂ ਡੈਮੋਕ੍ਰੇਟਿਕ ਪ੍ਰਿੰਸੀਪਲਜ਼ ਨੂੰ ਭੁੱਲ ਰਹੇ ਹੋ, ਉਸ ਦਾ ਨਤੀਜਾ ਹੈ ਕਿ ਅੱਜ ਤੁਸੀਂ ਹਿੰਦੁਸਤਾਨ ਵਿਚੋਂ ਕਿਤੇ ਲੱਭ ਨਹੀਂ ਰਹੇ। ਲੋਕ ਸਭਾ ਵਿੱਚ ਪਹਿਲਾਂ ਤੁਹਾਡੀਆਂ ਕਿੰਨੀਆਂ ਸੀਟਾਂ ਸੀ ਪਰ ਅੱਜ 44 ਸੀਟਾਂ ਤੇ ਆ ਗਏ ਹੋ। ਹੁਣੇ ਹੁਣੇ ਪੰਜਾਬ ਵਿੱਚ ਮਿਉਂਸਿਪਲ ਕਾਰਪੋਰੇਸ਼ਨ ਅਤੇ ਨਗਰ ਪੰਚਾਇਤਾਂ ਦੇ ਇਲੈਕਸ਼ਨ ਹੋਏ, ਉਥੇ ਵੀ ਤੁਸੀਂ ਨਹੀਂ ਲੱਭ ਰਹੇ। ਇਸ ਦਾ ਕਾਰਨ ਇੱਕੋ ਹੀ ਹੈ ਕਿ ਅਸੀਂ, ਜਿਸ ਸੰਸਥਾ ਵਾਸਤੇ ਚੁਣ ਕੇ ਭੇਜੇ ਹਾਂ, ਉਸ ਪ੍ਰਤੀ ਸਨਸੀਅਰ ਨਹੀਂ ਹਾਂ। ਤੁਸੀਂ ਬੜਾ ਰੌਲਾ ਪਾਉਂਦੇ ਹੋ। ਹਰ ਵਾਰੀ ਮੈਨੂੰ ਇੱਕ ਗੱਲ ਸੁਣਨ ਨੂੰ ਮਿਲਦੀ ਹੈ ਕਿ ਸੈਸ਼ਨ ਬੜਾ ਛੋਟਾ ਹੁੰਦਾ ਹੈ। ਥੋੜ੍ਹੇ ਦਿਨਾਂ ਦਾ ਸੈਸ਼ਨ ਹੁੰਦਾ ਹੈ, ਸਾਨੂੰ ਬੋਲਣ ਦਾ ਮੌਕਾ ਨਹੀਂ ਮਿਲਦਾ। ਪਰੰਤੂ ਦੇਖਣ ਵਿੱਚ ਆਇਆ ਕਿ ਜਿਹੜਾ ਸਮਾਂ ਹੈ ਉਸ ਨੂੰ ਅਸੀਂ ਵਿਅਰਥ ਵਿੱਚ ਹੀ ਗਵਾ ਦਿੰਦੇ ਹਾਂ, ਉਸ ਨੂੰ ਪਾਜ਼ੇਟਿਵ, ਕੰਸਟਰਕਟਿਵ ਵਰਕ ਵਾਸਤੇ ਯੂਜ਼ ਕਰ ਸਕਦੇ ਹਾਂ। ਇਹ ਸਿਰਫ ਤੇ ਸਿਰਫ ਜੋ ਉਸ ਦਿਨ ਨਾਅਰੇ ਲੱਗੇ ਹਨ, ਜੇ ਤੁਸੀਂ ਇਹ ਖਬਰ ਬਣਾਉਣੀ ਸੀ, ਖਬਰ ਤਾਂ ਤੁਸੀਂ ਬਾਹਰ ਵੀ ਬਣਾ ਸਕਦੇ ਸੀ। ਤੁਸੀਂ ਸਦਨ ਵਿੱਚ ਆਉਂਦੇ ਹੀ ਨਾ, ਤੁਹਾਡੀ ਖਬਰ ਬਾਹਰ ਫਿਰ ਵੀ ਬਣ ਜਾਣੀ ਸੀ ਪ੍ਰੰਤੂ ਗਵਰਨਰ ਦੀ ਡਿਸਰਿਸਪੈਕਟ ਕਰਨਾ ਇਹ ਬਹੁਤ ਵੱਡੀ ਸੋਚਣ ਵਾਲੀ ਗੱਲ ਹੈ। ਉਸ ਬਾਰੇ ਮੇਰੇ ਇੱਕ ਵੀਰ ਨੇ ਪ੍ਰਿਵਲੇਜ ਮੋਸ਼ਨ ਵੀ ਲਿਆਂਦਾ ਹੈ, ਜਿਸ ਤੇ ਬਾਅਦ ਵਿੱਚ ਵਿਚਾਰ ਕੀਤੀ ਜਾਵੇਗੀ। ਮੈਂ ਇਥੇ ਬੈਠੇ ਭੈਣ ਭਰਾਵਾਂ ਨੂੰ ਇੱਕ ਸੁਜੈਸ਼ਨ ਹੀ ਦੇ ਸਕਦਾ ਹਾਂ ਕਿ ਸਾਨੂੰ ਡੈਮੋਕ੍ਰੇਟਿਕ ਪ੍ਰਿੰਸੀਪਲਜ਼ ਨੂੰ ਫਾਲੋ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਆਉਣ ਵਾਲੀ ਜੈਨਰੇਸ਼ਨ ਵਾਸਤੇ ਰੋਲ ਮਾਡਲ ਬਣ ਕੇ ਪਿੱਛੇ ਛੱਡ ਕੇ ਜਾਈਏ।

ਸਪੀਕਰ ਸਾਹਿਬ, ਹੁਣ ਮੈਂ ਆਪਣੇ ਵਿਚਾਰ ਗਵਰਨਰ ਸਾਹਿਬ ਦੇ ਐਡਰੈਸ ਤੇ ਰੱਖਾਂਗਾ। ਪੰਜਾਬ ਖੁਸ਼ਕਿਸਮਤ ਹੈ ਕਿ ਪੰਜਾਬ ਦੇ ਲੋਕਾਂ ਨੇ ਪੰਜਵੀਂ ਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਸੂਬੇ ਦੀ ਵਾਗਡੋਰ ਸੰਭਾਲੀ ਹੈ। ਪਿਛਲੇ ਅੱਠ ਸਾਲਾਂ ਤੋਂ ਜਿਹੜੀਆਂ ਉਨ੍ਹਾਂ ਨੇ ਸਕੀਮਾਂ ਬਣਾਈਆਂ, ਚਾਹੇ ਇਹ ਕਿਸੇ ਵੀ ਵਰਗ ਦੀਆਂ ਹਨ, ਗਰੀਬ ਵਰਗ ਦੀਆਂ ਹਨ, ਕਿਸਾਨ ਦੀਆਂ ਹਨ, ਮਜ਼ਦੂਰਾਂ ਦੀਆਂ ਹਨ, ਇੰਪਲਾਈਜ਼ ਦੀਆਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਹੈ। ਮੇਰੇ ਭਰਾ ਇਸ ਤੇ ਸ਼ਾਇਦ ਕੋਈ ਨੁਕਤਾਚੀਨੀ ਵੀ ਕਰਨ । ਪਰ ਮੈਂ ਤੁਹਾਨੂੰ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਅੱਜ ਹੀ ਅਸੀਂ ਇਸ ਸਦਨ ਵਿਚ ਧੰਨਵਾਦ ਦਾ ਮਤਾ

[ਜਸਟਿਸ ਨਿਰਮਲ ਸਿੰਘ]

ਪਾਸ ਕੀਤਾ ਹੈ ਕਿ ਰਾਸ਼ਟਰਪਤੀ ਜੀ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਅਵਾਰਡ ਨਾਲ ਸਨਮਾਨਿਤ ਕੀਤਾ ਹੈ, ਉਨ੍ਹਾਂ ਨੂੰ ਕੌਮ ਨੇ ਫਖਰ-ਏ-ਕੌਮ ਦਾ ਖਿਤਾਬ ਦਿੱਤਾ ਹੈ। ਇਹ ਜਿਹੜਾ ਸਭ ਕੁਝ ਹੈ, ਇਹ ਉਨ੍ਹਾਂ ਦੀ ਮਿਹਨਤ, ਉਨ੍ਹਾਂ ਦੀ ਸੋਚ, ਉਨ੍ਹਾਂ ਦੇ ਕੰਮ ਕਰਨ ਦਾ, ਗਰੀਬਾਂ ਵਾਸਤੇ ਕਿ 'ਰਾਜ ਨਹੀਂ ਸੇਵਾ' ਦੀ ਜਿਹੜੀ ਸੋਚ ਹੈ ਉਸ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਜੋ ਕੀਤਾ ਹੈ ਉਸ ਦਾ ਨਤੀਜਾ ਇਨ੍ਹਾਂ ਨੂੰ ਪਦਮ ਵਿਭੂਸ਼ਣ ਦੀ ਪਦਵੀ ਦਿੱਤੀ ਗਈ ਹੈ ਤੇ ਕੌਮ ਨੇ ਉਨ੍ਹਾਂ ਨੂੰ ਫਖਰ-ਏ-ਕੌਮ ਦਾ ਖਿਤਾਬ ਦਿੱਤਾ ਹੈ। (ਰੂਲਿੰਗ ਪਾਰਟੀ ਵਲੋਂ ਥੰਪਿੰਗ) ਉਨ੍ਹਾਂ ਨੇ ਗਰੀਬ ਵਰਗ ਦੀਆਂ ਸਮੱਸਿਆਵਾਂ ਨੂੰ ਪਿੰਡ ਪਿੰਡ, ਸ਼ਹਿਰ ਸ਼ਹਿਰ ਜਾ ਕੇ ਸੁਲਝਾਇਆ ਹੈ। ਉਨ੍ਹਾਂ ਨੇ ਸੰਗਤ ਦਰਸ਼ਨ ਦੇ ਰੂਪ ਵਿਚ ਸਮੱਸਿਆਵਾਂ ਨੂੰ ਸੁਲਝਾਇਆ ਹੈ ਤਾਂ ਉਸ ਤੇ ਵੀ ਤੁਹਾਨੂੰ ਇਤਰਾਜ਼ ਹੋ ਜਾਂਦਾ ਹੈ ਕਿ ਸੰਗਤ ਦਰਸ਼ਨ ਕਿਉਂ ਕਰਦੇ ਹਨ? ਸੰਗਤ ਦਰਸ਼ਨ ਦਾ ਮਤਲਬ ਇਹ ਹੈ ਕਿ ਪਬਲਿਕ ਉਥੇ ਆਪਣੇ ਗਰੀਵੈਂਸਿਜ਼ ਲੈ ਕੇ ਆਵੇ ਤੇ ਉਨ੍ਹਾਂ ਨੂੰ ਚੰਡੀਗੜ੍ਹ ਜਾਂ ਡਿਸਟ੍ਰਿਕਟ ਹੈੱਡ ਕੁਆਰਟਰਾਂ ਦੇ ਉਤੇ ਗੇੜੇ ਨਾ ਮਾਰਨੇ ਪੈਣ, ਚੱਕਰ ਨਾ ਮਾਰਨੇ ਪੈਣ ਤੇ ਉਨ੍ਹਾਂ ਦਾ ਉਥੇ ਹੀ ਨਿਪਟਾਰਾ ਕੀਤਾ ਜਾ ਸਕੇ। ਮੈਂ ਹਾਊਸ ਨੂੰ ਇਕ ਬੇਨਤੀ ਕਰਾਂਗਾ ਕਿ ਭਾਵੇਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਰਾਸ਼ਟਰਪਤੀ ਜੀ ਨੇ ਪਦਮ ਵਿਭੂਸ਼ਣ ਦਾ ਅਵਾਰਡ ਦਿੱਤਾ ਹੈ ਪਰ ਮੇਰੇ ਹਿਸਾਬ ਵਿੱਚ ਉਨ੍ਹਾਂ ਨੂੰ ਭਾਰਤ ਰਤਨ ਦੇ ਖਿਤਾਬ ਨਾਲ ਨਿਵਾਜਿਆ ਜਾਣਾ ਚਾਹੀਦਾ ਹੈ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਕਿਉਂਕਿ ਉਨ੍ਹਾਂ ਦੀ ਪੰਜਾਬ ਲਈ ਸਭ ਤੋਂ ਵੱਡੀ ਜਿਹੜੀ ਕੰਟਰੀਬਿਊਸ਼ਨ ਹੈ ਉਹ ਪੰਜਾਬ ਦਾ ਭਾਈਚਾਰਕ ਸ਼ਾਂਤੀ ਦਾ ਮਾਹੌਲ ਬਣਾ ਕੇ ਰੱਖਣ ਦੀ ਹੈ। ਸਾਊਥ ਦੀਆਂ ਸਟੇਟਾਂ ਨੂੰ ਕੰਸੀਡਰ ਕੀਤਾ ਜਾਂਦਾ ਸੀ ਕਿ ਉਹ ਬਹੁਤ ਪੀਸਫੁੱਲ ਸਟੇਟਾਂ ਹਨ ਤੇ ਉਨ੍ਹਾਂ ਸਟੇਟਾਂ ਵਿਚ ਰਹਿਣਾ ਬੜਾ ਸੁਖਦਾਈ ਹੈ ਪਰੰਤੂ ਅੱਜ ਜਿਹੜੇ ਲੋਕ ਬਾਹਰੋਂ ਆਉਂਦੇ ਹਨ ਭਾਵੇਂ ਉਹ ਯੂ.ਪੀ. ਦੇ ਹਨ ਜਾਂ ਬਿਹਾਰ ਦੇ ਹਨ ਤਾਂ ਜਿਹੜੇ ਸਰਵੇ ਆ ਰਹੇ ਹਨ ਕਿ ਪੰਜਾਬ ਸਭ ਤੋਂ ਪੀਸਫੁੱਲ ਸਟੇਟ ਹੈ । ਇਸ ਕਰਕੇ ਇਨ੍ਹਾਂ ਨੂੰ ਪੰਜਾਬ ਵਿਚ ਪੀਸ ਰੱਖਣ ਵਾਸਤੇ ਭਾਰਤ ਰਤਨ ਨਾਲ ਨਿਵਾਜਿਆ ਜਾਣਾ ਚਾਹੀਦਾ ਹੈ ਤੇ ਸਾਨੂੰ ਸਾਰਿਆਂ ਨੂੰ ਇਸ ਬਾਰੇ ਹਾਊਸ ਵਿਚ ਸਰਬਸੰਮਤੀ ਨਾਲ ਇਕ ਮਤਾ ਪਾਉਣਾ ਚਾਹੀਦਾ ਹੈ।

ਦੂਸਰਾ, ਗਵਰਨਰ ਸਾਹਿਬ ਐਡਰੈਸ ਤੇ ਜੋ ਬੀਬੀ ਜਗੀਰ ਕੌਰ ਤੇ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ ਨੇ ਆਪਣੇ ਵਿਚਾਰ ਰੱਖੇ ਹਨ। ਉਨ੍ਹਾਂ ਨੇ ਬੜੇ ਵਿਸਥਾਰ ਪੂਰਵਕ ਹਰ ਪੁਆਇੰਟ ਨੂੰ ਟੱਚ ਕੀਤਾ ਹੈ। ਗਵਰਨਰ ਸਾਹਿਬ ਨੇ

ਜਿਹੜੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਸਨ ਉਹ ਸਾਰੀਆਂ ਆਪਣੇ ਐਡਰੈਸ ਵਿਚ ਦੱਸੀਆਂ ਹਨ, ਭਾਵੇਂ ਉਹ ਸਿੰਜਾਈ ਬਾਰੇ ਹੈ, ਭਾਵੇਂ ਖੇਤੀਬਾੜੀ ਬਾਰੇ ਹੈ, ਭਾਵੇਂ ਟਰਾਂਸਪੋਰਟ ਬਾਰੇ ਹੈ, ਰੋਡਜ਼ ਬਾਰੇ ਹੈ ਜਾਂ ਹੈਲਥ ਬਾਰੇ ਹੈ। ਉਨ੍ਹਾਂ ਨੇ ਜਿੰਨੇ ਵੀ ਸਬਜੈਕਟ ਛੋਹੇ ਹਨ, ਉਨ੍ਹਾਂ ਵਿਚ ਉਨ੍ਹਾਂ ਨੇ ਪੰਜਾਬ ਦੀ ਸਥਿਤੀ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਹੈ। ਪਰੰਤੂ ਪਹਿਲਾਂ ਹੀ ਹਾਊਸ ਵਿਚ ਨਸ਼ਿਆਂ ਬਾਰੇ, ਕੈਂਸਰ ਬਾਰੇ ਬੜੀ ਡਿਟੇਲ ਵਿਚ ਡਿਸਕਸ਼ਨ ਹੋ ਗਈ ਹੈ ਮੈਂ ਉਨ੍ਹਾਂ ਸਾਰੇ ਮੁੱਦਿਆਂ ਨੂੰ ਟੱਚ ਨਹੀਂ ਕਰਾਂਗਾ। ਮੈਂ ਤਾਂ ਸਿਰਫ ਤੇ ਸਿਰਫ ਇੱਕ ਮੁੱਦਾ ਜਿਹੜਾ ਗਵਰਨਰ ਸਾਹਿਬ ਨੇ ਖਾਸ ਤੌਰ ਤੇ ਚੁੱਕਿਆ ਹੈ ਉਹ ਹੈ ਪੰਜਾਬ ਨਾਲ ਵਿਤਕਰਾ, ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਵੰਡਵਾਰਾ ਰਿਪੇਰੀਅਨ ਲਾਅ ਦੇ ਮੁਤਾਬਿਕ ਨਹੀਂ ਹੋ ਰਿਹਾ। ਉਨ੍ਹਾਂ ਨੇ ਆਪਣੇ ਐਡਰੈਸ ਦੇ ਪੈਰ੍ਹਾ ਨੰ: 9 ਉਤੇ ਇਸ ਸਦਨ ਵਿਚ ਸਪੈਸੇਫਿਕ ਪੜ੍ਹਿਆ ਹੈ ਜੋ ਕਿ ਰਿਪੇਰੀਅਨ ਲਾਅ ਮੁਤਾਬਿਕ ਪਾਣੀ ਦੀ ਵੰਡ ਬਾਰੇ ਹੈ । ਸਪੀਕਰ ਸਾਹਿਬ, ਜਿਹੜਾ ਪੰਜਾਬ ਦਾ ਪਾਣੀ ਹੈ ਕਿਉਂਕਿ ਸਾਡੇ ਕੋਲ ਕੋਈ ਹੋਰ ਮਿਨਰਲ ਨਹੀਂ ਹੈ ਅਤੇ ਪੰਜਾਬ ਇੱਕ ਲੈਂਡ-ਲਾਕ ਸਟੇਟ ਹੈ , ਗੁਜਰਾਤ ਵਾਂਗ ਅਸੀਂ ਲੱਕੀ ਨਹੀਂ ਹਾਂ ਕਿ ਸਾਨੂੰ ਸਮੁੰਦਰ ਲੱਗਦਾ ਹੈ । ਸਾਡਾ ਸਾਰੇ ਦਾ ਸਾਰਾ ਜਿਹੜਾ ਦਾਰੋਮਦਾਰ ਹੈ ਉਹ ਪਾਣੀ ਉਤੇ ਹੈ। ਜੇ ਪਾਣੀ ਦੀ ਗੱਲ ਕਰੀਏ, ਦਰਿਆਵਾਂ ਦੀ ਗੱਲ ਕਰੀਏ ਤਾਂ ਮੈਂ ਸਪੀਕਰ ਸਾਹਿਬ, ਥੋੜ੍ਹੀ ਜਿਹੀ ਇਜਾਜ਼ਤ ਲਵਾਂਗਾ ਕਿ ਹਿਸਟਰੀ ਬਾਰੇ ਗੱਲ ਕਰਾਂ ਕਿ ਜਦੋਂ ਅਸੀਂ ਅਜ਼ਾਦ ਹੋਏ ਤਾਂ ਉਸ ਤੋਂ ਪਹਿਲਾਂ ਪੰਜ ਦਰਿਆ ਸੀ ਪਰੰਤੂ ਪੰਜ ਵਿਚੋਂ ਦੋ ਦਰਿਆ ਪਾਕਿਸਤਾਨੀ ਪੰਜਾਬ ਵਿਚ ਚਲੇ ਗਏ ਤੇ ਜਿਹੜੇ ਤਿੰਨ ਦਰਿਆ ਸਨ ਤਾਂ ਉਹ ਭਾਰਤੀ ਪੰਜਾਬ, ਜਿਹੜਾ ਸਾਡਾ ਪੰਜਾਬ ਹੈ ਜਿਸ ਨੂੰ ਈਸਟ ਪੰਜਾਬ ਕਿਹਾ ਜਾਂਦਾ ਸੀ ਉਸ ਵਿਚ ਆਏ । ਜਦੋਂ ਉਸ ਤੋਂ ਬਾਅਦ ਪਾਣੀਆਂ ਦਾ ਝਗੜਾ ਹੋਇਆ, ਇੰਡਸ ਵਾਟਰ ਕਮਿਸ਼ਨ ਬਣਿਆ ।ਭਾਰਤ ਦਾ ਪੱਖ ਉਸ ਕਮਿਸ਼ਨ ਵਿੱਚ ਮਿ. ਗੁਲਾਟੀ ਨੇ ਰੱਖਿਆ। ਉਸ ਵਕਤ ਸਾਡੇ ਕੋਲ ਲਗਭਗ ਸਾਰੇ ਦਰਿਆਵਾਂ ਦਾ ਟੋਟਲ ਪਾਣੀ 170 ਐਮ.ਏ.ਐਫ. ਸੀ। ਇਸ ਵਿੱਚ ਗੰਗਾ ਘਾਟੀ ਦੀ ਜਮਨਾ ਨਦੀ ਦਾ 5.6 ਐਮ.ਏ.ਐਫ. ਪਾਣੀ ਆਉਂਦਾ ਸੀ ਕਿਉਂਕਿ ਓਲਡ ਪੰਜਾਬ ਵਿੱਚ ਗੰਗਾ ਬੇਸਿਨ ਦਾ ਪਾਣੀ ਸ਼ਾਮਲ ਸੀ। ਇਸ ਕਰਕੇ ਸਾਡੇ ਪੰਜਾਬ ਕੋਲ ਟੋਟਲ 170 ਐਮ.ਏ.ਐਫ. ਪਾਣੀ ਸੀ। ਜਦੋਂ ਮਿ. ਗੁਲਾਟੀ ਇੰਡਸ ਵਾਟਰ ਕਮਿਸ਼ਨ ਵਿੱਚ ਪੱਖ ਪੇਸ਼ ਕਰ ਰਹੇ ਸੀ, ਉਸ ਵਕਤ ਰਾਜਸਥਾਨ ਨੂੰ ਪਾਣੀ ਨਹੀਂ ਜਾਂਦਾ ਸੀ। ਉਨ੍ਹਾਂ ਨੇ ਸੈਂਟਰ ਗੌਰਮਿੰਟ ਨੂੰ ਇਕ ਪ੍ਰਪੋਜ਼ਲ ਭੇਜੀ

[ਜਸਟਿਸ ਨਿਰਮਲ ਸਿੰਘ]

ਕਿ ਇਹੋ ਜਿਹੀ ਸਕੀਮ ਬਣਾਈ ਜਾਵੇ ਜਿਸ ਨਾਲ ਰਾਜਸਥਾਨ ਨੂੰ ਪਾਣੀ ਜਾਵੇ। ਇਸ ਵਾਸਤੇ ਅਫ਼ਸਰ ਲੈਵਲ ਤੇ ਸਾਲ 1954 ਵਿੱਚ ਮੀਟਿੰਗ ਹੋਈ। ਉਸ ਮੀਟਿੰਗ ਵਿੱਚ 8 ਐਮ.ਏ.ਐਫ. ਪਾਣੀ ਰਾਜਸਥਾਨ ਨੂੰ ਦਿੱਤਾ ਗਿਆ। ਉਸੇ ਦਿੱਤੇ ਪਾਣੀ ਨੂੰ ਬਾਕੀ ਦੇ ਐਗਰੀਮੈਂਟਾਂ ਵਿੱਚ ਅਧਾਰ ਬਣਾਇਆ ਗਿਆ ਪਰੰਤੂ ਨਾ ਤਾਂ ਅਫ਼ਸਰ ਲੈਵਲ ਕਮੇਟੀ ਦੀ ਮੀਟਿੰਗ ਵਿੱਚ ਅਤੇ ਨਾ ਹੀ ਸਬਸੀਕੁਐਂਟਲੀ ਵਿਧਾਨ ਸਭਾ ਵਿੱਚ ਇਸ ਬਾਰੇ ਕਦੇ ਕੋਈ ਮਤਾ ਆਇਆ ਹੈ। ਸਬਸੀਕੁਐਂਟਲੀ ਮਿਤੀ 29.1.1955 ਵਿੱਚ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜਦੋਂ ਸੈਂਟਰ ਵਿੱਚ ਇਰੀਗੇਸ਼ਨ ਮਨਿਸਟਰ ਸਨ ਉਨ੍ਹਾਂ ਨੇ ਇਕ ਮੀਟਿੰਗ ਬੁਲਾਈ। ਜਿਸ ਵਿੱਚ ਚੌਧਰੀ ਲਹਿਰੀ ਸਿੰਘ ਜੀ, ਜੋ ਪੈਪਸੂ ਸਟੇਟ ਦੇ ਮਨਿਸਟਰ ਸਨ ਅਤੇ ਸਰਦਾਰ ਸਵਰਨ ਸਿੰਘ ਜਿਹੜੇ ਪੰਜਾਬ ਦੇ ਮਨਿਸਟਰ ਸਨ, ਉਨ੍ਹਾਂ ਨੇ ਇਸ ਵਿਚ ਪਾਰਟੀਸੀਪੇਟ ਕੀਤਾ..

ਮਾਨਯੋਗ ਸਪੀਕਰ : ਜਸਟਿਸ ਨਿਰਮਲ ਸਿੰਘ ਜੀ, ਇਕ ਮਿੰਟ। ਜੇ ਕਰ ਸਦਨ ਦੀ ਸਹਿਮਤੀ ਹੋਵੇ ਤਾਂ ਹਾਊਸ ਦੀ ਬੈਠਕ ਦਾ 7.30 ਵਜੇ ਤੱਕ ਸਮਾਂ ਵਧਾ ਲਿਆ ਜਾਵੇ।

(ਅਵਾਜ਼ਾਂ : ਕੱਲ੍ਹ ਹੀ ਕਰ ਲਿਆ ਜਾਵੇ।)

ਮਾਨਯੋਗ ਸਪੀਕਰ : ਕੱਲ੍ਹ ਇਕੱਠੇ ਦੋ ਘੰਟੇ ਕਰਨੇ ਪੈਣਗੇ।

(ਅਵਾਜ਼ਾਂ : ਕੱਲ੍ਹ ਹੀ ਕਰ ਲਿਆ ਜਾਵੇ।)

ਮਾਨਯੋਗ ਸਪੀਕਰ : ਠੀਕ ਹੈ ਜੀ। ਅੱਜ ਮਿਤੀ 16.3.2015 ਦੇ ਵਿਧਾਨ ਸਭਾ ਸਮਾਗਮ ਦੌਰਾਨ ਬੀਬੀ ਜਗੀਰ ਕੌਰ ਜੀ ਨੇ ਆਪਣੇ ਭਾਸ਼ਣ ਦੌਰਾਨ ਹੇਠ ਲਿਖੇ ਸ਼ਬਦਾਂ ਦਾ ਇਸਤੇਮਾਲ ਕੀਤਾ :-

ਫੇਰ ਤਾਂ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਆਪਣੀ ਪਾਰਟੀ ਵਿਚੋਂ **ਕੱਢ ਦਿੱਤਾ, ਇਹ ** ਲਫ਼ਜ਼ ਐਕਸਪੰਜ ਕਰ ਦਿੱਤਾ ਜਾਵੇ।

ਨਾਂ ** ਵੀ ਕੱਟ ਦਿੱਤਾ ਜਾਵੇ। ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਬੋਲਦਿਆਂ ਹੋਇਆ ਲਫ਼ਜ਼ ਇਸਤੇਮਾਲ ਕੀਤਾ, ਇਹ ਲਫ਼ਜ਼ ਵੀ ਐਕਸਪੰਜ ਕਰ ਦਿੱਤੇ ਜਾਣ।

ਜੇ ਇਨ੍ਹਾਂ ਨੂੰ ਇੰਨੀ ਦੇਰ ਤੋਂ ਪਤਾ ਸੀ ਕਿ ** ਅਜਿਹੇ ਕੰਮ ਕਰਦਾ ਸੀ ਇਹ ਨਾਂ ਵੀ ਐਕਸਪੰਜ ਕੀਤਾ ਜਾਵੇ।

**Expunged as ordered by the Chair.

ਇਹ ਦੱਸਣਾ ਉਚਿਤ ਹੈ ਕਿ ਇਹ ਲਫ਼ਜ਼ ਅਨਪਾਰਲੀਮੈਂਟਰੀ ਹਨ। ਇਸ ਤੋਂ ਇਲਾਵਾ ਸਦਨ ਦੀ ਕਾਰਵਾਈ ਦੌਰਾਨ ਜਿਹੜਾ ਵਿਅਕਤੀ ਸਦਨ ਵਿੱਚ ਹਾਜ਼ਰ ਨਾ ਹੋਵੇ, ਉਸ ਦਾ ਨਾਂ ਸਦਨ ਵਿੱਚ ਨਹੀਂ ਲਿਆ ਜਾ ਸਕਦਾ। ਇਸ ਲਈ ਉਕਤ ਨਾਂ ਅਤੇ ਹੋਰ ਵੀ ਜਿਹੜੇ ਅਨਪਾਰਲੀਮੈਂਟਰੀ ਲਫ਼ਜ਼ ਕਹੇ ਗਏ ਹਨ, ਉਹ ਕਾਰਵਾਈ ਵਿਚੋਂ ਕੱਢ ਦਿੱਤੇ ਜਾਣ। ਮੈਂ ਇਹ ਵੀ ਸਮਝਦਾ ਹਾਂ ਕਿ ਇਹ ਬਹੁਤ ਮਾੜੀ ਗੱਲ ਹੈ। ਆਪਾਂ ਕਈ ਵਾਰ ਬੋਲਦੇ ਬੋਲਦੇ ਕਹਿ ਜਾਂਦੇ ਹਾਂ ਅਤੇ ਖਿਆਲ ਨਹੀਂ ਕਰਦੇ। ਅੱਜ ਮਿਤੀ 16.3.2015 ਦੇ ਵਿਧਾਨ ਸਭਾ ਸਮਾਗਮ ਦੌਰਾਨ ਸਰਦਾਰ ਬਲਵਿੰਦਰ ਸਿੰਘ ਬੈਂਸ ਨੇ ਮਾਨਯੋਗ ਸਪੀਕਰ ਨੂੰ ਸੰਬੋਧਨ ਕਰਦੇ ਹੋਏ ਹੇਠ ਲਿਖੇ ਲਫ਼ਜ਼ਾਂ ਦਾ ਇਸਤੇਮਾਲ ਕੀਤਾ :-

ਸਪੀਕਰ ਸਾਹਿਬ, ਤੁਸੀਂ ਤਾਂ ਆ ਗਏ। ਇਸ ਤਰ੍ਹਾਂ ਨਾ ਕਰੋ।** ਮੈਂ ਹਮੇਸ਼ਾ ਮਰਿਆਦਾ ਨਾਲ ਹੀ ਚਲਾਉਂਦਾ ਹਾਂ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਇਸ ਬਾਰੇ ਸਫ਼ਾਈ ਦੇਣਾ ਚਾਹੁੰਦਾ ਹਾਂ। ਪਿਛਲੇ ਹਾਊਸ ਦਾ ਤੁਸੀਂ ਸਾਰਾ ਰਿਕਾਰਡ ਕਢਾ ਕੇ ਦੇਖ ਲਓ। ਤੁਸੀਂ ਸਾਨੂੰ ਇੱਕ ਮਿੰਟ ਦਾ ਟਾਈਮ ਨਹੀਂ ਦਿੱਤਾ।

ਮਾਨਯੋਗ ਸਪੀਕਰ : ਅਜਿਹੀ ਕੋਈ ਗੱਲ ਨਹੀਂ ਹੈ। ਤੁਸੀਂ ਫੇਰ ਉਲਟ ਗੱਲ ਕਰਦੇ ਹੋ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਨੂੰ ਇਹ ਤਾਂ ਕਹਿਣਾ ਪਿਆ ਕਿ ਤੁਸੀਂ ਚਾਹੋ ਇਨ੍ਹਾਂ ਨੂੰ ਐਕਸਪੰਜ ਕਰਵਾ ਦਿਓ।

ਮਾਨਯੋਗ ਸਪੀਕਰ : ਤੁਹਾਡੇ ਕਹਿਣ ਜਾਂ ਨਾ ਕਹਿਣ ਨਾਲ ਇਹ ਨਹੀਂ ਹੋਣਾ। ਹਾਂ ਜੀ, ਜਸਟਿਸ ਨਿਰਮਲ ਸਿੰਘ ਜੀ, ਹੁਣ ਸਮਾਂ ਹੋ ਗਿਆ ਹੈ, ਤੁਸੀਂ ਆਪਣੀ ਸਪੀਚ ਮਿਤੀ 17 ਮਾਰਚ, 2015 ਨੂੰ ਕੰਟੀਨਿਊ ਕਰਨਾ। ਹੁਣ ਸਦਨ ਮੰਗਲਵਾਰ, ਮਿਤੀ 17 ਮਾਰਚ, 2015 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*6.30 ਵਜੇ ਸ਼ਾਮ

(*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 17 ਮਾਰਚ, 2015 ਦੇ ਸ਼ਾਮ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

** Expunged as ordered by the Chair..

©2015

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8692/07-2015(5)